







ਅੰਦਰਲੀ ਖ਼ਬਰ
ਅਬੋਹਰ ਦੇ ਨਾਮੀ ਸਕੂਲਾਂ ਨੂੰ ਮਿਲੀ ਬੰਬ ਦੀ ਧਮਕੀ, ਮਚੀ ਹਫੜਾ-ਦਫੜੀ! ਬੱਚਿਆਂ ਨੂੰ ਕੀਤੀ ਛੁੱਟੀ 05

ਅੰਦਰਲੀ ਖ਼ਬਰ
'ਦਿਸ਼ਾ' ਵੱਲੋਂ ਸੁਰਿੰਦਰ ਗਿੱਲ ਜੈਪਾਲ ਦੀ ਪੁਸਤਕ 'ਪੌਣਾ ਮੀਲ ਸਰਹੱਦ' ਉੱਪਰ ਕਰਵਾਈ ਗਈ ਵਿਚਾਰ-ਚਰਚਾ 07





ਪੰਨਾ ਨੰ.:6 ਲੇਖ
ਜੰਤਰ ਮੰਤਰ ਲਾਠੀਚਾਰਜ...





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611

30 ਜੁਲਾਈ ਤੋਂ 05 ਅਗਸਤ, 2026

Email :- editor@punjabstar.com, Vo. 20. Issue:1248


## ਕੈਨੇਡਾ ਵੱਲੋਂ ਸੈਂਕੜੇ ਪੰਜਾਬੀਆਂ ਨੂੰ ਕੋਰਾ ਜਵਾਬ

* ਬੋਰੀ-ਬਿਸਤਰਾ ਬੰਨ੍ਹ ਲਓ ਦਾ ਕੀਤਾ ਇਸ਼ਾਰਾ
* ਇੰਮੀਗ੍ਰੇਸ਼ਨ ਮੰਤਰੀ ਨੇ ਐਲਾਨੀ ਨਵੀਂ ਪਾਸਪੋਰਟ ਨੀਤੀ



ਵੈਨਕੂਵਰ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿਚ ਭੁੱਖ ਹੜਤਾਲ 'ਤੇ ਬੈਠੇ ਪੰਜਾਬੀ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਰਾਹਤ ਦੇਣ ਤੋਂ ਸਾਫ਼ ਨਾਂਹ ਕਰਦਿਆਂ ਇੰਮੀਗ੍ਰੇਸ਼ਨ ਮੰਤਰੀ ਲੀਨਾ ਡਿਐਬ ਨੇ ਕਿਹਾ ਹੈ ਕਿ ਪੋਸਟ ਗ੍ਰੈਜੁਏਟ ਵਰਕ ਪਰਮਿਟ ਲਈ ਯੋਗਤਾ ਸ਼ਰਤਾਂ ਵਿਚ ਨਵੰਬਰ 2024 ਤੋਂ ਬਾਅਦ ਕੋਈ ਤਬਦੀਲੀ ਨਹੀਂ ਕੀਤੀ ਗਈ। ਇੰਮੀਗ੍ਰੇਸ਼ਨ ਮੰਤਰੀ ਨੇ ਮੰਨਿਆ ਕਿ ਇੰਟਰਨੈਸ਼ਨਲ ਸਟੂਡੈਂਟਸ ਦਾ ਕੈਨੇਡੀਅਨ ਅਰਥਚਾਰੇ ਵਿਚ ਵੱਡਾ ਯੋਗਦਾਨ ਹੈ ਅਤੇ ਕੈਨੇਡਾ ਸਰਕਾਰ ਕੌਮਾਂਤਰੀ ਵਿਦਿਆਰਥੀਆਂ ਦੇ ਮਸਲੇ ਸੁਲਝਾਉਣ ਲਈ ਰਾਜ ਸਰਕਾਰਾਂ ਨਾਲ ਤਾਲਮੇਲ ਅਧੀਨ ਕੰਮ ਕਰਦੀ ਰਹੇਗੀ। ਲੀਨਾ ਡਿਐਬ ਨੇ ਦੁਹਰਾਇਆ ਕਿ ਕੈਲਗਰੀ ਜਾਂ ਐਡਮਿੰਟਨ ਦੇ ਵਿਦਿਆਰਥੀਆਂ ਨੂੰ ਫ਼ੈਡਰਲ ਨੀਤੀ ਵਿਚ ਤਬਦੀਲੀ ਕਰ ਕੇ ਵਰਕ ਪਰਮਿਟ ਤੋਂ ਇਨਕਾਰ ਨਹੀਂ ਕੀਤਾ ਗਿਆ। ਇੰਮੀਗ੍ਰੇਸ਼ਨ ਮੰਤਰੀ ਦੇ ਬਿਆਨ ਮਗਰੋਂ ਸੰਘਰਸ਼ ਦੇ ਰਾਹ ਤੁਰੇ ਪੰਜਾਬੀ ਵਿਦਿਆਰਥੀਆਂ ਨੂੰ ਕੁਝ ਮਾਯੂਸੀ ਤਾਂ ਹੋਈ ਪਰ ਮੰਜ਼ਿਲ 'ਤੇ ਪੁੱਜਣ ਤੱਕ ਡਟੇ ਰਹਿਣ ਦਾ ਅਹਿਦ ਵੀ ਕੀਤਾ। ਦੱਸ ਦੇਈਏ ਕਿ ਆਨਲਾਈਨ ਪਾਸਪੋਰਟ ਬਾਰੇ ਨਵੀਂ ਸਹੂਲਤ ਦਾ ਐਲਾਨ ਕਰਨ ਵੈਨਕੂਵਰ ਪੁੱਜੀ ਲੀਨਾ ਡਿਐਬ * ਬਾਕੀ ਸਫ਼ਾ 2 'ਤੇ

## ਜਪਾਨ 'ਚ ਭੂਚਾਲ ਕਾਰਨ ਮ੍ਰਿਤਕਾਂ ਦੀ ਗਿਣਤੀ ਵੱਧ ਕੇ 18 ਹੋਈ



(ਪੰਜਾਬ ਸਟਾਰ ਬਿਓਰੋ): ਜਪਾਨ ਦੀ ਪ੍ਰਧਾਨ ਮੰਤਰੀ ਸਾਨਾਏ ਤਾਕਾਈਚੀ ਨੇ ਕਿਹਾ ਹੈ ਕਿ ਦੱਖਣ-ਪੱਛਮੀ ਜਪਾਨ ਦੇ ਕੁਝ ਹਿੱਸਿਆਂ ਵਿੱਚ ਆਏ ਸ਼ਕਤੀਸ਼ਾਲੀ ਭੂਚਾਲ ਤੋਂ ਬਾਅਦ 18 ਲੋਕਾਂ ਨੂੰ ਮ੍ਰਿਤਕ ਪਾਇਆ ਗਿਆ ਹੈ ਅਤੇ ਬੁੱਧਵਾਰ ਸਵੇਰੇ ਲਾਪਤਾ ਲੋਕਾਂ ਲਈ ਬਚਾਅ ਕਾਰਜ ਜਾਰੀ ਸਨ। ਮੰਗਲਵਾਰ ਦੇਰ ਸ਼ਾਮ ਦੱਖਣੀ ਮੁੱਖ ਦੀਪ ਕਿਊਸ਼ੂ ਦੇ ਕੁਮਾਮੋਟੋ ਖੇਤਰ ਵਿੱਚ 7.1 ਸ਼ਿੱਦਤ ਦਾ ਭੂਚਾਲ ਆਇਆ।

ਤਾਕਾਈਚੀ ਨੇ ਕਿਹਾ, "ਕੁਝ ਲੋਕ ਅਜਿਹੇ ਹਨ ਜੋ ਅਜੇ ਵੀ ਬਚਾਏ ਜਾਣ ਦੀ ਉਡੀਕ ਕਰ ਰਹੇ ਹਨ, ਅਤੇ ਇਹ ਸਮੇਂ ਦੇ ਵਿਰੁੱਧ ਇੱਕ ਦੌੜ ਹੈ। ਅਸੀਂ ਵੱਧ ਤੋਂ ਵੱਧ * ਬਾਕੀ ਸਫ਼ਾ 2 'ਤੇ

## ਜਗਮੀਤ ਸਿੰਘ ਨੂੰ ਡੈਸਟੀਨੇਸ਼ਨ ਕੈਨੇਡਾ ਦਾ ਮੁਖੀ ਲਾਉਣ ਦੀ ਤਿਆਰੀ



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦੇ 2017 ਤੋਂ 2025 ਤੱਕ ਪ੍ਰਧਾਨ ਰਹੇ ਜਗਮੀਤ ਸਿੰਘ ਦਾ ਨਾਮ ਕੈਨੇਡਾ ਦੇ ਸੈਰ ਸਪਾਟਾ ਨਿਗਮ ਭਾਵ ਡੈਸਟੀਨੇਸ਼ਨ ਕੈਨੇਡਾ ਦਾ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਲੱਗਣ ਵਾਲਿਆਂ ਦੀ ਸੂਚੀ ਵਿੱਚ ਸਭ ਤੋਂ ਉਪਰ ਹੈ ਅਤੇ ਅਗਲੇ ਦਿਨਾਂ 'ਚ ਉਸਦੇ ਨਾਂਅ ਦਾ ਐਲਾਨ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ। ਬੇਸ਼ੱਕ ਸਿਆਸੀ ਪਿਛੋਕੜ ਹੋਣ ਕਾਰਨ ਨਿਗਮ ਦੇ ਕੁਝ ਅਧਿਕਾਰੀਆਂ ਵਲੋਂ ਉਸ ਦੀ ਚੋਣ ਤੇ ਕਿੰਤੂ ਪ੍ਰੰਤੂ ਕੀਤਾ ਜਾ ਰਿਹਾ ਹੈ, ਪਰ ਵਕੀਲ ਵਜੋਂ ਉਸ ਵਲੋਂ ਨਿਭਾਈਆਂ ਸੇਵਾਵਾਂ ਉਸਨੂੰ ਹੋਰਾਂ ਤੋਂ ਕਾਫੀ ਅੱਗੇ ਲੈ ਜਾਂਦੀਆਂ ਹਨ। ਡੈਸਟੀਨੇਸ਼ਨ ਕੈਨੇਡਾ ਦੇ ਸੀਈਓ ਦਾ ਸਲਾਨਾ ਪੈਕਜ ਕਰੀਬ ਸਾਢੇ ਤਿੰਨ ਲੱਖ ਡਾਲਰ ਯਨੀ ਸਵਾ ਤਿੰਨ ਕਰੋੜ ਰੁਪਏ ਹੁੰਦਾ ਹੈ।

ਜਗਮੀਤ ਸਿੰਘ ਧਾਲੀਵਾਲ ਦਾ ਪਰਿਵਾਰ ਭਾਰਤ ਦੇ ਅਜਾਦੀ ਘੁਲਾਟੀਏ ਸੇਵਾ ਸਿੰਘ ਠੀਕਰੀਵਾਲਾ ਪਰਿਵਾਰ ਨਾਲ ਸਬੰਧਤ ਹੈ। ਕਰੀਬ 5 ਦਹਾਕੇ ਪਹਿਲਾਂ ਉਸਦੇ ਪਿਤਾ ਕੈਨੇਡਾ ਆਕੇ ਵਸੇ ਸਨ। ਵਕਾਲਤ ਤੋਂ ਸਿਆਸੀ ਪਿੜ ਵਿੱਚ ਪੈਰ ਰੱਖਣ ਤੋਂ ਬਾਅਦ ਜਗਮੀਤ ਸਿੰਘ 2017 ਵਿੱਚ ਨਿਊ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਬਣਿਆ। ਫਿਰ 2019 ਵਿੱਚ ਵੈਨਕੂਵਰ ਨੇੜਲੇ ਸ਼ਹਿਰ ਬਰਨਬੀ * ਬਾਕੀ ਸਫ਼ਾ 2 'ਤੇ

## ਕੈਨੇਡਾ ਵਾਲਿਆਂ ਦੇ ਗੇੜੇ ਘੱਟਣ ਕਰ ਕੇ ਅਮਰੀਕਾ ਨੂੰ ਅਰਬਾਂ ਡਾਲਰ ਦਾ ਨੁਕਸਾਨ

### ਟਰੰਪ ਦੀਆਂ ਨੀਤੀਆਂ ਬਣੀਆਂ ਮੁੱਖ ਕਾਰਨ



ਸਿਐਟਲ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਾਲਿਆਂ ਦੇ ਅਮਰੀਕਾ ਗੇੜੇ ਘਟਣ ਕਰ ਕੇ ਸੈਰ ਸਪਾਟਾ ਉਦਯੋਗ ਨੂੰ ਅਰਬਾਂ ਡਾਲਰ ਦਾ ਨੁਕਸਾਨ ਹੋ ਰਿਹਾ ਹੈ ਪਰ ਵਾਈਟ ਹਾਊਸ ਦਾ ਕਹਿਣਾ ਹੈ ਕਿ ਫ਼ੀਫਾ ਵਰਲਡ ਕੱਪ ਰਾਹੀਂ ਇਸ ਨੁਕਸਾਨ ਦੀ ਭਰਪਾਈ ਬਾਖ਼ੂਬੀ ਹੋ ਚੁੱਕੀ ਹੈ। ਤਾਜ਼ਾ ਅੰਕੜਿਆਂ ਮੁਤਾਬਕ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਕੈਨੇਡੀਅਨਜ਼ ਨੇ ਅਮਰੀਕਾ ਵਿਚ 15 ਅਰਬ ਡਾਲਰ ਤੋਂ ਵੱਧ ਰਕਮ ਖ਼ਰਚ ਕੀਤੀ ਪਰ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ ਅੰਕੜਾ 13 ਅਰਬ ਡਾਲਰ ਤੋਂ ਹੇਠਾਂ ਆ ਗਿਆ। ਵੱਖ ਵੱਖ ਮੀਡੀਆ ਰਿਪੋਰਟਾਂ ਵਿਚ ਘਾਟੇ ਦੀ * ਬਾਕੀ ਸਫ਼ਾ 2 'ਤੇ

## ਕੈਨੇਡਾ ਨੇ ਭਾਰਤੀਆਂ ਦੇ ਕੱਟੇ 20 ਹਜ਼ਾਰ permanent ਵੀਜ਼ੇ



ਕੈਲਗਰੀ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦਾ ਜਹਾਜ਼ ਚੜ੍ਹਨਾ ਭਾਰਤੀ ਨਾਗਰਿਕਾਂ ਵਾਸਤੇ ਦੂਰ ਦੀ ਕੌਡੀ ਬਣਦਾ ਜਾ ਰਿਹਾ ਹੈ ਅਤੇ ਤਾਜ਼ਾ ਰਿਪੋਰਟ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਵਰਕ ਪਰਮਿਟ ਦੀ ਮੰਗ ਨੂੰ ਲੈ ਕੇ ਕੈਲਗਰੀ ਅਤੇ ਐਡਮਿੰਟਨ ਵਿਖੇ ਪੰਜਾਬੀ ਨੌਜਵਾਨਾਂ ਦੀ ਭੁੱਖ ਹੜਤਾਲ ਸ਼ੁਰੂ ਹੋ ਚੁੱਕੀ ਹੈ। ਜੀ ਹਾਂ, ਟੈਂਪਰੇਰੀ ਰੈਜ਼ੀਡੈਂਟਸ ਵਿਰੁੱਧ ਇੰਮੀਗ੍ਰੇਸ਼ਨ ਸਖ਼ਤੀ ਮਗਰੋਂ ਸਿਰਫ਼ ਵਿਜ਼ਟਰ ਵੀਜ਼ਾ ਅਤੇ ਸਟੱਡੀ ਵੀਜ਼ਾ ਅਰਜ਼ੀਆਂ ਹੀ ਧੜਾ-ਧੜ ਰੱਦ ਨਹੀਂ ਹੋ ਰਹੀਆਂ ਸਗੋਂ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰਨ ਵਾਲੇ ਇੰਡੀਅਨਜ਼ ਦੀ ਗਿਣਤੀ ਵਿਚ ਸਾਲ ਦੇ ਪਹਿਲੇ ਛੇ ਮਹੀਨੇ ਦੌਰਾਨ ਤਕਰੀਬਨ 20 ਹਜ਼ਾਰ ਦੀ ਕਮੀ ਦਰਜ ਕੀਤੀ ਗਈ ਹੈ ਜਦਕਿ ਅਸਾਇਲਮ ਕਲੇਮਜ਼ ਵੀ ਹੈਰਾਨਕੁੰਨ ਤਰੀਕੇ ਨਾਲ ਘਟਦੇ ਜਾ ਰਹੇ ਹਨ। ਜਨਵਰੀ ਤੋਂ ਜੂਨ ਦਰਮਿਆਨ ਇਕ ਲੱਖ 60 ਹਜ਼ਾਰ ਪ੍ਰਵਾਸੀਆਂ ਨੂੰ ਕੈਨੇਡਾ ਦੀ ਪੀ.ਆਰ. ਮਿਲੀ ਜਦਕਿ 2025 ਵਿਚ ਇਹ ਅੰਕੜਾ 2 ਲੱਖ ਤੋਂ ਉਤੇ ਦਰਜ ਕੀਤਾ ਗਿਆ।

**ਇੰਮੀਗ੍ਰੇਸ਼ਨ ਸਖ਼ਤੀ ਨੇ ਕੈਨੇਡਾ ਦਾ ਜਹਾਜ਼ ਚੜ੍ਹਨਾ ਕੀਤਾ ਦੁੱਭਰ**

ਭਾਰਤੀ ਲੋਕਾਂ ਦੀ ਗੱਲ ਕੀਤੀ ਜਾਵੇ ਤਾਂ 2025 ਦੇ ਪਹਿਲੇ ਛੇ ਮਹੀਨੇ ਦੌਰਾਨ ਤਕਰੀਬਨ 62 ਹਜ਼ਾਰ ਨੂੰ ਪਰਮਾਨੈਂਟ ਰੈਜ਼ੀਡੈਂਸੀ ਮਿਲੀ ਪਰ ਮੌਜੂਦਾ ਵਰ੍ਹੇ ਦੌਰਾਨ ਅੰਕੜਾ ਘਟ ਕੇ 42 ਹਜ਼ਾਰ ਰਹਿ ਗਿਆ। ਬਾਕੀ ਮੁਲਕਾਂ ਦੇ ਮੁਕਾਬਲੇ ਪਰਮਾਨੈਂਟ ਰੈਜ਼ੀਡੈਂਟਸ * ਬਾਕੀ ਸਫ਼ਾ 2 'ਤੇ

## ਅਮਰੀਕਾ ਨੇ ਡਿਪੋਰਟ ਕੀਤੇ 4 ਪੰਜਾਬੀ ਨੌਜਵਾਨ

* ਕੋਕੀਨ ਤਸਕਰੀ ਦੇ ਮਾਮਲੇ ਹੋਈ ਗ੍ਰਿਫ਼ਤਾਰੀ
* ਅਸਾਇਲਮ ਵਾਲਿਆਂ ਵਾਸਤੇ ਨਵਾਂ ਕਾਨੂੰਨ ਲਿਆਂਦਾ



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਕੋਕੀਨ ਤਸਕਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਚਾਰ ਪੰਜਾਬੀ ਨੌਜਵਾਨਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਰਿਹਾ ਹੈ ਜਦਕਿ ਦੂਜੇ ਪਾਸੇ ਅਮਰੀਕਾ ਵਿਚ ਅਸਾਇਲਮ ਦੀ ਉਡੀਕ ਕਰ ਰਹੇ 14 ਲੱਖ ਵਿਦੇਸ਼ੀ ਨਾਗਰਿਕਾਂ ਵਿਚੋਂ ਜ਼ਿਆਦਾਤਰ ਨੂੰ ਡਿਪੋਰਟ ਕਰਨ ਦੀ ਤਿਆਰੀ ਹੋ ਚੁੱਕੀ ਹੈ ਅਤੇ ਟਰੰਪ ਸਰਕਾਰ ਵੱਲੋਂ ਲਿਆਂਦਾ ਨਵਾਂ ਨਿਯਮ ਹਜ਼ਾਰਾਂ ਪੰਜਾਬੀ ਨੌਜਵਾਨਾਂ ਦੇ ਸੁਪਨੇ ਖੇਰੂੰ ਖੇਰੂੰ ਕਰ ਸਕਦਾ ਹੈ। ਜੀ ਹਾਂ, ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਵੱਲੋਂ ਮੰਗਲਵਾਰ ਤੋਂ ਲਾਗੂ ਨਿਯਮ ਘੱਟੋ ਘੱਟ 4 ਲੱਖ 50 ਹਜ਼ਾਰ ਵਿਦੇਸ਼ੀ ਨਾਗਰਿਕਾਂ ਦੇ ਡਿਪੋਰਟ ਹੋਣ ਦਾ ਕਾਰਨ ਬਣੇਗਾ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦਾ ਕਹਿਣਾ ਹੈ ਕਿ ਹੁਣ ਅਸਾਇਲਮ ਅਫ਼ਸਰਾਂ ਦੀ ਬਿਨੈਕਾਰਾਂ ਨਾਲ ਮੁਲਾਕਾਤ ਵਾਲੀ ਸ਼ਰਤ ਖ਼ਤਮ ਕਰ ਦਿਤੀ ਗਈ ਹੈ ਅਤੇ ਅਸਾਇਲਮ ਅਰਜ਼ੀਆਂ ਸਿੱਧੇ ਤੌਰ 'ਤੇ ਇੰਮੀਗ੍ਰੇਸ਼ਨ ਜੱਜਾਂ ਦੇ ਸਪੁਰਦ ਕੀਤੀਆਂ ਜਾਣਗੀਆਂ।

ਨਵਾਂ ਨਿਯਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਇੰਮੀਗ੍ਰੇਸ਼ਨ ਜੱਜਾਂ ਨੇ ਜੂਨ ਮਹੀਨੇ ਦੌਰਾਨ ਇਕ ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਕਰ ਦਿਤੇ। ਇੰਮੀਗ੍ਰੇਸ਼ਨ ਵਾਲਿਆਂ ਦਾ ਕਹਿਣਾ ਹੈ ਕਿ ਜਾਇਜ਼ ਤਰੀਕੇ ਨਾਲ ਅਮਰੀਕਾ ਦਾਖ਼ਲ ਹੋਣ ਵਾਲੇ ਹੀ ਅਸਾਇਲਮ ਅਫ਼ਸਰਾਂ ਕੋਲ ਜਾ ਸਕਣਗੇ ਅਤੇ ਗੈਰਕਾਨੂੰਨੀ ਤਰੀਕੇ ਨਾਲ ਬਾਰਡਰ ਪਾਰ ਕਰਨ ਵਾਲਿਆਂ ਦੀ ਕਿਸਮਤ ਦਾ ਫ਼ੈਸਲਾ ਇੰਮੀਗ੍ਰੇਸ਼ਨ ਅਦਾਲਤਾਂ ਕਰਨਗੀਆਂ। ਮੌਜੂਦਾ ਵਰ੍ਹੇ ਦੌਰਾਨ ਤਕਰੀਬਨ 32 ਹਜ਼ਾਰ ਅਸਾਇਲਮ ਮਾਮਲੇ ਪਹਿਲਾਂ ਹੀ ਇੰਮੀਗ੍ਰੇਸ਼ਨ ਅਦਾਲਤਾਂ ਦੇ ਸਪੁਰਦ ਕੀਤੇ ਜਾ ਚੁੱਕੇ ਹਨ ਜਦਕਿ 2025 ਵਿਚ ਪੂਰੇ ਵਰ੍ਹੇ ਦਾ ਅੰਕੜਾ 40,932 ਦਰਜ ਕੀਤਾ ਗਿਆ। * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਸੈਂਕੜੇ ਫਲਾਈਟਸ ਹੋਈਆਂ ਰੱਦ

* ਸਭ ਤੋਂ ਵੱਡੀ ਏਅਰਲਾਈਨ ਦਾ ਆਈ.ਟੀ. ਸਿਸਟਮ ਹੋਇਆ ਫ਼ੇਲ
* ਹਵਾਈ ਅੱਡਿਆਂ 'ਤੇ ਕਸੂਤੇ ਫਸੇ ਹਜ਼ਾਰਾਂ ਮੁਸਾਫ਼ਰ




ਨਿਊਯਾਰਕ, (ਪੰਜਾਬ ਸਟਾਰ ਬਿਓਰੋ): ਅਮਰੀਕਾ ਦੀ ਸਭ ਤੋਂ ਵੱਡੀ ਏਅਰਲਾਈਨ ਨੂੰ ਸੈਂਕੜੇ ਫਲਾਈਟਸ ਦੀ ਰਵਾਨਗੀ ਰੋਕਣ ਲਈ ਮਜਬੂਰ ਹੋਣਾ ਪਿਆ ਅਤੇ ਮੁਲਕ ਦੇ ਵੱਖ ਵੱਖ ਹਵਾਈ ਅੱਡਿਆਂ ਸਣੇ ਦੁਨੀਆਂ ਦੇ ਕੋਨੇ ਕੋਨੇ ਵਿਚ ਹਜ਼ਾਰਾਂ ਮੁਸਾਫ਼ਰ ਕਸੂਤੇ ਫਸ ਗਏ। ਮੀਡੀਆ ਰਿਪੋਰਟ ਮੁਤਾਬਕ ਐਮਰਿਕਨ ਏਅਰਲਾਈਨਜ਼ ਦੇ ਆਈ.ਟੀ. ਸਿਸਟਮ ਵਿਚ ਗੜਬੜੀ ਮਗਰੋਂ ਫ਼ੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਨੇ ਫ਼ਲਾਈਟਸ ਦੇ ਟੇਕ ਔਫ਼ ਕਰਨ 'ਤੇ ਰੋਕ ਲਾ ਦਿਤੀ ਅਤੇ ਰੋਜ਼ਾਨਾ ਪੰਜ ਲੱਖ ਤੋਂ ਵੱਧ ਹਵਾਈ ਮੁਸਾਫ਼ਰਾਂ ਨੂੰ ਮੰਜ਼ਿਲ ਤੱਕ * ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਈਰਾਨ ਨੇ ਦਿੱਤੀ ਚੇਤਾਵਨੀ, ਅਸੀਂ ਉਨ੍ਹਾਂ ਲੋਕਾਂ ਦੇ ਜਹਾਜ਼ ਨੂੰ ਹਾਰਮੁਜ਼ 'ਚੋਂ ਲੰਘਣ ਨਹੀਂ ਦੇਵਾਂਗੇ ਜਿਨ੍ਹਾਂ ਨੇ ਸਾਡੇ ਫ੍ਰੀਜ਼ ਕੀਤੇ ਗਏ ਫੰਡਾਂ ਵਿੱਚੋਂ ਮੁਆਵਜ਼ੇ ਦਾ ਕੀਤਾ ਦਾਅਵਾ



ਮੱਧ ਪੂਰਬ ਵਿੱਚ ਚੱਲ ਰਹੇ ਟਕਰਾਅ ਦੇ ਵਿਚਕਾਰ, ਈਰਾਨ ਦੀਆਂ ਜਮ੍ਹਾ ਕੀਤੀਆਂ ਜਾਇਦਾਦਾਂ ਨੂੰ ਲੈ ਕੇ ਤਣਾਅ ਹੋਰ ਵਧ ਗਿਆ ਹੈ। ਈਰਾਨ ਨੇ ਚੇਤਾਵਨੀ ਦਿੱਤੀ ਹੈ ਕਿ ਉਹ ਉਨ੍ਹਾਂ ਦੇਸ਼ਾਂ ਜਾਂ ਕੰਪਨੀਆਂ ਨਾਲ ਸਬੰਧਿਤ ਵਪਾਰਕ ਜਹਾਜ਼ਾਂ ਨੂੰ ਹੋਰਮੁਜ਼ ਜਲਡਮਰੂ ਵਿੱਚੋਂ ਲੰਘਣ ਤੋਂ ਰੋਕ ਦੇਵੇਗਾ ਜੋ ਚੱਲ ਰਹੇ ਮੱਧ ਪੂਰਬ ਦੇ ਸੰਘਰਸ਼ ਦੌਰਾਨ ਹੋਏ ਨੁਕਸਾਨ ਦੀ ਭਰਪਾਈ ਲਈ ਉਸਦੀਆਂ ਜਮ੍ਹਾ ਕੀਤੀਆਂ ਜਾਇਦਾਦਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਨਗੇ। ਈਰਾਨ ਦੇ 'ਖ਼ਾਤਮ ਅਲ-ਅੰਬੀਆ' ਕੇਂਦਰੀ ਹੈੱਡਕੁਆਰਟਰ ਦੇ ਬੁਲਾਰੇ ਦੇ ਬਿਆਨ ਅਤੇ ਈਰਾਨੀ ਸਰਕਾਰੀ ਮੀਡੀਆ 'ਆਈ.ਆਰ.ਆਈ.ਬੀ.' (IRIB) ਦੀਆਂ ਰਿਪੋਰਟਾਂ ਅਨੁਸਾਰ, ਈਰਾਨ ਨੇ ਅਮਰੀਕਾ ਦੀ ਸਖ਼ਤ ਆਲੋਚਨਾ ਕੀਤੀ ਹੈ ਕਿਉਂਕਿ ਅਮਰੀਕਾ ਈਰਾਨ ਨਾਲ ਟਕਰਾਅ ਦੌਰਾਨ ਨਿਸ਼ਾਨਾ ਬਣੇ ਜਹਾਜ਼ਾਂ ਦੇ ਨੁਕਸਾਨ ਦੀ ਭਰਪਾਈ ਲਈ ਈਰਾਨ ਦੀਆਂ ਜਮ੍ਹਾਂ-ਮੁਅੱਤਲ (frozen) ਸੰਪਤੀਆਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਈਰਾਨ ਦੀਆਂ ਫ੍ਰੀਜ਼ ਕੀਤੀਆਂ (ਰੋਕੀਆਂ ਗਈਆਂ) ਜਾਇਦਾਦਾਂ ਦੀ ਵਰਤੋਂ ਬਾਰੇ ਅਮਰੀਕਾ ਦੀਆਂ ਯੋਜਨਾਵਾਂ 'ਤੇ ਗੱਲ ਕਰਦਿਆਂ, 'ਖ਼ਾਤਮ-ਉਲ-ਅੰਬੀਆ' ਕੇਂਦਰੀ ਹੈੱਡਕੁਆਰਟਰ ਦੇ ਬੁਲਾਰੇ ਨੇ ਦੱਸਿਆ ਕਿ ਸੰਘਰਸ਼ ਦੌਰਾਨ ਨੁਕਸਾਨੇ ਗਏ ਜਹਾਜ਼ਾਂ ਲਈ ਮੁਆਵਜ਼ਾ ਦੇਣ ਵਾਸਤੇ ਈਰਾਨ ਦੇ ਫ੍ਰੀਜ਼ ਕੀਤੇ ਫੰਡਾਂ ਦੀ ਵਰਤੋਂ ਕਰਨ ਦੀ ਯੋਜਨਾ ਹੈ। ਜੰਗ ਦੌਰਾਨ ਨੁਕਸਾਨੇ ਗਏ ਜਹਾਜ਼ਾਂ—ਅਜਿਹਾ ਸੰਘਰਸ਼ ਜੋ ਅਮਰੀਕੀ ਫ਼ੌਜ ਵੱਲੋਂ ਅਸੁਰੱਖਿਆ ਪੈਦਾ ਕਰਨ ਅਤੇ ਹੋਰਮੁਜ਼ ਦੇ ਦੱਖਣ ਵੱਲ ਗੈਰ-ਕਾਨੂੰਨੀ ਤੇ ਅਸੁਰੱਖਿਅਤ ਲੰਘਣ ਸਬੰਧੀ ਨਿਯਮਾਂ ਦੀ ਉਲੰਘਣਾ ਕਰਨ ਕਾਰਨ ਈਰਾਨ 'ਤੇ ਥੋਪਿਆ ਗਿਆ ਸੀ—ਦਾ ਮੁਆਵਜ਼ਾ ਈਰਾਨ ਦੀਆਂ ਫ੍ਰੀਜ਼ ਕੀਤੀਆਂ ਜਾਇਦਾਦਾਂ ਰਾਹੀਂ ਦਿੱਤਾ ਜਾਵੇਗਾ। ਜੇਕਰ ਕੋਈ ਦੇਸ਼ ਜਾਂ ਕੰਪਨੀ ਅਜਿਹੀ ਯੋਜਨਾ 'ਤੇ ਅਮਲ ਕਰਦੀ ਹੈ, ਤਾਂ ਈਰਾਨੀ ਫ਼ੌਜਾਂ ਉਨ੍ਹਾਂ ਦੇ ਜਹਾਜ਼ਾਂ ਨੂੰ ਹੋਰਮੁਜ਼ ਜਲ-ਡਮਰੂ (Strait of Hormuz) ਵਿੱਚੋਂ ਲੰਘਣ ਤੋਂ ਰੋਕ ਦੇਣਗੀਆਂ। ਇਸ ਦੌਰਾਨ, 'ਐਕਸ' 'ਤੇ ਇੱਕ ਪੋਸਟ ਵਿੱਚ, ਈਰਾਨ ਦੇ ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਘਚੀ ਨੇ ਚੇਤਾਵਨੀ ਦਿੱਤੀ ਕਿ ਕਿਸੇ ਹੋਰ ਦੇਸ਼ ਦੀਆਂ ਜਾਇਦਾਦਾਂ ਨੂੰ ਫ੍ਰੀਜ਼ ਕਰਕੇ ਖਾਸ ਫੰਡਾਂ ਨਾਲ ਸਬੰਧਿਤ ਦਾਅਵਿਆਂ ਦਾ ਨਿਪਟਾਰਾ ਕਰਨ ਨਾਲ ਅੰਤਰਰਾਸ਼ਟਰੀ ਨਿਯਮਾਂ ਨੂੰ ਕਮਜ਼ੋਰ ਕੀਤਾ ਜਾਵੇਗਾ ਅਤੇ ਵਿਆਪਕ ਅਸਥਿਰਤਾ ਪੈਦਾ ਹੋਵੇਗੀ। ਅਰਾਗਚੀ ਨੇ 'ਐਕਸ' (X) 'ਤੇ ਇੱਕ ਪੋਸਟ ਵਿੱਚ ਲਿਖਿਆ, "ਅਜਿਹੇ ਭਵਿੱਖੀ ਦਾਅਵਿਆਂ ਦੇ ਆਧਾਰ 'ਤੇ ਕਿਸੇ ਦੇਸ਼ ਦੀਆਂ ਸੰਪਤੀਆਂ ਨੂੰ ਜ਼ਬਤ ਕਰਨਾ (ਜਾਂ ਫ੍ਰੀਜ਼ ਕਰਨਾ) ਭੜਕਾਊ ਕਾਰਵਾਈ ਹੈ। ਜਿਹੜੇ ਲੋਕ ਅਜਿਹੇ ਫੰਡਾਂ ਤੋਂ ਲਾਭ ਉਠਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਸਰਕਾਰਾਂ ਸੰਪਤੀਆਂ ਨੂੰ ਜ਼ਬਤ ਕਰਨ ਦੇ ਅਮਲ ਨੂੰ ਆਮ ਬਣਾ ਦਿੰਦੀਆਂ ਹਨ, ਤਾਂ ਕਿਸੇ ਦੀ ਵੀ ਸੰਪਤੀ ਸੁਰੱਖਿਅਤ ਨਹੀਂ ਰਹੇਗੀ। ਇਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਅਰਾਜਕਤਾ ਨਾ ਤਾਂ ਚੰਗੀ ਹੋਵੇਗੀ ਅਤੇ ਨਾ ਹੀ ਸ਼ਾਂਤੀਪੂਰਨ।"

# ਕੈਨੇਡਾ 'ਚ ਪਾਸਪੋਰਟ online renewal ਦੀ ਸ਼ੁਰੂਆਤ

ਕੈਨੇਡਾ ਦੇ ਲੋਕਾਂ ਨੂੰ ਪਾਸਪੋਰਟ ਨਵਿਆਉਣ ਲਈ ਹੁਣ ਲੰਮੀਆਂ ਕਤਾਰਾਂ ਵਿੱਚ ਨਹੀਂ ਖੜਨਾ ਪਵੇਗਾ ਅਤੇ ਨਾ ਹੀ ਮਹੀਨਿਆਂ ਦੀ ਉਡੀਕ ਮਗਰੋਂ ਪਾਸਪੋਰਟ ਮਿਲੇਗਾ। ਕੈਨੇਡਾ ਦੀ ਆਵਾਸ ਮੰਤਰੀ ਲੈਨਾ ਡਿਆਗ ਨੇ ਕਿਹਾ ਕਿ ਅੱਜ ਤੋਂ ਕੈਨੇਡਾ ਦਾ ਹਰੇਕ ਨਾਗਰਿਕ ਆਪਣਾ ਪਾਸਪੋਰਟ ਨਵਿਆਉਣ ਲਈ ਔਨਲਾਈਨ ਅਰਜ਼ੀ ਭਰ ਸਕਦਾ ਹੈ ਤੇ ਉਸ ਨੂੰ ਪਾਸਪੋਰਟ ਦਫ਼ਤਰ ਦੀਆਂ ਕਤਾਰਾਂ ਵਿੱਚ ਨਹੀਂ ਖੜ੍ਹਨਾ ਪਵੇਗਾ। ਮੰਤਰੀ ਨੇ ਦੱਸਿਆ ਕਿ ਕੋਈ ਵੀ ਕੈਨੇਡੀਅਨ ਨਾਗਰਿਕ, ਜਿਸ ਨੇ ਪਹਿਲਾਂ 16 ਸਾਲ ਦੀ ਉਮਰ ਤੋਂ ਬਾਅਦ ਪਾਸਪੋਰਟ ਬਣਾਇਆ ਹੋਵੇ ਅਤੇ ਪਿਛਲੇ 15 ਸਾਲ ਤੋਂ ਪਾਸਪੋਰਟ ਧਾਰਕ ਹੋਵੇ, ਉਹ ਔਨਲਾਈਨ ਅਰਜ਼ੀ ਭਰਨ ਦੇ ਯੋਗ ਹੈ। ਮੰਤਰੀ ਨੇ ਕਿਹਾ ਕਿ ਅਰਜ਼ੀ ਭਰਨ ਤੋਂ ਪਹਿਲਾਂ ਯੋਗ ਵਿਅਕਤੀ ਕੋਲ ਤਾਜ਼ਾ ਡਿਜੀਟਲ ਫੋਟੋ ਦੇ ਨਾਲ ਫੀਸ ਭਰਨ ਲਈ ਬੈਂਕ ਕਾਰਡ ਹੋਣਾ ਜ਼ਰੂਰੀ ਹੈ। ਹਾਲ ਦੀ ਘੜੀ ਔਨਲਾਈਨ ਅਰਜ਼ੀਆਂ ਦਾ ਰੋਜ਼ਾਨਾ ਕੋਟਾ 2000 ਨਿਰਧਾਰਿਤ ਕੀਤਾ ਗਿਆ ਹੈ, ਜਿਸ ਵਿੱਚ ਲੋੜ ਮੁਤਾਬਕ ਵਾਧਾ ਕੀਤਾ ਜਾ ਸਕਦਾ ਹੈ। ਮੰਤਰੀ ਨੇ ਕਿਹਾ ਕਿ ਅਰਜ਼ੀ ਭਰਨ ਤੋਂ 20 ਦਿਨਾਂ ਵਿੱਚ ਨਵਿਆਇਆ ਪਾਸਪੋਰਟ ਜਾਰੀ ਕੀਤਾ ਜਾਵੇਗਾ।

# ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਵ੍ਹਾਈਟ ਹਾਊਸ 'ਚ ਅਮਰੀਕੀ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ; ਡੇਢ ਘੰਟਾ ਚੱਲੀ ਅਹਿਮ ਬੈਠਕ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵਿਚਕਾਰ ਵ੍ਹਾਈਟ ਹਾਊਸ ਵਿੱਚ ਅਹਿਮ ਬੈਠਕ ਹੋਈ। ਇਸ ਤੋਂ ਬਾਅਦ ਨੇਤਨਯਾਹੂ ਵ੍ਹਾਈਟ ਹਾਊਸ ਤੋਂ ਰਵਾਨਾ ਹੋ ਗਏ। ਦੱਸ ਦੇਈਏ ਕਿ ਈਰਾਨ ਦੇ ਖ਼ਿਲਾਫ਼ ਸਾਂਝੀ ਜੰਗ ਸ਼ੁਰੂ ਹੋਣ ਤੋਂ ਬਾਅਦ ਦੋਵਾਂ ਆਗੂਆਂ ਦੀ ਇਹ ਪਹਿਲੀ ਆਹਮੋ-ਸਾਹਮਣੇ ਬੈਠਕ ਸੀ। ਇਸ ਮੁਲਾਕਾਤ ਨੂੰ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਆਈ ਹਾਲੀਆ ਖ਼ਟਾਸ ਦੂਰ ਕਰਨ ਦੀ ਕੋਸ਼ਿਸ਼ ਵਜੋਂ ਵੀ ਦੇਖਿਆ ਜਾ ਰਿਹਾ ਹੈ।ਿ ਹ ਬੰਦ ਕਮਰਾ ਬੈਠਕ ਲਗਭਗ ਡੇਢ ਘੰਟੇ ਤੱਕ ਚੱਲੀ। ਇਸ ਦੌਰਾਨ ਦੋਵਾਂ ਚੋਟੀ ਦੇ ਆਗੂਆਂ ਵਿਚਕਾਰ ਈਰਾਨ ਨਾਲ ਜੰਗ ਤੋਂ ਇਲਾਵਾ ਗਾਜ਼ਾ, ਲੇਬਨਾਨ ਅਤੇ ਅਬ੍ਰਾਹਮ ਸਮਝੌਤੇ ਵਰਗੇ ਮੁੱਦਿਆਂ 'ਤੇ ਵੀ ਚਰਚਾ ਹੋਈ। ਬੈਠਕ ਤੋਂ ਬਾਅਦ ਨੇਤਨਯਾਹੂ, ਟਰੰਪ ਅਤੇ ਜੇ.ਡੀ. ਵੈਂਸ ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ।

ਬੈਠਕ ਤੋਂ ਬਾਅਦ ਨੇਤਨਯਾਹੂ ਨੇ ਇੱਕ ਵੀਡੀਓ ਬਿਆਨ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਨਾਲ ਉਨ੍ਹਾਂ ਦੀ ਮੁਲਾਕਾਤ ਹੁਣ ਤੱਕ ਦੀਆਂ ਸਭ ਤੋਂ ਵਧੀਆ ਗੱਲਬਾਤਾਂ ਵਿੱਚੋਂ ਇੱਕ ਰਹੀ। ਇਹ ਪੂਰੀ ਤਰ੍ਹਾਂ ਸਹਿਯੋਗ, ਆਪਸੀ ਸਮਰਥਨ ਅਤੇ ਸਾਂਝੀ ਸਮਝ ਵਾਲੀ ਬੈਠਕ ਸੀ। ਸਾਡਾ ਸਾਂਝਾ ਮਕਸਦ ਹੈ ਕਿ ਈਰਾਨ ਪਰਮਾਣੂ ਹਥਿਆਰ ਹਾਸਲ ਨਾ ਕਰੇ। ਇਸ ਤੋਂ ਇਲਾਵਾ ਵੀ ਕਈ ਹੋਰ ਮੁੱਦਿਆਂ 'ਤੇ ਗੱਲਬਾਤ ਹੋਈ। ਇਜ਼ਰਾਈਲ ਦੀ ਸੁਰੱਖਿਆ ਅਤੇ ਭਵਿੱਖ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਵੀ ਤਾਲਮੇਲ ਕੀਤਾ ਗਿਆ। ਉੱਥੇ ਹੀ, ਇਸ ਤੋਂ ਪਹਿਲਾਂ ਟਰੰਪ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਵੀ ਮਿਲੇ। ਜ਼ੇਲੇਂਸਕੀ ਨੇ ਕਿਹਾ ਕਿ ਵ੍ਹਾਈਟ ਹਾਊਸ ਵਿੱਚ ਟਰੰਪ ਨਾਲ ਹੋਈ ਬੈਠਕ ਵਿੱਚ ਪੈਟ੍ਰਿਅਟ ਏਅਰ ਡਿਫੈਂਸ ਸਿਸਟਮ ਦੇ ਇੰਟਰਸੈਪਟਰਾਂ ਦੇ ਉਤਪਾਦਨ ਦਾ ਲਾਇਸੈਂਸ ਦੇਣ ਅਤੇ ਕਈ ਹੋਰ ਅਹਿਮ ਪ੍ਰਸਤਾਵਾਂ 'ਤੇ ਚਰਚਾ ਹੋਈ। ਜ਼ੇਲੇਂਸਕੀ ਨੇ ਕਿਹਾ ਕਿ ਦੋਵਾਂ ਆਗੂਆਂ ਵਿਚਕਾਰ ਸਫ਼ਾਰਤੀ ਯਤਨਾਂ ਨੂੰ ਮੁੜ ਤੇਜ਼ ਕਰਨ 'ਤੇ ਵੀ ਗੱਲ ਹੋਈ। ਨਾਲ ਹੀ, ਅੱਗੇ ਦੀ ਗੱਲਬਾਤ ਅਤੇ ਸੰਪਰਕ ਨੂੰ ਲੈ ਕੇ ਦੋਵਾਂ ਦੇਸ਼ਾਂ ਦੀਆਂ ਟੀਮਾਂ ਆਪਸੀ ਤਾਲਮੇਲ ਕਰਨਗੀਆਂ।

# ਗਲਾਸਗੋ ਕਾਮਨਵੈਲਥ ਗੇਮਜ਼ 2026: ਭਾਰਤ ਦੇ ਨਾਂ ਹੁਣ ਤੱਕ 12 ਮੈਡਲ; ਜਾਣੋ medal tally 'ਚ ਭਾਰਤ ਦਾ ਸਥਾਨ




ਨਵੀ ਦਿੱਲੀ : ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਵਿੱਚ ਭਾਰਤੀ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਹੈ ਅਤੇ ਭਾਰਤ ਨੇ ਹੁਣ ਤੱਕ ਇਸ ਈਵੈਂਟ ਵਿੱਚ ਕੁੱਲ 12 ਮੈਡਲ ਜਿੱਤ ਲਏ ਹਨ। ਇਹਨਾਂ ਮੈਡਲਾਂ ਦੇ ਨਾਲ ਭਾਰਤੀ ਟੀਮ 9ਵੇਂ ਸਥਾਨ 'ਤੇ ਹੈ।ਭਾਰਤ ਨੇ ਹੁਣ ਤੱਕ 2 ਗੋਲਡ , 7 ਸਿਲਵਰ ਅਤੇ 3 ਬ੍ਰੌਂਜ਼ ਮੈਡਲ ਆਪਣੇ ਨਾਂ ਕੀਤੇ ਹਨ, ਜਦਕਿ ਪਹਿਲੇ ਸਥਾਨ 'ਤੇ ਮੌਜੂਦ ਆਸਟ੍ਰੇਲੀਆ ਦੀ ਗੱਲ ਕਰੀਏ ਤਾਂ ਇਸ ਦੇਸ਼ ਨੇ ਹੁਣ ਤੱਕ 35 ਗੋਲਡ, 18 ਸਿਲਵਰ ਅਤੇ 27 ਬ੍ਰੌਂਜ਼ ਮੈਡਲ ਜਿੱਤੇ ਹਨ ਅਤੇ ਮੈਡਲਾਂ ਦੀ ਕੁੱਲ ਗਿਣਤੀ 80 ਹੈ। ਭਾਰਤ ਵੱਲੋਂ ਹੁਣ ਤੱਕ ਦੋ ਗੋਲਡ ਮੈਡਲ ਜਿੱਤਣ ਵਾਲੀਆਂ ਖਿਡਾਰਨਾਂ ਮੀਰਾਬਾਈ ਚਾਨੂ ਅਤੇ ਸ਼ਰਮੀਲਾ ਹਨ। ਮੀਰਾਬਾਈ ਚਾਨੂ ਨੇ ਵੇਟਲਿਫਟਿੰਗ ਵਿੱਚ ਗੋਲਡ ਕੀਤੀਆਂ ਸੀ, ਜਦਕਿ ਸ਼ਰਮੀਲਾ ਨੇ ਮਹਿਲਾ ਸ਼ਾਟ ਪੁੱਟ ਢ57 ਵਿੱਚ ਦੇਸ਼ ਲਈ ਗੋਲਡ ਮੈਡਲ ਜਿੱਤਿਆ ਹੈ। ਕੈਨੇਡਾ ਮੈਡਲ ਤਾਲਿਕਾ ਵਿੱਚ ਇਸ ਸਮੇਂ ਦੂਜੇ ਨੰਬਰ 'ਤੇ ਚੱਲ ਰਿਹਾ ਹੈ ਜਿਸ ਦੇ ਕੁੱਲ 35 ਮੈਡਲ ਹਨ, ਜਿਨ੍ਹਾਂ ਵਿੱਚ 13 ਗੋਲਡ, 10 ਸਿਲਵਰ ਅਤੇ 12 ਬ੍ਰੌਂਜ਼ ਸ਼ਾਮਲ ਹਨ। ਉੱਥੇ ਹੀ ਤੀਜੇ ਨੰਬਰ ਦੀ ਟੀਮ ਦੀ ਗੱਲ ਕਰੀਏ ਤਾਂ ਇਸ ਸਥਾਨ 'ਤੇ ਇੰਗਲੈਂਡ ਹੈ, ਜਿਸ ਨੇ 10 ਗੋਲਡ, 18 ਸਿਲਵਰ ਅਤੇ 15 ਬ੍ਰੌਂਜ਼ ਨਾਲ ਕੁੱਲ 43 ਮੈਡਲ ਆਪਣੇ ਨਾਂ ਕੀਤੇ ਹਨ।

ਭਾਰਤੀ ਖਿਡਾਰੀਆਂ ਨੇ ਖੇਡਾਂ ਦੇ 5ਵੇਂ ਦਿਨ 2 ਸਿਲਵਰ ਮੈਡਲ ਜਿੱਤੇ। ਮੰਗਲਵਾਰ ਦੇਰ ਰਾਤ ਗੁਲਵੀਰ ਸਿੰਘ ਨੇ ਪੁਰਸ਼ਾਂ ਦੀ 10 ਹਜ਼ਾਰ ਮੀਟਰ ਦੀ ਰੇਸ ਵਿੱਚ ਦੂਜਾ ਸਥਾਨ ਹਾਸਲ ਕੀਤਾ। ਉਹ ਇਸ ਈਵੈਂਟ ਵਿੱਚ ਮੈਡਲ ਜਿੱਤਣ ਵਾਲੇ ਪਹਿਲੇ ਭਾਰਤੀ ਬਣੇ।

ਇਸ ਤੋਂ ਪਹਿਲਾਂ ਮਹਿਲਾ ਵੇਟਲਿਫ਼ਟਰ ਹਰਜਿੰਦਰ ਕੌਰ ਨੇ ਕੁੱਲ 227 ਕਿੱਲੋ ਭਾਰ ਚੁੱਕ ਕੇ ਸਿਲਵਰ ਮੈਡਲ ਜਿੱਤਿਆ। ਭਾਰਤ ਦੇ 3 ਮੁੱਕੇਬਾਜ਼ਾਂ ਨੇ ਵੀ ਆਪਣੇ ਮੈਚ ਜਿੱਤ ਕੇ ਮੈਡਲ ਪੱਕੇ ਕਰ ਲਏ ਹਨ। ਤਿੰਨੋਂ ਸੈਮੀਫਾਈਨਲ ਵਿੱਚ ਪਹੁੰਚ ਗਏ ਹਨ। ਰਾਸ਼ਟਰਮੰਡਲ ਖੇਡਾਂ ਦੇ ਛੇਵੇਂ ਦਿਨ ਭਾਰਤੀ ਖਿਡਾਰੀ ਵੇਟਲਿਫ਼ਟਿੰਗ, ਸਵਿਮਿੰਗ, ਅਥਲੈਟਿਕਸ, ਪੈਰਾ ਸਵਿਮਿੰਗ, ਬੌਕਸਿੰਗ ਅਤੇ ਲੌਨ ਬੌਲਜ਼ ਵਿੱਚ ਆਪਣੀ ਚੁਣੌਤੀ ਪੇਸ਼ ਕਰਨਗੇ। ਟੀਮ ਨੂੰ ਸਭ ਤੋਂ ਜ਼ਿਆਦਾ ਉਮੀਦਾਂ ਵੇਟਲਿਫ਼ਟਿੰਗ ਅਤੇ ਅਥਲੈਟਿਕਸ ਤੋਂ ਰਹਿਣਗੀਆਂ। ਸੰਜਨਾ ਮਹਿਲਾ 77 ਕਿੱਲੋ ਫਾਈਨਲ ਵਿੱਚ ਗੋਲਡ ਲਈ ਮੈਦਾਨ 'ਚ ਉਤਰੇਗੀ। ਉੱਥੇ ਹੀ ਬੌਕਸਰ ਸਚਿਨ ਸਿਵਾਚ ਕੁਆਰਟਰ ਫਾਈਨਲ ਮੁਕਾਬਲਾ ਖੇਡਣਗੇ। ਜੇਕਰ ਸਚਿਨ ਇਹ ਮੁਕਾਬਲਾ ਜਿੱਤ ਜਾਂਦੇ ਹਨ, ਤਾਂ ਭਾਰਤ ਲਈ ਇੱਕ ਹੋਰ ਮੈਡਲ ਪੱਕਾ ਹੋ ਜਾਵੇਗਾ।

# ਇਰਾਨ ਨਾਲ ਦੋਸਤਾਨਾ ਮਾਹੌਲ 'ਚ ਗੱਲਬਾਤ ਜਾਰੀ: ਡੋਨਾਲਡ ਟਰੰਪ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਰਾਨ ਨਾਲ ਦੋਸਤਾਨਾ ਮਾਹੌਲ ਵਿੱਚ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਵਾਰ ਕੋਈ ਰਾਹ ਨਿਕਲ ਆਵੇਗਾ। ਪਰ ਜੇਕਰ ਗੱਲਬਾਤ ਬੇਸਿੱਟਾ ਰਹੀ ਤਾਂ ਅਮਰੀਕਾ ਫਿਰ ਤੋਂ ਇਰਾਨ 'ਤੇ ਹਵਾਈ ਹਮਲੇ ਸ਼ੁਰੂ ਕਰੇਗਾ। ਏਅਰ ਫੋਰਸ ਵਨ ਵਿੱਚ ਗੱਲਬਾਤ ਦੌਰਾਨ ਟਰੰਪ ਨੇ ਕਿਹਾ ਕਿ ਅਜੇ ਗੱਲਬਾਤ ਚੱਲ ਰਹੀ ਹੈ। ਮੈਨੂੰ ਲਗਦਾ ਹੈ ਕਿ ਚੰਗੇ ਨਤੀਜੇ ਦੀ ਸੰਭਾਵਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਗੱਲਬਾਤ ਸਫ਼ਲ ਨਹੀਂ ਹੋਈ ਤਾਂ ਅਮਰੀਕਾ ਫਿਰ ਉਹੀ ਕਰੇਗਾ, ਜੋ ਪਹਿਲਾਂ ਕਰ ਰਿਹਾ ਸੀ। ਲਗਭਗ ਦੋ ਹਫ਼ਤਿਆਂ ਤੱਕ ਲਗਾਤਾਰ ਹਮਲੇ ਹੋਣ ਤੋਂ ਬਾਅਦ ਪਿਛਲੇ ਤਿੰਨ ਦਿਨਾਂ ਤੋਂ ਅਮਰੀਕਾ ਅਤੇ ਇਰਾਨ ਵਿਚਾਲੇ ਕੋਈ ਨਵਾਂ ਹਮਲਾ ਨਹੀਂ ਹੋਇਆ ਹੈ। ਟਰੰਪ ਮੁਤਾਬਕ, ਵਿਚੋਲਗੀ ਕਰਨ ਵਾਲੇ ਦੇਸ਼ਾਂ ਦੇ ਕਹਿਣ 'ਤੇ ਅਮਰੀਕਾ ਨੇ ਹਮਲੇ ਰੋਕੇ, ਤਾਂ ਜੋ ਗੱਲਬਾਤ ਨੂੰ ਇੱਕ ਹੋਰ ਮੌਕਾ ਦਿੱਤਾ ਜਾ ਸਕੇ। ਇਰਾਨ ਨੇ ਵੀ ਫਿਲਹਾਲ ਜਵਾਬੀ ਹਮਲੇ ਨਹੀਂ ਕੀਤੇ ਹਨ।

## ਪੇਜ ਇੱਕ ਦੀ ਬਾਕੀ

### ਕੈਨੇਡਾ ਵੱਲੋਂ ਸੈਂਕੜੇ...

ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਟਰਨੈਸ਼ਨਲ ਸਟੂਡੈਂਟਸ ਬਾਰੇ ਟਿੱਪਣੀ ਕੀਤੀ। ਦੂਜੇ ਪਾਸੇ ਆਨਲਾਈਨ ਪਾਸਪੋਰਟ ਰੀਨਿਊ ਕਰਵਾਉਣ ਲਈ ਰੋਜ਼ਾਨਾ 2 ਹਜ਼ਾਰ ਅਰਜ਼ੀਆਂ ਦਾਖ਼ਲ ਹੋਣ ਦੀ ਹੱਦ ਖ਼ਤਮ ਕਰ ਦਿਤੀ ਗਈ ਹੈ।

ਇੰਮੀਗ੍ਰੇਸ਼ਨ ਮੰਤਰੀ ਨੇ ਦੱਸਿਆ ਕਿ ਯੋਗ ਕੈਨੇਡੀਅਨਜ਼ ਜਦੋਂ ਮਰਜ਼ੀ ਆਪਣਾ ਪਾਸਪੋਰਟ ਨਵਿਆਉਣ ਲਈ ਅਰਜ਼ੀਆਂ ਦਾਖ਼ਲ ਕਰ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਰਜ਼ੀਆਂ ਦੀ ਹੱਦ ਖ਼ਤਮ ਹੋਣ ਨਾਲ ਹਜ਼ਾਰਾਂ ਲੋਕਾਂ ਦੀ ਉਡੀਕ ਖ਼ਤਮ ਹੋ ਗਈ ਜੋ ਸਮਾਂ ਰਹਿੰਦੇ ਕਤਾਰ ਵਿਚ ਲੱਗਣ ਤੋਂ ਖੁੰਝ ਜਾਂਦੇ। ਲੀਨਾ ਡਿਐਬ ਨੂੰ ਜਦੋਂ ਪੁੱਛਿਆ ਗਿਆ ਕਿ ਵੱਡੀ ਗਿਣਤੀ ਵਿਚ ਅਰਜ਼ੀਆਂ ਦਾਖ਼ਲ ਹੋਣ ਨਾਲ ਵੈਬਸਾਈਟ ਕਰੈਸ਼ ਤਾਂ ਨਹੀਂ ਹੋ ਜਾਵੇਗੀ ਤਾਂ ਉਨ੍ਹਾਂ ਕਿਹਾ ਕਿ ਪੂਰੀ ਤਸੱਲੀ ਕਰਨ ਤੋਂ ਬਾਅਦ ਹੀ ਨਵਾਂ ਸਿਸਟਮ ਲਾਗੂ ਕੀਤਾ ਗਿਆ ਹੈ। ਇੰਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਸਰਵਿਸ ਕੈਨੇਡਾ ਨਾਲ ਤਾਲਮੇਲ ਅਧੀਨ ਨਵਾਂ ਸਿਸਟਮ ਤਿਆਰ ਕੀਤਾ ਗਿਆ ਹੈ ਅਤੇ ਇਸ ਦੇ ਇਵਜ਼ ਵਿਚ ਕੋਈ ਵਾਧੂ ਫ਼ੀਸ ਵਸੂਲ ਨਹੀਂ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਰਵਿਸ ਕੈਨੇਡਾ ਦੇ ਦਫ਼ਤਰ ਪੁੱਜ ਕੇ ਜਾਂ ਡਾਕ ਰਾਹੀਂ ਪਾਸਪੋਰਟ ਨਵਿਆਉਣ ਦੀ ਸਹੂਲਤ ਪਹਿਲਾਂ ਵਾਂਗ ਜਾਰੀ ਰਹੇਗੀ। ਸਰਵਿਸ ਕੈਨੇਡਾ ਦੇ ਚੋਣਵੇਂ ਦਫ਼ਤਰਾਂ ਵਿਚ 10 ਦਿਨ ਦੇ ਅੰਦਰ ਪਾਸਪੋਰਟ ਦੀ ਸਹੂਲਤ ਪਹਿਲਾਂ ਹੀ ਮਿਲ ਰਹੀ ਹੈ ਪਰ ਇਸ ਵਾਸਤੇ ਖੁਦ ਦਫ਼ਤਰ ਜਾਣਾ ਲਾਜ਼ਮੀ ਕੀਤਾ ਗਿਆ ਹੈ। ਇੰਮੀਗ੍ਰੇਸ਼ਨ ਮੰਤਰੀ ਨੇ ਅੱਗੇ ਦੱਸਿਆ ਕਿ ਨਵਾਂ ਪਾਸਪੋਰਟ ਵੀ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ਜੇ ਪੁਰਾਣਾ ਪਾਸਪੋਰਟ ਐਕਸਪਾਇਰ ਹੋ ਚੁੱਕਾ ਹੈ ਜਾਂ ਐਕਸਪਾਇਰ ਹੋਣ ਵਾਲਾ ਹੈ।

ਆਨਲਾਈਨ ਪਾਸਪੋਰਟ ਅਰਜ਼ੀਆਂ ਨੂੰ 20 ਕੰਮਕਾਜੀ ਦਿਨਾਂ ਵਿਚ ਪ੍ਰੋਸੈਸ ਕੀਤੀ ਜਾਵੇ ਅਤੇ 30 ਦਿਨ ਦੇ ਅੰਦਰ ਪਾਸਪੋਰਟ ਦੇ ਗਾਰੰਟੀ ਹੁਣ ਵੀ ਕਾਇਮ ਹੈ। ਇਸੇ ਦੌਰਾਨ ਰੁਜ਼ਗਾਰ ਅਤੇ ਪਰਵਾਰ ਭਲਾਈ ਮੰਤਰਾਲੇ ਨੇ ਦੱਸਿਆ ਕਿ 2026 ਦੌਰਾਨ 46 ਲੱਖ ਪਾਸਪੋਰਟ ਅਰਜ਼ੀਆਂ ਪੁੱਜਣ ਦੇ ਆਸਾਰ ਹਨ ਜਦਕਿ ਪਿਛਲੇ ਸਾਲ 38 ਲੱਖ ਅਰਜ਼ੀਆਂ ਪੁੱਜੀਆਂ ਸਨ। ਚੇਤੇ ਰਹੇ ਕਿ ਆਨਲਾਈਨ ਪਾਸਪੋਰਟ ਅਰਜ਼ੀਆਂ ਦੀ ਸਹੂਲਤ 16 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਿਆਂ ਨੂੰ ਦਿਤੀ ਗਈ ਪਰ ਕੈਨੇਡਾ ਸਰਕਾਰ ਜਲਦ 16 ਸਾਲ ਤੋਂ ਘੱਟ ਉਮਰ ਵਾਲੇ ਕੈਨੇਡੀਅਨਜ਼ ਵਾਸਤੇ ਵੀ ਇਹ ਸਹੂਲਤ ਸ਼ੁਰੂ ਕਰ ਰਹੀ ਹੈ। ਇੰਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਨੇੜ ਭਵਿੱਖ ਵਿਚ ਨਾ ਸਿਰਫ਼ ਬੱਚਿਆਂ ਬਲਕਿ ਵਿਦੇਸ਼ਾਂ ਵਿਚ ਮੌਜੂਦ ਕੈਨੇਡੀਅਨਜ਼ ਵਾਸਤੇ ਵੀ ਆਨਲਾਈਨ ਅਰਜ਼ੀਆਂ ਦੀ ਸਹੂਲਤ ਉਤੇ ਵਿਚਾਰ ਕੀਤਾ ਜਾ ਰਿਹਾ ਹੈ।

### ਜਪਾਨ 'ਚ ਭੂਚਾਲ...

ਲੋਕਾਂ ਨੂੰ ਲੱਭਣ ਅਤੇ ਬਚਾਉਣ ਲਈ ਆਪਣੀ ਪੂਰੀ ਤਾਕਤ ਲਗਾ ਦੇਵਾਂਗੇ।" ਤਾਕਾਈਚੀ ਨੇ ਪੀੜਤਾਂ ਪ੍ਰਤੀ ਆਪਣੀ ਸੰਵੇਦਨਾ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ, ਨਾਲ ਹੀ ਭੂਚਾਲ ਤੋਂ ਪ੍ਰਭਾਵਿਤ ਲੋਕਾਂ ਨੂੰ ਗਰਮ ਮੌਸਮ ਵਿੱਚ ਆਪਣਾ ਧਿਆਨ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਪਾਨ ਦੀਆਂ ਸਵੈ-ਰੱਖਿਆ ਫ਼ੌਜਾਂ ਨੇ ਬੁਰੀ ਤਰ੍ਹਾਂ ਨੁਕਸਾਨੇ ਗਏ ਸ਼ਾਪਿੰਗ ਮਾਲ ਵਿਖੇ ਖੋਜ ਅਤੇ ਬਚਾਅ ਕਾਰਜਾਂ ਵਿੱਚ ਬਚਾਅ ਕਰਮਚਾਰੀਆਂ ਦਾ ਸਾਥ ਦਿੱਤਾ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਪਾਣੀ, ਭੋਜਨ ਅਤੇ ਹੋਰ ਜ਼ਰੂਰੀ ਵਸਤਾਂ ਪਹੁੰਚਾ ਰਹੀਆਂ ਹਨ। ਕੁਮਾਮੋਟੋ ਦੀ ਸੂਬਾਈ ਰਾਜਧਾਨੀ ਵਿੱਚ ਫਾਇਰ ਡਿਪਾਰਟਮੈਂਟ ਦੇ ਅਨੁਸਾਰ, ਭੂਚਾਲ ਕਾਰਨ ਕਾਸ਼ੀਮਾ ਕਸਬੇ ਵਿੱਚ ਏਓਨ ਮਾਲ ਦੀ ਦੂਜੀ ਮੰਜ਼ਿਲ ਡਿੱਗ ਗਈ, ਜਿਸ ਵਿੱਚ ਲੋਕ ਫਸ ਗਏ।

ਕਿਓਡੋ ਨਿਊਜ਼ ਨੇ ਦੱਸਿਆ ਕਿ ਯਾਤਸ਼ੀਰੋ ਸ਼ਹਿਰ ਦੇ ਇੱਕ ਹਸਪਤਾਲ ਵਿੱਚ ਜ਼ਖਮੀ ਹੋਏ ਲਗਪਗ 40 ਲੋਕਾਂ ਨੂੰ ਦਾਖਲ ਕਰਵਾਇਆ ਗਿਆ ਅਤੇ ਲਗਭਗ 50 ਹੋਰਾਂ ਨੂੰ ਕੁਮਾਮੋਟੋ ਸ਼ਹਿਰ ਦੇ ਇੱਕ ਹਸਪਤਾਲ ਵਿੱਚ ਲਿਜਾਇਆ ਗਿਆ। ਜਪਾਨ ਮੌਸਮ ਵਿਗਿਆਨ ਏਜੰਸੀ ਦੇ ਸ਼ਿਨਜੀ ਕਿਯੋਮੋਟੋ ਨੇ ਸੰਭਾਵੀ ਝਟਕਿਆਂ ਕਾਰਨ ਨਿਵਾਸੀਆਂ ਨੂੰ ਅਗਲੇ ਦੋ ਤੋਂ ਤਿੰਨ ਦਿਨਾਂ ਤੱਕ ਸਾਵਧਾਨ ਰਹਿਣ ਦੀ ਅਪੀਲ ਕੀਤੀ।

### ਜਗਮੀਤ ਸਿੰਘ ਨੂੰ...

ਤੋਂ ਦੋ ਵਾਰ ਸੰਸਦ ਮੈਂਬਰ ਚੁਣਿਆ ਗਿਆ। ਉਸਦੀ ਪ੍ਰਧਾਨਗੀ ਹੇਠ ਜਸਟਿਨ ਟਰੂਡੋ ਦੀ ਘੱਟ ਗਿਣਤੀ ਸਰਕਾਰ ਦੇ ਸਮਰਥਨ ਬਦਲੇ ਸਰਕਾਰ ਤੋਂ ਲੋਕਾਂ ਦੀਆਂ ਕੁਝ ਭਖਦੀਆਂ ਮੰਗਾਂ ਨੂੰ ਸਿਰੇ ਚੜਾਈਆਂ ਗਈਆਂ ਗਈਆਂ। ਪਰ ਪਿਛਲੇ ਸਾਲ ਹੋਈਆਂ ਸੰਸਦੀ ਚੋਣਾਂ ਮੌਕੇ ਪਾਰਟੀ ਦੀ ਮਾੜੀ ਕਾਰਗੁਜਾਰੀ ਕਾਰਨ ਉਸ ਨੂੰ ਪ੍ਰਧਾਨਗੀ ਤੋਂ ਲਾਂਭੇ ਹੋਣਾ ਪਿਆ ਸੀ।

ਡੈਸਟੀਨੇਸ਼ਨ ਕੈਨੇਡਾ ਫੈਡਰਲ ਸਰਕਾਰ ਦਾ ਨਿਗਮ ਹੈ, ਜਿਸ ਵਲੋਂ ਆਲਮੀ ਪੱਧਰ ਤੇ ਵਿਚਰਦਿਆਂ ਲੋਕਾਂ ਨੂੰ ਕੈਨੇਡਾ ਯਾਤਰਾ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਸੈਰ ਸਪਾਟੇ ਤੋਂ ਹੋਣ ਵਾਲੀ ਕਮਾਈ ਕੈਨੇਡਾ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਰ ਪਾਉਂਦੀ ਹੈ। ਕੈਨੇਡਾ ਦੇ ਕਾਮਿਆਂ ਚੋਂ 10 ਫੀਸਦ ਲੋਕ ਸਿੱਧੇ ਜਾਂ ਅਸਿੱਧੇ ਸੈਰ ਸਪਾਟੇ ਨਾਲ ਜੁੜੇ ਹੋਏ ਹਨ ਅਤੇ ਸੈਰ ਸਪਾਟੇ ਤੇ ਆਏ ਲੋਕਾਂ ਵਲੋਂ ਇੱਥੇ 36 ਕਰੋੜ ਡਾਲਰ ਰੋਜ਼ਾਨਾ ਖਰਚੇ ਜਾਂਦੇ ਹਨ। ਹਾਲ ਹੀ ਵਿੱਚ ਹੋਏ ਫੀਫਾ ਕੱਪ ਕਾਰਨ ਇਸ ਸਾਲ ਕੈਨੇਡਾ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਵਿੱਚ ਸੈਰ ਸਪਾਟੇ ਤੋਂ ਹੀ ਪੌਣੇ ਚਾਰ ਅਰਬ ਡਾਲਰ ਜੁੜਨ ਦੀ ਉਮੀਦ ਪ੍ਰਗਟਾਈ ਗਈ ਹੈ, ਜੋ ਕੈਨੇਡਾ ਦੀ ਜੀਡੀਪੀ ਦਾ 6 ਫੀਸਦ ਬਣਦਾ ਹੈ।

### ਅਮਰੀਕਾ ਨੇ ਡਿਪੋਰਟ...

ਦੂਜੇ ਪਾਸੇ ਇੰਮੀਗ੍ਰੇਸ਼ਨ ਅਦਾਲਤਾਂ ਵਿਚ ਗ੍ਰਿਫ਼ਤਾਰੀਆਂ ਦੀ ਰਫ਼ਤਾਰ ਵੀ ਲਗਾਤਾਰ ਜਾਰੀ ਹੈ ਅਤੇ ਪ੍ਰਵਾਸੀਆਂ ਦੇ ਅਦਾਲਤ ਵਿਚ ਕਦਮ ਰੱਖਣ ਤੋਂ ਪਹਿਲਾਂ ਹੀ ਇੰਮੀਗ੍ਰੇਸ਼ਨ ਜੱਜ ਉਨ੍ਹਾਂ ਨੂੰ ਡਿਪੋਰਟ ਕਰਨ ਦੇ ਹੁਕਮ ਸੁਣਾ ਰਹੇ ਹਨ।

ਹਜ਼ਾਰਾਂ ਪ੍ਰਵਾਸੀਆਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਹੀ ਨਹੀਂ ਦਿਤਾ ਜਾ ਰਿਹਾ ਅਤੇ ਅਦਾਲਤਾਂ ਵਿਚ ਕਤਾਰਾਂ ਲੰਮੀਆਂ ਹੁੰਦੀਆਂ ਜਾ ਰਹੀਆਂ ਹਨ। ਇਕ ਮੀਡੀਆ ਰਿਪੋਰਟ ਵਿਚ ਸ਼ਿਕਾਗੋ ਦੇ ਇਕ ਇੰਮੀਗ੍ਰੇਸ਼ਨ ਜੱਜ ਦੀ ਮਿਸਾਲ ਪੇਸ਼ ਕੀਤੀ ਗਈ ਹੈ ਜਿਸ ਵੱਲੋਂ ਸਿਰਫ਼ ਇਕ ਦਿਨ ਵਿਚ 185 ਮਾਮਲਿਆਂ ਦਾ ਨਿਬੇੜਾ ਕਰ ਦਿਤਾ ਗਿਆ। ਅਮਰੀਕਾ ਵਿਚ ਹੁਣ ਤੱਕ ਇਕ ਸਿਟਿੰਗ ਦੌਰਾਨ ਕਿਸੇ ਜੱਜ ਵੱਲੋਂ ਵੱਧ ਤੋਂ ਵੱਧ 20 ਕੇਸ ਨਿਬੇੜਨ ਦੀ ਰਿਕਾਰਡ ਦਰਜ ਸੀ। ਸ਼ਿਕਾਗੋ ਦੇ ਇੰਮੀਗ੍ਰੇਸ਼ਨ ਜੱਜਾਂ ਵੱਲੋਂ ਜਾਰੀ ਡਿਪੋਰਟੇਸ਼ਨ ਹੁਕਮਾਂ ਦੀ ਗਿਣਤੀ 120 ਫ਼ੀ ਸਦੀ ਵਧ ਚੁੱਕੀ ਹੈ ਅਤੇ 78 ਫ਼ੀ ਸਦੀ ਮਾਮਲਿਆਂ ਵਿਚ ਦੇਸ਼ ਨਿਕਾਲੇ ਦੇ ਹੁਕਮ ਸਬੰਧਤ ਪ੍ਰਵਾਸੀਆਂ ਦੀ ਗੈਰਹਾਜ਼ਰੀ ਦੌਰਾਨ ਜਾਰੀ ਕੀਤੇ ਗਏ। ਉਧਰ ਵੱਡੀ ਗਿਣਤੀ ਵਿਚ ਪ੍ਰਵਾਸੀਆਂ ਨੇ ਸ਼ਿਕਾਇਤ ਕੀਤੀ ਹੈ ਕਿ ਪੇਸ਼ੀ ਦੀ ਤਰੀਕ ਨਵੇਂ ਸਿਰੇ ਤੋਂ ਤੈਅ ਕਰਨ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਦਿਤੀ ਗਈ।

### ਕੈਨੇਡਾ ਵਾਲਿਆਂ...

ਰਕਮ ਵੱਖੋ ਵੱਖਰੀ ਦੱਸੀ ਜਾ ਰਹੀ ਹੈ। ਦਾ ਗਾਰਡੀਅਨ ਦੀ ਰਿਪੋਰਟ ਵਿਚ ਅਮਰੀਕਾ ਦਾ ਨੁਕਸਾਨ 3.3 ਅਰਬ ਡਾਲਰ ਦੱਸਿਆ ਗਿਆ ਹੈ ਜਦਕਿ ਇਕ ਰਿਪੋਰਟ 5 ਪੰਜ ਅਰਬ ਡਾਲਰ ਤੱਕ ਦੇ ਨੁਕਸਾਨ ਦਾ ਜ਼ਿਕਰ ਕਰ ਰਹੀ ਹੈ। ਕੈਨੇਡਾ ਸਰਕਾਰ ਦੇ ਅੰਕੜੇ ਕਹਿੰਦੇ ਹਨ ਕਿ 2024 ਦੇ ਮੁਕਾਬਲੇ 2025 ਦੌਰਾਨ ਕੈਨੇਡੀਅਨਜ਼ ਦੇ ਅਮਰੀਕਾ ਗੇੜਿਆਂ ਵਿਚ 7 ਮਿਲੀਅਨ ਦੀ ਕਮੀ ਆਈ। ਇਸ ਦੇ ਉਲਟ ਕੈਨੇਡਾ ਵਾਲਿਆਂ ਨੇ ਆਪਣੇ ਮੁਲਕ ਵਿਚ ਸੈਰ ਸਪਾਟੇ ਨੂੰ ਤਰਜੀਹ ਦਿਤੀ ਅਤੇ ਅਰਥਚਾਰੇ ਨੂੰ ਹੁਲਾਰਾ ਦੇਣ ਵਿਚ ਸਫ਼ਲ ਰਹੇ। ਡੌਨਲਡ ਟਰੰਪ ਦੀਆਂ ਇੰਮੀਗ੍ਰੇਸ਼ਨ ਨੀਤੀਆਂ, ਕੈਨੇਡੀਅਨ ਉਤਪਾਦਾਂ ਉਤੇ ਟੈਰਿਫ਼ਸ ਅਤੇ ਕੈਨੇਡਾ ਨੂੰ ਵਾਰ ਵਾਰ 51ਵਾਂ ਸੂਬਾ ਦੱਸਣ ਕਰ ਕੇ ਕੈਨੇਡੀਅਨਜ਼ ਦਾ ਮਨ ਖੱਟਾ ਹੋਇਆ।

### ਅਮਰੀਕਾ 'ਚ ਸੈਂਕੜੇ...

ਪਹੁੰਚਾਉਣ ਵਾਲੀ ਏਅਰਲਾਈਨ ਠੱਪ ਹੋ ਗਈ। ਅਮਰੀਕਾ ਤੋਂ ਬਾਹਰ ਮੌਜੂਦ ਮੁਸਾਫ਼ਰ ਵੀ ਪ੍ਰਭਾਵਤ ਹੋਏ ਜਿਨ੍ਹਾਂ ਵੱਲੋਂ ਅਮੈਰਿਕਨ ਏਅਰਲਾਈਨਜ਼ ਦੀ ਫ਼ਲਾਈਟ ਰਾਹੀਂ ਵਾਪਸੀ ਕੀਤੀ ਜਾਣੀ ਸੀ। ਅਮੈਰਿਕਨ ਏਅਰਲਾਈਨਜ਼ ਵੱਲੋਂ ਆਈ.ਟੀ. ਸਿਸਟਮ ਫੇਲ ਹੋਣ ਦੇ ਕਾਰਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਪਰ ਕੁਝ ਸਮੇਂ ਬਾਅਦ ਹਾਲਾਤ ਕਾਬੂ ਹੇਠ ਆਉਂਦੇ ਨਜ਼ਰ ਆਏ। 1,500 ਤੋਂ ਵੱਧ ਲੋਕਾਂ ਨੇ ਏਅਰਲਾਈਨ ਦੀ ਐਪ ਅਤੇ ਵੈਬਸਾਈਟ ਵਿਚ ਗੜਬੜੀ ਦੀ ਸ਼ਿਕਾਇਤ ਦਰਜ ਕਰਵਾਈ ਅਤੇ ਅਮੈਰਿਕਨ ਏਅਰਲਾਈਨ ਨੇ ਮੰਨਿਆ ਕਿ ਤਕਨੀਕੀ ਸਮੱਸਿਆ ਕਰ ਕੇ ਕੁਨੈਕਟੀਵਿਟੀ ਪ੍ਰਭਾਵਤ ਹੋਈ।

ਸੋਸ਼ਲ ਮੀਡੀਆ ਰਾਹੀਂ ਟਿੱਪਣੀ ਕਰਦਿਆਂ ਏਅਰਲਾਈਨ ਨੇ ਕਿਹਾ ਕਿ ਆਈ.ਟੀ. ਸੈੱਲ ਦੀ ਟੀਮ ਸਿਸਟਮ ਨੂੰ ਬਹਾਲ ਕਰਨ ਵਿਚ ਜੁਟੀ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਵਿਚ ਘਰੇਲੂ ਪੱਧਰ ਅਤੇ ਕੌਮਾਂਤਰੀ ਪੱਧਰ 'ਤੇ ਟੇਕ ਔਫ਼ ਕਰ ਚੁੱਕੀਆਂ ਫ਼ਲਾਈਟਸ ਇਸ ਗੜਬੜੀ ਕਰ ਕੇ ਪ੍ਰਭਾਵਤ ਨਹੀਂ ਹੋਈਆਂ। ਮੰਗਲਵਾਰ ਬਾਅਦ ਦੁਪਹਿਰ ਸ਼ੁਰੂ ਹੋਈ ਸਮੱਸਿਆ ਨੂੰ ਸ਼ਾਮ ਹੋਣ ਤੱਕ ਸੁਲਝਾਅ ਲਿਆ ਗਿਆ ਅਤੇ ਕੁਝ ਹਵਾਈ ਅੱਡਿਆਂ ਤੋਂ ਫ਼ਲਾਈਟਸ ਨੇ ਪਹਿਲਾਂ ਵਾਂਗ ਉਡਾਣ ਭਰਨੀ ਸ਼ੁਰੂ ਕਰ ਦਿਤੀ। ਅਮੈਰਿਕਨ ਏਅਰਲਾਈਨਜ਼ ਵੱਲੋਂ ਆਪਣੇ ਮੁਸਾਫ਼ਰਾਂ ਨੂੰ ਹੋਈ ਪ੍ਰੇਸ਼ਾਨੀ ਵਾਸਤੇ ਮੁਆਫ਼ੀ ਮੰਗੀ ਗਈ ਹੈ।

### ਕੈਨੇਡਾ ਨੇ ਭਾਰਤੀਆਂ...

ਉਤੇ ਚੱਲੇ ਆਰੇ ਦਾ ਸਭ ਤੋਂ ਵੱਧ ਅਸਰ ਭਾਰਤੀ ਲੋਕਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਦੇ ਪੱਕੇ ਵੀਜ਼ੇ ਤੋਂ ਹੱਥ ਧੋਣ ਵਾਲਿਆਂ ਵਿਚੋਂ 48 ਫ਼ੀ ਸਦੀ ਭਾਰਤੀ ਬਣਦੇ ਹਨ। ਸਟੱਡੀ ਵੀਜ਼ਾ ਦੀ ਮਿਸਾਲ ਪੇਸ਼ ਕੀਤੀ ਜਾਵੇ ਤਾਂ 2023 ਵਿਚ 2 ਲੱਖ 78 ਹਜ਼ਾਰ ਭਾਰਤੀ ਨੌਜਵਾਨਾਂ ਨੂੰ ਕੈਨੇਡਾ ਦਾ ਜਹਾਜ਼ ਚੜ੍ਹਨ ਦਾ ਮੌਕਾ ਮਿਲਿਆ ਪਰ 2025 ਵਿਚ ਅੰਕੜਾ 93,840 ਰਹਿ ਗਿਆ ਅਤੇ ਮੌਜੂਦਾ ਵਰ੍ਹੇ ਦੌਰਾਨ ਹਾਲਾਤ ਹੋਰ ਵੀ ਡਾਵਾਂਡੋਲ ਨਜ਼ਰ ਆ ਰਹੇ ਹਨ। ਕੈਲਗਰੀ ਅਤੇ ਐਡਮਿੰਟਨ ਵਿਖੇ ਵਰਕ ਪਰਮਿਟ ਵਾਸਤੇ ਸੰਘਰਸ਼ ਕਰ ਰਹੇ ਨੌਜਵਾਨਾਂ ਨੇ 2023 ਦੇ ਅਖੀਰ ਜਾਂ 2024 ਦੇ ਆਰੰਭ ਵਿਚ ਕੈਨੇਡਾ ਦੀ ਧਰਤੀ 'ਤੇ ਕਦਮ ਰੱਖਿਆ ਅਤੇ ਇਸ ਵੇਲੇ ਭਵਿੱਖ ਘੁੱਪ ਹਨੇਰੇ ਵਿਚ ਡੁੱਬਿਆ ਮਹਿਸੂਸ ਹੋ ਰਿਹਾ ਹੈ। 'ਨੈਸ਼ਨਲ ਪੋਸਟ' ਦੀ ਰਿਪੋਰਟ ਮੁਤਾਬਕ ਰਾਜਾਂ ਦੇ ਹਿਸਾਬ ਨਾਲ ਸਭ ਤੋਂ ਵੱਧ ਨੁਕਸਾਨ ਉਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਨੂੰ ਬਰਦਾਸ਼ਤ ਕਰਨਾ ਪਿਆ ਹੈ ਜਿਥੇ ਨਵੇਂ ਪਰਮਾਨੈਂਟ ਰੈਜ਼ੀਡੈਂਟਸ ਦੀ ਗਿਣਤੀ 34 ਫ਼ੀ ਸਦੀ ਅਤੇ 40 ਫ਼ੀ ਸਦੀ ਹੇਠਾਂ ਗਈ।

**ਕੈਲਗਰੀ ਅਤੇ ਐਡਮਿੰਟਨ ਵਿਖੇ ਪੰਜਾਬੀਆਂ ਦੀ ਭੁੱਖ ਹੜਤਾਲ ਜਾਰੀ**

ਇਸ ਦੇ ਉਲਟ ਕਿਊਬੈਕ ਵਿਚ 12 ਫ਼ੀ ਸਦੀ ਵਾਧਾ ਹੋਇਆ ਹੈ ਪਰ ਸੂਬੇ ਦਾ ਵੱਖਰਾ ਇੰਮੀਗ੍ਰੇਸ਼ਨ ਸਿਸਟਮ ਹੋਣ ਕਰ ਕੇ ਅੰਕੜਾ ਜ਼ਿਆਦਾ ਮੰਨਿਆ ਜਾ ਸਕਦਾ ਹੈ। ਦੂਜੇ ਪਾਸੇ ਕੈਨੇਡਾ ਵਿਚ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਕੌਮੀ ਪੱਧਰ 'ਤੇ 35 ਫ਼ੀ ਸਦੀ ਘਟ ਚੁੱਕੀ ਹੈ। ਪਿਛਲੇ ਸਾਲ ਸਾਲ ਦੇ ਇਸੇ ਸਮੇਂ ਦੌਰਾਨ 28,450 ਅਸਾਇਲਮ ਕਲੇਮ ਦਾਖ਼ਲ ਹੋਏ ਜਦਕਿ ਮੌਜੂਦਾ ਵਰ੍ਹੇ ਦੌਰਾਨ ਅੰਕੜਾ 18,605 ਦਰਜ ਕੀਤਾ ਗਿਆ। ਰਾਜਾਂ ਦੇ ਹਿਸਾਬ ਨਾਲ ਕਿਊਬੈਕ ਵਿਚ 45 ਫ਼ੀ ਸਦੀ ਅਤੇ ਉਨਟਾਰੀਓ ਵਿਚ 35 ਫ਼ੀ ਸਦੀ ਕਮੀ ਦਰਜ ਕੀਤੀ ਗਈ। ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਬਿਲ ਸੀ-12 ਲਾਗੂ ਹੋਣ ਦਾ ਅਸਰ ਅਸਾਇਲਮ ਕਲੇਮਜ਼ 'ਤੇ ਪਿਆ ਹੈ ਅਤੇ ਪਿਛਲੇ ਵਰ੍ਹੇ ਦੇ ਮੁਕਾਬਲੇ ਘੱਟ ਦਾਅਵੇ ਸਾਹਮਣੇ ਆ ਰਹੇ ਹਨ। ਇਥੇ ਦਸਣਾ ਬਣਦਾ ਹੈ ਕਿ ਪਰਮਾਨੈਂਟ ਰੈਜ਼ੀਡੈਂਸ ਦੇ ਮਾਮਲੇ ਵਿਚ ਭਾਰਤ ਤੋਂ ਬਾਅਦ ਸਭ ਤੋਂ ਜ਼ਿਆਦਾਤਰ ਅਸਰ ਐਰੀਟ੍ਰੀਆ ਅਤੇ ਅਫ਼ਗਾਨਿਸਤਾਨ ਉਤੇ ਦੇਖਣ ਨੂੰ ਮਿਲ ਰਿਹਾ ਹੈ ਜਿਥੋਂ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ 42 ਫ਼ੀ ਸਦੀ ਅਤੇ 40 ਫ਼ੀ ਸਦੀ ਘਟ ਗਈ। ਫ਼ਿਲੀਪੀਨਜ਼ ਤੋਂ ਆਉਣ ਵਾਲਿਆ ਦੀ ਗਿਣਤੀ 13 ਫ਼ੀ ਸਦੀ ਘਟੀ ਜਦਕਿ ਚੀਨ ਤੋਂ ਆਉਣ ਵਾਲਿਆਂ ਦੇ ਅੰਕੜੇ ਵਿਚ 25 ਫ਼ੀ ਸਦੀ ਗਿਰਾਵਟ ਦਰਜ ਕੀਤੀ ਗਈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace
Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ‘ਇਹ ਕਿਹੋ ਜਿਹੇ ਵਿਦਿਆਰਥੀ...’, ਪ੍ਰਦਰਸ਼ਨ ਦੌਰਾਨ ਵਰਤੀ ਭਾਸ਼ਾ ਨੂੰ ਲੈ ਕੇ MP ਕੰਗਨਾ ਰਣੌਤ ਦਾ ਵੱਡਾ ਬਿਆਨ




ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਦਾ ਨਵੀਂ ਦਿੱਲੀ ਵਿੱਚ ਹਾਲ ਹੀ ਵਿੱਚ ਹੋਏ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਵਾਲੇ ਵਿਦਿਆਰਥੀ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਲੋਕਾਂ ‘ਤੇ ਵੱਡਾ ਬਿਆਨ ਸਾਹਮਣੇ ਆਇਆ ਹੈ।

ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੇ ਕਿਹਾ, “ਸਾਡੇ 75 ਸਾਲਾ ਪ੍ਰਧਾਨ ਮੰਤਰੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਉਨ੍ਹਾਂ ਦੀ ਸਵਰਗੀ ਮਾਂ ਲਈ ਅਸ਼ਲੀਲ ਭਾਸ਼ਾ ਦੀ ਵਰਤੋਂ ਕੀਤੀ ਗਈ। ਅਸੀਂ ਵੀ ਵਿਦਿਆਰਥੀ ਅੰਦੋਲਨਾਂ ਵਿੱਚ ਹਿੱਸਾ ਲਿਆ ਹੈ। ਪਰ ਇਹ ਕਿਸ ਤਰ੍ਹਾਂ ਦੇ ਵਿਦਿਆਰਥੀ ਹਨ, ਅਤੇ ਉਹ ਕਿਸ ਤਰ੍ਹਾਂ ਦੀ ਅਸ਼ਲੀਲ ਭਾਸ਼ਾ ਵਰਤ ਰਹੇ ਹਨ? ਅਜਿਹੀ ਭਾਸ਼ਾ ਵਰਤਣ ਵਾਲਿਆਂ ਨੂੰ ਵਿਦਿਆਰਥੀ ਨਹੀਂ ਕਿਹਾ ਜਾ ਸਕਦਾ।”

ਰਣੌਤ ਨੇ ਕਿਹਾ, “ਜੇਕਰ ਇਨ੍ਹਾਂ ਲੋਕਾਂ ਨੂੰ ਭਵਿੱਖ ਵਿੱਚ ਸੁਪਰੀਮ ਕੋਰਟ ਦੇ ਵਕੀਲਾਂ ਜਾਂ ਕਾਨੂੰਨੀ ਸਲਾਹ ਦੀ ਲੋੜ ਹੈ, ਤਾਂ ਕੀ ਉਨ੍ਹਾਂ ਦੇ ਮਾਪੇ ਇਸ ਦਾ ਖਰਚਾ ਚੁੱਕ ਸਕਣਗੇ? ਉਨ੍ਹਾਂ ਕੋਲ ਖੁਦ ਇਸ ਦਾ ਭੁਗਤਾਨ ਕਰਨ ਦੇ ਸਾਧਨ ਨਹੀਂ ਹਨ। ਅਸੀਂ 16 ਸਾਲ ਦੀ ਉਮਰ ਵਿੱਚ ਆਪਣਾ ਕਰੀਅਰ ਬਣਾਉਣਾ ਸ਼ੁਰੂ ਕੀਤਾ ਸੀ। ਅਸੀਂ ਕਦੇ ਵੀ ਆਪਣੇ ਮਾਪਿਆਂ ‘ਤੇ ਬੋਝ ਨਹੀਂ ਬਣੇ... ਇੱਕ ਸਮਾਜ ਦੇ ਤੌਰ ‘ਤੇ ਇਹ ਬਿਲਕੁਲ ਵੀ ਸਵੀਕਾਰ ਨਹੀਂ ਹੈ।”

ਮੰਡੀ ਸੰਸਦ ਮੈਂਬਰ ਨੇ ਕਿਹਾ ਕਿ ਉਹ ਵਿਰੋਧ ਪ੍ਰਦਰਸ਼ਨਾਂ ਦੀਆਂ ਵੀਡੀਓ ਦੇਖ ਕੇ ਇੱਕ ਸਖ਼ਤ ਸ਼ਬਦਾਂ ਵਾਲੀ ਪੋਸਟ ਵਿੱਚ, ਕੰਗਨਾ ਰਣੌਤ ਨੇ ਪ੍ਰਦਰਸ਼ਨਕਾਰੀਆਂ ਦੇ ਭਾਸ਼ਣ ‘ਤੇ ਲਿਖਿਆ, “ਜਿਸ ਤਰੀਕੇ ਨਾਲ ਉਹ ਗੱਲ ਕਰਦੇ ਹਨ ਅਤੇ ਜਿਸ ਭਾਸ਼ਾ ਦੀ ਵਰਤੋਂ ਕਰਦੇ ਹਨ, ਮੈਂ ਆਪਣੀ ਜ਼ਿੰਦਗੀ ਵਿੱਚ ਹਰ ਫਰੇਮ ਵਿੱਚ ਇੰਨੀਆਂ ਅਜੀਬ ਅਤੇ ਭੱਦੀਆਂ ਚੀਜ਼ਾਂ ਇਕੱਠੀਆਂ ਨਹੀਂ ਵੇਖੀਆਂ।” ਕੰਗਨਾ ਦਾ ਇਹ ਬਿਆਨ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਮਗਰੋਂ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਉਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਇਸਨੂੰ ਵਿਦਿਆਰਥੀਆਂ ਦੇ ਹਿੱਤ ਵਿੱਚ ਇੱਕ ਇਤਿਹਾਸਕ ਕਦਮ ਦੱਸਿਆ ਸੀ। ਕੰਗਨਾ ਨੇ ਕਿਹਾ ਕਿ ਦੇਸ਼ ਲੰਬੇ ਸਮੇਂ ਤੋਂ ਪ੍ਰੀਖਿਆਵਾਂ ਵਿੱਚ ਨਕਲ ਅਤੇ ਪੇਪਰ ਲੀਕ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਪਰ ਪਹਿਲੀ ਵਾਰ ਕਿਸੇ ਸਰਕਾਰ ਨੇ ਇਨ੍ਹਾਂ ਨੂੰ ਰੋਕਣ ਲਈ ਇੰਨੀ ਸਖ਼ਤ ਕਾਰਵਾਈ ਕੀਤੀ ਹੈ।

# ਜੇ ਗੱਲਬਾਤ ਸਿਰੇ ਨਾ ਚੜ੍ਹੀ ਤਾਂ ਅਮਰੀਕਾ ਫੌਜੀ ਕਾਰਵਾਈ ਲਈ ਤਿਆਰ: ਟਰੰਪ

## ਇਰਾਨ ਵੱਲੋਂ ਗੁਆਂਢੀ ਦੇਸ਼ਾਂ 'ਤੇ ਡਰੋਨ ਹਮਲੇ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਇਸ ਸਮੇਂ ਇਰਾਨ ਨਾਲ ਵਿਸਥਾਰ ਵਿਚ ਗੱਲਬਾਤ ਕਰ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕੂਟਨੀਤੀ ਅਸਫਲ ਹੁੰਦੀ ਹੈ ਤਾਂ ਉਹ ਸਖ਼ਤ ਫ਼ੌਜੀ ਕਾਰਵਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਟਰੰਪ ਨੇ ਸਪਸ਼ਟ ਕੀਤਾ ਕਿ ਗੱਲਬਾਤ ਲਈ ਜ਼ਿਆਦਾ ਸਮਾਂ ਨਹੀਂ ਦਿੱਤਾ ਜਾਵੇਗਾ, ਇਹ ਜਾਂ ਤਾਂ ਜਲਦੀ ਸਿਰੇ ਚੜ੍ਹੇਗੀ ਜਾਂ ਬਿਲਕੁਲ ਨਹੀਂ। ਦੂਜੇ ਪਾਸੇ, ਅਮਰੀਕੀ ਹਮਲੇ ਰੁਕਣ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਬ੍ਰੈਂਟ ਕਰੂਡ ਆਇਲ (Brent Crude), ਜੋ ਪਿਛਲੇ ਹਫ਼ਤੇ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਚਲਾ ਗਿਆ ਸੀ, ਸੋਮਵਾਰ ਨੂੰ ਲਗਪਗ 6.5 ਫ਼ੀਸਦੀ ਡਿੱਗ ਕੇ 90 ਡਾਲਰ ਪ੍ਰਤੀ ਬੈਰਲ ਦੇ ਆਸ-ਪਾਸ ਆ ਗਿਆ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਟਰੰਪ ਨੇ ਹਵਾਈ ਹਮਲੇ ਇਸ ਲਈ ਰੋਕੇ ਹਨ ਕਿਉਂਕਿ ਫ਼ੌਜੀ ਕਮਾਂਡਰਾਂ ਨੇ ਸਲਾਹ ਦਿੱਤੀ ਸੀ ਕਿ ਹਮਲੇ ਕਰਨ ਲਈ ਹੁਣ ਨਿਸ਼ਾਨੇ ਖ਼ਤਮ ਹੋ ਰਹੇ ਹਨ ਅਤੇ ਗੋਲਾ-ਬਾਰੂਦ ਘੱਟ ਰਿਹਾ ਹੈ।

ਇਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਪ੍ਰੈੱਸ ਕਾਨਫਰੰਸ ਵਿੱਚ ਸਪੱਸ਼ਟ ਕੀਤਾ ਕਿ ਇਰਾਨ ਨੇ ਅਮਰੀਕਾ ਨਾਲ ਸ਼ਾਂਤੀ ਸਬੰਧੀ ਗੱਲਬਾਤ ਮੁੜ ਸ਼ੁਰੂ ਕਰਨ ਦੀ ਕੋਈ ਅਪੀਲ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਰਿਪੋਰਟਾਂ ਬਿਲਕੁਲ ਬੇਬੁਨਿਆਦ ਹਨ ਅਤੇ ਗੱਲਬਾਤ ਲਈ ਹਾੜੇ ਕੱਢਣਾ ਉਨ੍ਹਾਂ ਦੇ ਸੁਭਾਅ ਵਿੱਚ ਨਹੀਂ ਹੈ। ਇਸ ਦੇ ਨਾਲ ਹੀ ਇਰਾਨੀ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਸੋਮਵਾਰ ਸਵੇਰੇ ਇਰਾਨ ਦੀ ਇਜਾਜ਼ਤ ਤੋਂ ਬਿਨਾਂ ਹਰਮੁਜ਼ ਜਲ ਮਾਰਗ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਛੇ ਜਹਾਜ਼ਾਂ ਨੂੰ ਵਾਪਸ ਮੋੜ ਦਿੱਤਾ ਗਿਆ ਹੈ। ਇਰਾਨ ਚਾਹੁੰਦਾ ਹੈ ਕਿ ਜਹਾਜ਼ ਸਿਰਫ਼ ਉਸ ਦੇ ਤੱਟ ਦੇ ਨੇੜੇ ਵਾਲੇ ਚੈਨਲ ਰਾਹੀਂ ਹੀ ਗੁਜ਼ਰਨ ਜਿੱਥੇ ਉਹ ਟਰਾਂਜ਼ਿਟ ਫ਼ੀਸ ਵਸੂਲਣਾ ਚਾਹੁੰਦਾ ਹੈ, ਜਦਕਿ ਅਮਰੀਕਾ ਇਸ ਸਮੁੰਦਰੀ ਰਸਤੇ ਦੀ ਆਜ਼ਾਦੀ ’ਤੇ ਜ਼ੋਰ ਦੇ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਰਾਨ ਖ਼ਿਲਾਫ਼ ਹਵਾਈ ਹਮਲਿਆਂ ਦੀ ਮੁਹਿੰਮ ਨੂੰ ਦੋ ਹਫ਼ਤਿਆਂ ਲਈ ਰੋਕਣ ਦੇ ਐਲਾਨ ਤੋਂ ਮਹਿਜ਼ ਦੋ ਦਿਨ ਬਾਅਦ ਸੋਮਵਾਰ ਨੂੰ ਸਾਊਦੀ ਅਰਬ, ਜਾਰਡਨ ਅਤੇ ਇਰਾਕ ਵਿੱਚ ਡਰੋਨ ਹਮਲੇ ਕੀਤੇ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਇਨ੍ਹਾਂ ਘਟਨਾਵਾਂ ਤੋਂ ਜਾਪਦਾ ਹੈ ਕਿ ਇਰਾਨ ਵੱਲੋਂ ਅਮਰੀਕੀ ਰਾਸ਼ਟਰਪਤੀ ਦੇ ਇਸ ਨਵੇਂ ਫ਼ੈਸਲੇ ਦੀ ਪਰਖ ਕੀਤੀ ਜਾ ਰਹੀ ਹੈ।

ਸਾਊਦੀ ਅਰਬ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਰਾਜਧਾਨੀ ਰਿਆਧ ਸਮੇਤ ਕਈ ਤੇਲ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਭੇਜੇ ਗਏ ਡਰੋਨਾਂ ਨੂੰ ਨਕਾਰਾ ਕਰ ਦਿੱਤਾ ਹੈ। ਸਾਊਦੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਡਰੋਨ ਇਰਾਕ ਤੋਂ ਇਰਾਨ ਪੱਖੀ ਹਥਿਆਰਬੰਦ ਸਮੂਹਾਂ ਵੱਲੋਂ ਦਾਗੇ ਗਏ ਸਨ ਅਤੇ ਦੇਸ਼ ਕੋਲ ਇਸ ਦਾ ਢੁਕਵਾਂ ਜਵਾਬ ਦੇਣ ਦਾ ਪੂਰਾ ਹੱਕ ਹੈ। ਇਸ ਤੋਂ ਇਲਾਵਾ, ਯਮਨ ਦੇ ਹੂਤੀ ਬਾਗ਼ੀਆਂ ਨੇ ਵੀ ਸਾਊਦੀ ਅਰਬ ਦੇ ਮੁੱਖ ਲਾਲ ਸਾਗਰ ਤੇਲ ਬੰਦਰਗਾਹ ਯਾਨਬੂ ਵੱਲ ਜਾਣ ਵਾਲੇ ਤੇਲ ਰੂਟਾਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਹੈ। ਇਸ ਦੌਰਾਨ ਜਾਰਡਨ ਅਤੇ ਉੱਤਰੀ ਇਰਾਕ ਵਿੱਚ ਵੀ ਕਈ ਡਰੋਨ ਦੇਖੇ ਗਏ ਅਤੇ ਹਮਲਿਆਂ ਦੀ ਸੂਚਨਾ ਮਿਲੀ ਹੈ।

# ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਬਰਨਾਲਾ ਆਮਦ 'ਤੇ ਭਾਰਤੀ ਜਨਤਾ ਪਾਰਟੀ ਵਲੋਂ ਮਹਾਂ ਰੈਲੀ ਦਾ ਆਯੋਜਨ

ਚੰਡੀਗੜ੍ਹ/ ਬਰਨਾਲਾ: ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਆਪਣੇ ਗ੍ਰਹਿ ਜ਼ਿਲ੍ਹੇ ਬਰਨਾਲਾ ਵਿੱਚ ਆਮਦ ਮੌਕੇ ਇੱਕ ਵੱਡੀ ਮਹਾਂਰੈਲੀ ਦਾ ਆਯੋਜਨ ਹੋਇਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪਾਰਟੀ ਦੇ ਆਗੂ ਅਤੇ ਵਰਕਰ ਪਹੁੰਚੇ। ਇਸ ਮੌਕੇ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਸਭ ਤੋਂ ਪਹਿਲਾਂ ਨਾਲ ਨਿਯੁਕਤ ਜ਼ਿਲ੍ਹਾ ਪ੍ਰਧਾਨ ਨਰਿੰਦਰ ਗਰਗ ਨੀਟਾ ਨੂੰ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਉਹ ਸਾਰੇ ਵਰਕਰਾਂ ਨੂੰ ਨਾਲ ਲੈ ਕੇ ਦਿਨ-ਰਾਤ ਮਿਹਨਤ ਕਰਨਗੇ, ਤਾਂ ਜੋ ਆਉਣ ਵਾਲੀਆਂ ਚੋਣਾਂ ਵਿੱਚ ਬਰਨਾਲਾ ਜ਼ਿਲ੍ਹੇ ਦੀਆਂ ਤਿੰਨੋਂ ਵਿਧਾਨ ਸਭਾ ਸੀਟਾਂ ਭਾਰਤੀ ਜਨਤਾ ਪਾਰਟੀ ਦੀ ਝੋਲੀ ਪਾਈਆਂ ਜਾ ਸਕਣ। ਬਰਨਾਲਾ ਵਾਸੀਆਂ ਨਾਲ ਭਾਵੁਕ ਸਾਂਝ ਪ੍ਰਗਟਾਉਂਦਿਆਂ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਬਰਨਾਲਾ ਮੇਰਾ ਆਪਣਾ ਸ਼ਹਿਰ ਹੈ ਅਤੇ ਇੱਥੋਂ ਦੇ ਲੋਕ ਮੇਰਾ ਪਰਿਵਾਰ ਹਨ, ਜਿਨ੍ਹਾਂ ਨੇ ਮੈਨੂੰ ਦੋ ਵਾਰ ਐਮ.ਐਲ.ਏ. ਬਣਾਇਆ। ਭਾਜਪਾ ਹਾਈਕਮਾਂਡ ਨੇ ਮੈਨੂੰ ਜੋ ਪੰਜਾਬ ਦੀ ਜ਼ਿੰਮੇਵਾਰੀ ਦਿੱਤੀ ਹੈ, ਇਹ ਅਸਲ ਵਿੱਚ ਬਰਨਾਲਾ ਵਾਸੀਆਂ ਦੇ ਸਿਰ 'ਤੇ ਸਜਾਇਆ ਤਾਜ ਹੈ। ਇਸ ਤਾਜ ਦਾ ਮਾਣ ਅਸੀਂ 2027 ਵਿੱਚ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਾ ਕੇ ਰੱਖਾਂਗੇ।" ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਬਰਨਾਲਾ ਨੂੰ ਛੋਟੀ ਤਹਿਸੀਲ ਤੋਂ ਜ਼ਿਲ੍ਹਾ ਬਣਾਉਣ, ਡੀ.ਸੀ. ਕੰਪਲੈਕਸ, ਓਵਰਬ੍ਰਿਜ, ਅੰਡਰਬ੍ਰਿਜ, ਸੀਵਰੇਜ ਪਲਾਂਟ ਅਤੇ ਸੜਕਾਂ ਦਾ ਜਾਲ ਵਿਛਾ ਕੇ ਅਸੀਂ ਬਰਨਾਲਾ ਦਾ ਨਕਸ਼ਾ ਬਦਲਿਆ ਸੀ। ਅੱਜ ਵੀ ਸ਼ਹਿਰ ਦੀਆਂ ਸੜਕਾਂ ਲਈ ਕੇਂਦਰ ਦੀ ਮੋਦੀ ਸਰਕਾਰ ਫੰਡ ਭੇਜ ਰਹੀ ਹੈ। 'ਆਪ' ਸਰਕਾਰ 'ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ ਕਿ 'ਝਾੜੂ ਵਾਲੇ' ਕੰਮ ਘੱਟ ਕਰ ਰਹੇ ਹਨ ਅਤੇ ਸਾਡੇ ਬਣਾਏ ਪ੍ਰੋਜੈਕਟਾਂ 'ਤੇ ਨੀਂਹ ਪੱਥਰ ਰੱਖ ਕੇ ਫੋਕੀ ਵਾਹ-ਵਾਹੀ ਲੁੱਟ ਰਹੇ ਹਨ। ਉਨ੍ਹਾਂ ਸਵਾਲ ਕੀਤਾ ਕਿ ਧਨੌਲੇ 'ਚ ਨਵੇਂ ਕਾਲਜ ਦਾ ਦਾਅਵਾ ਕਰਨ ਵਾਲੇ ਦੱਸਣ ਕਿ ਪਹਿਲਾਂ ਐਲਾਨੇ 16 ਮੈਡੀਕਲ ਕਾਲਜ ਕਿੱਥੇ ਹਨ? ਠੀਕਰੀਵਾਲਾ ਦੇ ਨਰਸਿੰਗ ਕਾਲਜ ਦੇ ਐਲਾਨ ਨੂੰ 4 ਸਾਲ ਹੋ ਗਏ ਹਨ। ਮਸਤੂਆਣਾ ਸਾਹਿਬ 'ਚ ਰੱਖੇ ਨੀਂਹ ਪੱਥਰ 'ਚ ਝੋਨਾ ਲੱਗ ਗਿਆ ਹੈ ਅਤੇ ਜਗ੍ਹਾ ਵੀ ਗੁਰਦੁਆਰਾ ਕਮੇਟੀ ਨੇ ਵਾਪਸ ਲੈ ਲਈ ਹੈ। ਢਿੱਲੋਂ ਨੇ ਦੋਸ਼ ਲਾਇਆ ਕਿ ਹੰਡਿਆਇਆ ਦਾ ਮਲਟੀ-ਸਪੈਸ਼ਲਿਟੀ ਹਸਪਤਾਲ ਪ੍ਰੋਜੈਕਟ ਜੋ ਅਸੀਂ ਲਿਆਂਦਾ ਸੀ, ਉਹ ਸਿਰਫ਼ ਇਸ ਲਈ ਰੋਕ ਦਿੱਤਾ ਗਿਆ। ਹਾਲਾਂਕਿ, ਭਾਜਪਾ ਸਰਕਾਰ ਬਣਦਿਆਂ ਹੀ ਸਭ ਤੋਂ ਪਹਿਲਾਂ ਇਹ ਹਸਪਤਾਲ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਬਰਨਾਲਾ ਦੇ ਸਰਕਾਰੀ ਹਸਪਤਾਲ 'ਚ ਬਣ ਰਿਹਾ 'ਕ੍ਰਿਟੀਕਲ ਕੇਅਰ ਯੂਨਿਟ' (ਟਰਾਮਾ ਸੈਂਟਰ) ਵੀ ਕੇਂਦਰ ਸਰਕਾਰ ਦੇ ਕਰੋੜਾਂ ਦੇ ਫੰਡ ਨਾਲ ਹੀ ਬਣ ਰਿਹਾ ਹੈ।

# ਅਮਿਤ ਸ਼ਾਹ ਦੇ ਹੁਕਮਾਂ 'ਤੇ ਵਿਦਿਆਰਥੀਆਂ 'ਤੇ ਤਾਕਤ ਦੀ ਵਰਤੋਂ ਕੀਤੀ ਗਈ: ਰਾਹੁਲ ਗਾਂਧੀ



ਨਵੀਂ ਦਿੱਲੀ:ਲੋਕ ਸਭਾ ਵਿੱਚ ਅੱਜ ‘ਪੇਪਰ ਲੀਕ’ ਵਿਰੋਧੀ ਬਿੱਲ ‘ਤੇ ਚਰਚਾ ਜਾਰੀ ਹੈ। ਬੁੱਧਵਾਰ ਨੂੰ ਸਦਨ ਵਿੱਚ ਇਸ ਬਿੱਲ ‘ਤੇ ਬੋਲਦਿਆਂ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸੀ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਕਿਹਾ ਕਿ ਦਿੱਲੀ ਦੇ ਜੰਤਰ-ਮੰਤਰ ‘ਤੇ ਕੀਤੇ ਗਏ ਪ੍ਰਦਰਸ਼ਨ ਵਿੱਚ ਕੋਈ ਨਫ਼ਰਤ ਜਾਂ ਗੁੱਸਾ ਨਹੀਂ ਸੀ। ਵਿਦਿਆਰਥੀ ਚੰਗੀ ਤਰ੍ਹਾਂ ਸਮਝਦੇ ਹਨ ਕਿ ਦੁਨੀਆ ਕਿਵੇਂ ਬਦਲ ਰਹੀ ਹੈ ਅਤੇ ਉਨ੍ਹਾਂ ਦੀਆਂ ਮੰਗਾਂ ਜਾਇਜ਼ ਸਨ। ਰਾਹੁਲ ਗਾਂਧੀ ਨੇ ਕਿਹਾ, “ਦੇਸ਼ ਦੀਆਂ ਸੜਕਾਂ ‘ਤੇ ਸਾਡੇ ਭਵਿੱਖ (ਨੌਜਵਾਨਾਂ) ਨੇ ਜੋ ਦਿਖਾਇਆ, ਉਸ ਤੋਂ ਮੈਨੂੰ ਬਹੁਤ ਹੌਸਲਾ ਅਤੇ ਭਰੋਸਾ ਮਿਲਿਆ ਹੈ। ਇਹ ਗੁੱਸੇ, ਹਿੰਸਾ ਜਾਂ ਨਫ਼ਰਤ ਬਾਰੇ ਨਹੀਂ ਸੀ। ਇਹ ਦੇਸ਼ ਦੇ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਵੱਲੋਂ ਕੀਤੀ ਗਈ ਇੱਕ ਡੂੰਘੀ ਪੇਸ਼ਕਾਰੀ ਸੀ, ਅਤੇ ਮੇਰਾ ਮੰਨਣਾ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ—ਜਿਨ੍ਹਾਂ ਵਿੱਚ ਭਾਜਪਾ ਵਿੱਚ ਮੇਰੇ ਦੋਸਤ ਵੀ ਸ਼ਾਮਲ ਹਨ—ਨੂੰ ਇਸ ਪ੍ਰਗਟਾਵੇ ਦਾ ਸਤਿਕਾਰ ਕਰਨਾ ਚਾਹੀਦਾ ਹੈ।” ਮੈਨੂੰ ਪੂਰਾ ਯਕੀਨ ਹੈ ਕਿ ਜੇਕਰ ਭਾਜਪਾ ਵਿੱਚ ਮੇਰੇ ਦੋਸਤ ਆਪਣੇ ਬੱਚਿਆਂ ਨੂੰ ਇਹ ਪੁੱਛਣ ਕਿ ਉਹ ਆਪਣੇ ਭੈਣ-ਭਰਾਵਾਂ ਦੁਆਰਾ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਕੀ ਸੋਚਦੇ ਹਨ, ਤਾਂ ਉਨ੍ਹਾਂ ਨੂੰ ਆਪਣੇ ਬੱਚਿਆਂ ਦਾ ਵੀ ਸਮਰਥਨ ਮਿਲੇਗਾ। ਜੋ ਕੁਝ ਹੋਇਆ ਹੈ, ਉਸ ਵਿੱਚ ਕੁਝ ਵੀ ਗਲਤ ਨਹੀਂ ਹੈ ਅਤੇ ਹਰ ਭਾਰਤੀ ਨੂੰ ਇਸ ‘ਤੇ ਮਾਣ ਹੋਣਾ ਚਾਹੀਦਾ ਹੈ।

ਰਾਹੁਲ ਨੇ ਕਿਹਾ ਕਿ ਇੱਕ ਵਿਦਿਆਰਥੀ ਦਾ ਟੀਚਾ ਸੱਚ ਲਈ ਦੌੜਨਾ ਹੁੰਦਾ ਹੈ। “ਸੱਚ ਵਿਦਿਆਰਥੀ ਲਈ ਮਿੱਠਾ ਹੁੰਦਾ ਹੈ।” “ਮੈਂ ਵਿਦਿਆਰਥੀਆਂ ਦੀ ਗੂੰਜ’ ਪ੍ਰੋਗਰਾਮ ਦੌਰਾਨ ਬਹੁਤ ਸਾਰੇ ਬੱਚਿਆਂ ਨਾਲ ਵੀ ਗੱਲ ਕੀਤੀ। ਉਹ ਸਾਡੇ ਵਿਦਿਆਰਥੀਆਂ, ਸਿੱਖਿਆ ਪ੍ਰਣਾਲੀ ਅਤੇ ਇਸਦੀ ਲਾਗਤ ਬਾਰੇ ਗੱਲ ਕਰ ਰਹੇ ਹਨ। ਉਹ ਸਾਲਾਂ ਤੋਂ 8-10 ਘੰਟੇ ਪੜ੍ਹਦੇ ਹਨ। ਸਿਰਫ਼ ਉਹੀ ਵਿਦਿਆਰਥੀ ਹਨ ਜਿਨ੍ਹਾਂ ਨੂੰ ਸਿੱਖਣ ਦਾ ਜਨੂੰਨ ਹੈ। ਜਿੱਥੇ ਸੱਚ ਹੈ, ਉੱਥੇ ਵਿਦਿਆਰਥੀ ਹਨ। ਸਿੱਖਿਆ ਪ੍ਰਣਾਲੀ ਬਹੁਤ ਮਹਿੰਗੀ ਹੈ। ਵਿਦਿਆਰਥੀ ਚੰਗੀ ਤਰ੍ਹਾਂ ਸਮਝਦੇ ਹਨ ਕਿ ਦੁਨੀਆਂ ਕਿਵੇਂ ਬਦਲ ਰਹੀ ਹੈ। ਭਾਜਪਾ ਨੇਤਾਵਾਂ ਦੇ ਬੱਚੇ ਵੀ ਅੰਦੋਲਨ ਨਾਲ ਸਹਿਮਤ ਹਨ। ਗਾਂਧੀ ਵੀ ਸੱਚ ਦੀ ਭਾਲ ਕਰ ਰਹੇ ਸਨ। ਵਿਦਿਆਰਥੀ ਮੰਨਦੇ ਹਨ ਕਿ ਸਰਕਾਰ ਹੰਕਾਰੀ ਹੈ।”

ਪ੍ਰਦਰਸ਼ਨਕਾਰੀ ਵਿਦਿਆਰਥੀਆਂ ਵਿਰੁੱਧ ਪੁਲਿਸ ਕਾਰਵਾਈ ਬਾਰੇ, ਰਾਹੁਲ ਗਾਂਧੀ ਨੇ ਸੰਸਦ ਵਿੱਚ ਸਵਾਲ ਕੀਤਾ, “ਵਿਦਿਆਰਥੀਆਂ ਖਿਲਾਫ਼ ਬੇਰਹਿਮੀ ਦਾ ਹੁਕਮ ਕਿਸਨੇ ਦਿੱਤਾ? ਕਿਸ ਦੇ ਹੁਕਮ ‘ਤੇ ਪੈਲੇਟ ਗੰਨ ਦੀ ਵਰਤੋਂ ਕੀਤੀ ਗਈ?” ਇਸ ਬਹਿਸ ਦੌਰਾਨ ਰਾਹੁਲ ਗਾਂਧੀ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਰਾਹੁਲ ਦੀ ਟਿੱਪਣੀ ਨੇ ਹੰਗਾਮਾ ਖੜ੍ਹਾ ਕਰ ਦਿੱਤਾ, ਜਿਸ ਵਿੱਚ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਮੁਆਫ਼ੀ ਮੰਗਣ ਦੀ ਮੰਗ ਕੀਤੀ। ਲੋਕ ਸਭਾ ਸਪੀਕਰ ਨੇ ਰਾਹੁਲ ਗਾਂਧੀ ਨੂੰ ਵੀ ਕਿਹਾ ਕਿ ਉਹ ਤੱਥਾਂ ਦੇ ਸਮਰਥਨ ਤੋਂ ਬਿਨਾਂ ਅਜਿਹੇ ਗੰਭੀਰ ਆਰੋਪ ਨਾ ਲਗਾਉਣ। ਹਾਲਾਂਕਿ, ਸਪਾ ਸੰਸਦ ਮੈਂਬਰ ਅਖਿਲੇਸ਼ ਯਾਦਵ ਨੇ ਦਖਲ ਦਿੱਤਾ ਅਤੇ ਰਾਹੁਲ ਗਾਂਧੀ ਦਾ ਬਚਾਅ ਕੀਤਾ। ਅਖਿਲੇਸ਼ ਨੇ ਕਿਹਾ ਕਿ ਜੇਕਰ ਵਿਰੋਧੀ ਧਿਰ ਦੇ ਨੇਤਾ ਗੰਭੀਰ ਆਰੋਪ ਲਗਾ ਰਹੇ ਹਨ, ਤਾਂ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ। ਆਪਣੇ ਭਾਸ਼ਣ ਵਿੱਚ ਰਾਹੁਲ ਗਾਂਧੀ ਨੇ ਆਰਐਸਐਸ ‘ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਧਰਮਿੰਦਰ ਪ੍ਰਧਾਨ ਸਿਰਫ਼ ਇੱਕ ਮੁਖੌਟਾ ਸਨ, ਸਿੱਖਿਆ ਮੰਤਰਾਲਾ ਆਰਐਸਐਸ ਚਲਾਉਂਦਾ ਹੈ ਅਤੇ ਸਿੱਖਿਆ ਪ੍ਰਣਾਲੀ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਹੰਗਾਮੇ ਤੋਂ ਬਾਅਦ, ਕਾਰਵਾਈ ਮੁਲਤਵੀ ਕਰ ਦਿੱਤੀ ਗਈ।

# ਕਪੂਰਥਲਾ: ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵਾਪਸ ਕੀਤੀ ਸਰਕਾਰੀ ਸੁਰੱਖਿਆ

## ਕਿਹਾ, 'ਮੇਰੇ ਨਾਲੋਂ ਲੋਕਾਂ ਨੂੰ ਸੁਰੱਖਿਆ ਦੀ ਵੱਧ ਲੋੜ'



ਸੁਲਤਾਨਪੁਰ ਲੋਧੀ: ਰਾਜ ਸਭਾ ਮੈਂਬਰ, ਪ੍ਰਸਿੱਧ ਵਾਤਾਵਰਣ ਪ੍ਰੇਮੀ ਅਤੇ ਪਦਮ ਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇੱਕ ਵੱਡਾ ਅਤੇ ਲੋਕ-ਹਿੱਤ ਨਾਲ ਜੁੜਿਆ ਫੈਸਲਾ ਲੈਂਦਿਆਂ ਪੰਜਾਬ ਦੇ ਡੀਜੀਪੀ ਨੂੰ ਪੱਤਰ ਲਿਖ ਕੇ ਆਪਣੀ ਸਰਕਾਰੀ ਸੁਰੱਖਿਆ ਸਵੈਇੱਛਾ ਨਾਲ ਵਾਪਸ ਕਰਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਮੌਜੂਦਾ ਹਾਲਾਤਾਂ ਵਿੱਚ ਉਨ੍ਹਾਂ ਦੀ ਨਿੱਜੀ ਸੁਰੱਖਿਆ ਨਾਲੋਂ ਆਮ ਲੋਕਾਂ ਦੀ ਸੁਰੱਖਿਆ ਜ਼ਿਆਦਾ ਮਹੱਤਵਪੂਰਨ ਹੈ, ਇਸ ਲਈ ਉਨ੍ਹਾਂ ਨਾਲ ਤਾਇਨਾਤ ਛੇ ਸੁਰੱਖਿਆ ਜਵਾਨਾਂ ਨੂੰ ਜਨਤਾ ਦੀ ਸੇਵਾ ਲਈ ਥਾਣਿਆਂ ਵਿੱਚ ਭੇਜਿਆ ਜਾਵੇ।

ਡੀਜੀਪੀ ਨੂੰ ਭੇਜੇ ਪੱਤਰ ਵਿੱਚ ਸੰਤ ਸੀਚੇਵਾਲ ਨੇ ਲਿਖਿਆ ਕਿ ਜਲੰਧਰ ਜ਼ਿਲ੍ਹੇ ਦੇ ਲੋਹੀਆਂ ਇਲਾਕੇ ਅਤੇ ਸੁਲਤਾਨਪੁਰ ਲੋਧੀ ਵਿਖੇ ਪਵਿੱਤਰ ਵੇਈਂ ਦੇ ਆਲੇ-ਦੁਆਲੇ ਚੋਰੀਆਂ, ਲੁੱਟ-ਖੋਹ ਅਤੇ ਨਸ਼ਿਆਂ ਨਾਲ ਸੰਬੰਧਿਤ ਅਪਰਾਧਿਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਅਜਿਹੇ ਹਾਲਾਤਾਂ ਵਿੱਚ ਉਨ੍ਹਾਂ ਦੀ ਸੁਰੱਖਿਆ ਲਈ ਤਾਇਨਾਤ ਛੇ ਜਵਾਨਾਂ ਵਿੱਚੋਂ ਤਿੰਨ ਨੂੰ ਲੋਹੀਆਂ ਖਾਸ ਥਾਣੇ ਅਤੇ ਤਿੰਨ ਨੂੰ ਸੁਲਤਾਨਪੁਰ ਲੋਧੀ ਥਾਣੇ ਵਿੱਚ ਤਾਇਨਾਤ ਕੀਤਾ ਜਾਵੇ ਤਾਂ ਜੋ ਉਹ ਆਮ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਵਿੱਚ ਯੋਗਦਾਨ ਪਾ ਸਕਣ।

ਉਨ੍ਹਾਂ ਆਪਣੇ ਪੱਤਰ ਵਿੱਚ ਸਪੱਸ਼ਟ ਲਿਖਿਆ ਕਿ *"ਸਾਡੇ ਨਾਲੋਂ ਸਾਡੇ ਲੋਕਾਂ ਨੂੰ ਸੁਰੱਖਿਆ ਦੀ ਜ਼ਿਆਦਾ ਲੋੜ ਹੈ।"* ਉਨ੍ਹਾਂ ਕਿਹਾ ਕਿ ਜਦੋਂ ਇੱਕ ਵਿਅਕਤੀ ਦੀ ਸੁਰੱਖਿਆ ਲਈ ਛੇ ਜਵਾਨ ਤਾਇਨਾਤ ਹਨ, ਉਸ ਸਮੇਂ ਕਈ ਇਲਾਕਿਆਂ ਵਿੱਚ ਪੁਲਿਸ ਬਲ ਦੀ ਘਾਟ ਕਾਰਨ ਲੋਕ ਅਪਰਾਧਿਕ ਗਤੀਵਿਧੀਆਂ ਦਾ ਸਾਹਮਣਾ ਕਰ ਰਹੇ ਹਨ। ਇਸ ਲਈ ਇਨ੍ਹਾਂ ਜਵਾਨਾਂ ਦੀ ਸੇਵਾ ਲੋਕਾਂ ਦੀ ਸੁਰੱਖਿਆ ਲਈ ਵਰਤੀ ਜਾਣੀ ਚਾਹੀਦੀ ਹੈ।

ਸੰਤ ਸੀਚੇਵਾਲ ਨੇ ਇਹ ਵੀ ਯਾਦ ਕਰਵਾਇਆ ਕਿ ਇਸ ਤੋਂ ਪਹਿਲਾਂ ਵੀ ਉਹ ਮਲਸੀਆਂ ਪੁਲਿਸ ਚੌਕੀ ਵਿੱਚ ਪੁਲਿਸ ਮੁਲਾਜ਼ਮਾਂ ਦੀ ਘਾਟ ਸਬੰਧੀ ਸਰਕਾਰ ਅਤੇ ਪੁਲਿਸ ਅਧਿਕਾਰੀਆਂ ਨੂੰ ਪੱਤਰ ਲਿਖ ਚੁੱਕੇ ਹਨ। ਉਸ ਸਮੇਂ ਉਨ੍ਹਾਂ ਦੇ ਆਪਣੇ ਪਿੰਡ ਸੀਚੇਵਾਲ ਵਿੱਚ ਇੱਕੋ ਰਾਤ ਅੱਠ ਚੋਰੀਆਂ ਦੀਆਂ ਵਾਰਦਾਤਾਂ ਹੋਈਆਂ ਸਨ ਅਤੇ ਬਿਜਲੀ ਦੀਆਂ ਤਾਰਾਂ ਦੀਆਂ ਚੋਰੀਆਂ ਨੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਬਿਜਲੀ ਦੀਆਂ ਤਾਰਾਂ ਚੋਰੀ ਹੋਣਾ ਇਸ ਖੇਤਰ ਵਿੱਚ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ।

ਉਨ੍ਹਾਂ ਨੇ ਪਵਿੱਤਰ ਵੇਈਂ ਦਾ ਵੀ ਖਾਸ ਜ਼ਿਕਰ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨ-ਛੋਹ ਪ੍ਰਾਪਤ ਇਸ ਅਸਥਾਨ 'ਤੇ ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਨਤਮਸਤਕ ਹੋਣ ਲਈ ਆਉਂਦੇ ਹਨ, ਪਰ ਇਲਾਕੇ ਵਿੱਚ ਵਧ ਰਹੀਆਂ ਚੋਰੀਆਂ ਅਤੇ ਹੋਰ ਅਪਰਾਧਿਕ ਘਟਨਾਵਾਂ ਕਾਰਨ ਸੰਗਤਾਂ ਵਿੱਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਰਹੀ ਹੈ। ਅਜਿਹੇ ਪਵਿੱਤਰ ਧਾਰਮਿਕ ਸਥਾਨ ਦੇ ਆਲੇ-ਦੁਆਲੇ ਅਪਰਾਧਿਕ ਗਤੀਵਿਧੀਆਂ ਦਾ ਵਧਣਾ ਬਹੁਤ ਚਿੰਤਾਜਨਕ ਹੈ। ਸੰਤ ਸੀਚੇਵਾਲ ਨੇ ਆਪਣੇ ਪੱਤਰ ਵਿੱਚ ਇਹ ਵੀ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਸੁਰੱਖਿਆ ਦੇਣ ਦੀ ਗੱਲ ਹੋਈ ਸੀ, ਉਸ ਵੇਲੇ ਵੀ ਉਨ੍ਹਾਂ ਨੇ ਸੁਰੱਖਿਆ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਖਤਰਾ ਨਹੀਂ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਗਈ ਸੀ। ਹੁਣ ਉਨ੍ਹਾਂ ਨੇ ਮੁੜ ਆਪਣੀ ਸਵੈਇੱਛਾ ਨਾਲ ਸੁਰੱਖਿਆ ਵਾਪਸ ਕਰਨ ਦੀ ਇੱਛਾ ਜਤਾਉਂਦਿਆਂ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨਾਲ ਤਾਇਨਾਤ ਸਾਰੇ ਛੇ ਜਵਾਨਾਂ ਨੂੰ ਤੁਰੰਤ ਪ੍ਰਭਾਵ ਨਾਲ ਹਟਾ ਕੇ ਲੋਹੀਆਂ ਖਾਸ ਅਤੇ ਸੁਲਤਾਨਪੁਰ ਲੋਧੀ ਥਾਣਿਆਂ ਵਿੱਚ ਤਿੰਨ-ਤਿੰਨ ਦੀ ਗਿਣਤੀ ਵਿੱਚ ਤਾਇਨਾਤ ਕੀਤਾ ਜਾਵੇ, ਤਾਂ ਜੋ ਉਹ ਲੋਕਾਂ ਦੀ ਸੁਰੱਖਿਆ ਲਈ ਆਪਣੀਆਂ ਸੇਵਾਵਾਂ ਦੇ ਸਕਣ। ਸੰਤ ਸੀਚੇਵਾਲ ਦੇ ਇਸ ਫੈਸਲੇ ਨੂੰ ਲੋਕ-ਹਿੱਤ ਅਤੇ ਸਮਾਜਕ ਜ਼ਿੰਮੇਵਾਰੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਪੁਲਿਸ ਬਲ ਦੀ ਲੋੜ ਆਮ ਲੋਕਾਂ ਅਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਵੱਧ ਹੈ, ਤਾਂ ਉਨ੍ਹਾਂ ਦੀ ਨਿੱਜੀ ਸੁਰੱਖਿਆ 'ਤੇ ਇੰਨੇ ਜਵਾਨ ਲਗਾਉਣ ਦੀ ਬਜਾਏ ਜਨਤਾ ਦੀ ਸੁਰੱਖਿਆ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

# 'ਬੇਅਦਬੀ ਕਾਨੂੰਨ 'ਚ ਸੋਧ ਲਈ ਸਰਕਾਰ ਵੱਲੋਂ ਮੰਗਿਆ ਸਮਾਂ ਹੋਇਆ ਪੂਰਾ': ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ



ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਵੱਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਕਾਨੂੰਨ' ਵਿੱਚ ਸੋਧ ਕਰਨ ਲਈ ਲਏ ਗਏ ਸਮੇਂ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਕਾਨੂੰਨ ਵਿੱਚ ਸੋਧ ਕਰਨ ਲਈ ਇੱਕ ਮਹੀਨੇ ਦਾ ਜੋ ਸਮਾਂ ਮੰਗਿਆ ਗਿਆ ਸੀ, ਉਹ ਅੱਜ ਪੂਰਾ ਹੋ ਗਿਆ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਕੀਤਾ ਕਿ ਇਸ ਸਮਾਂ-ਸੀਮਾ ਦੇ ਪੂਰਾ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਅਜੇ ਤੱਕ ਉਨ੍ਹਾਂ ਨੂੰ ਕੋਈ ਵੀ ਅਧਿਕਾਰਕ ਪੱਤਰ ਪ੍ਰਾਪਤ ਨਹੀਂ ਹੋਇਆ ਹੈ, ਜਿਸ ਤੋਂ ਇਹ ਪਤਾ ਲੱਗ ਸਕੇ ਕਿ ਸਰਕਾਰ ਕਾਨੂੰਨ ਵਿੱਚ ਕੀ ਸੋਧਾਂ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਸਬੰਧਤ ਬਣਾਏ ਜਾ ਰਹੇ ਕਾਨੂੰਨ ਦੀਆਂ ਕਈ ਮੱਦਾਂ (ਧਾਰਾਵਾਂ) ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਹਿਲਾਂ ਹੀ ਗੰਭੀਰ ਇਤਰਾਜ਼ ਜਤਾਇਆ ਗਿਆ ਸੀ। ਇਸ ਮਾਮਲੇ 'ਤੇ ਸਖ਼ਤ ਰੁੱਖ ਅਖ਼ਤਿਆਰ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੱਡਾ ਬਿਆਨ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਥ ਦੇ ਮਾਮਲਿਆਂ 'ਤੇ ਕੋਈ ਵੀ ਸਰਕਾਰ ਕਾਨੂੰਨ ਬਣਾਵੇ, ਇਹ ਗੱਲ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਨਾ ਤਾਂ ਅੱਜ ਤੱਕ ਕਦੇ ਬਰਦਾਸ਼ਤ ਕੀਤੀ ਹੈ ਅਤੇ ਨਾ ਹੀ ਅੱਗੇ ਕਦੇ ਬਰਦਾਸ਼ਤ ਕਰੇਗਾ।












# ਸਿੱਖ ਗੇਮਜ਼ ਕੈਨੇਡਾ 2026:
## ਬਰੈਂਪਟਨ 'ਚ ਚਾਰ ਦਿਨਾਂ ਖੇਡਾਂ ਦਾ ਮਹਾਂਕੁੰਭ

ਬਰੈਂਪਟਨ, (ਸਟਾਰ ਨਿਊਜ਼): ਓਨਟਾਰੀਓ ਗੁਰਦੁਆਰਾਜ਼ ਕਮੇਟੀ ਵੱਲੋਂ 31 ਜੁਲਾਈ ਤੋਂ 3 ਅਗਸਤ 2026 ਤੱਕ ਸਿੱਖ ਗੇਮਜ਼ ਕੈਨੇਡਾ 2026 ਦਾ ਸ਼ਾਨਦਾਰ ਆਯੋਜਨ ਬਰੈਂਪਟਨ ਵਿੱਚ ਕੀਤਾ ਜਾ ਰਿਹਾ ਹੈ। ਚਾਰ ਦਿਨਾਂ ਤੱਕ ਚੱਲਣ ਵਾਲੇ ਇਸ ਖੇਡ ਮੇਲੇ ਵਿੱਚ ਦੇਸ਼ ਭਰ ਤੋਂ ਖਿਡਾਰੀ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਸਮਾਗਮ ਲਈ ਦਾਖਲਾ ਪੂਰੀ ਤਰ੍ਹਾਂ ਮੁਫ਼ਤ ਰੱਖਿਆ ਗਿਆ ਹੈ।

ਉਦਘਾਟਨੀ ਸਮਾਰੋਹ ਸ਼ਨੀਵਾਰ, 1 ਅਗਸਤ 2026 ਨੂੰ ਸਵੇਰੇ 9:00 ਵਜੇ ਬਰੈਂਪਟਨ ਸੌਕਰ ਸੈਂਟਰ ਵਿਖੇ ਹੋਵੇਗਾ। ਖੇਡ ਮੁਕਾਬਲੇ ਬਰੈਂਪਟਨ ਸੌਕਰ ਸੈਂਟਰ ਅਤੇ ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ ਵਿੱਚ ਕਰਵਾਏ ਜਾਣਗੇ। ਇਨ੍ਹਾਂ ਵਿੱਚ ਸੌਕਰ, ਕਬੱਡੀ, ਫੀਲਡ ਹਾਕੀ, ਵਾਲੀਬਾਲ, ਬਾਸਕੇਟਬਾਲ, ਵੇਟਲਿਫਟਿੰਗ ਅਤੇ ਗਤਕਾ ਸ਼ਾਮਲ ਹਨ।

ਸਮਾਗਮ ਦੌਰਾਨ 3 ਅਗਸਤ ਨੂੰ ਸਵੇਰੇ 10:00 ਵਜੇ 5 ਕਿਲੋਮੀਟਰ ਦੌੜ ਵੀ ਕਰਵਾਈ ਜਾਵੇਗੀ। ਆਯੋਜਕਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਹਰੇਕ ਭਾਗ ਲੈਣ ਵਾਲੇ ਖਿਡਾਰੀ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ।

ਸਮਾਪਤੀ ਸਮਾਰੋਹ ਸੋਮਵਾਰ, 3 ਅਗਸਤ 2026 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ ਵਿੱਚ ਹੋਵੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤ ਅਤੇ ਖੇਡ ਪ੍ਰੇਮੀਆਂ ਨੂੰ ਆਪਣੇ ਪਰਿਵਾਰਾਂ ਸਮੇਤ ਇਸ ਵਿਸ਼ਾਲ ਖੇਡ ਮੇਲੇ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।




# ਕੈਨੇਡਾ 'ਚ ਅਮਰੀਕੀ ਕੌਂਸਲੇਟ ਦੇ ਨੇੜੇ ਹੋਈ ਗੋਲੀਬਾਰੀ




ਕੈਨੇਡਾ ਦੇ ਟੋਰਾਂਟੋ ਸਥਿਤ ਅਮਰੀਕੀ ਕੌਂਸਲੇਟ 'ਤੇ ਇੱਕ ਵਾਰ ਫਿਰ ਗੋਲੀਆਂ ਚਲਾਈਆਂ ਗਈਆਂ ਹਨ। ਇਸ ਸਾਲ ਕੌਂਸਲੇਟ 'ਤੇ ਗੋਲੀਬਾਰੀ ਦੀ ਇਹ ਦੂਜੀ ਘਟਨਾ ਹੈ। ਘਟਨਾ ਤੋਂ ਬਾਅਦ ਪੁਲਿਸ ਨੇ ਤੇਜ਼ ਰਫ਼ਤਾਰ ਚਿੱਟੇ ਰੰਗ ਦੀ ਕਾਰ ਦਾ ਪਿੱਛਾ ਕੀਤਾ, ਪਰ ਸੁਰੱਖਿਆ ਕਾਰਨਾਂ ਕਰਕੇ ਪਿੱਛਾ ਕਰਨ ਦੀ ਕਾਰਵਾਈ ਰੋਕ ਦਿੱਤੀ।ਰਿਪੋਰਟ ਅਨੁਸਾਰ ਦੂਤਾਵਾਸ ਨੇੜੇ ਰੁਟੀਨ ਗਸ਼ਤ 'ਤੇ ਤਾਇਨਾਤ ਇੱਕ ਪੁਲਿਸ ਅਧਿਕਾਰੀ ਨੇ ਸਵੇਰੇ ਕਰੀਬ 4:45 ਵਜੇ ਗੋਲੀ ਚੱਲਣ ਦੀ ਆਵਾਜ਼ ਸੁਣੀ। ਇਸ ਤੋਂ ਤੁਰੰਤ ਬਾਅਦ, ਉਸਨੇ ਬਿਨਾਂ ਲਾਇਸੈਂਸ ਪਲੇਟ ਵਾਲੀ ਇੱਕ ਚਿੱਟੇ ਰੰਗ ਦੀ 'ਹੌਂਡਾ ਅਕਾਰਡ' (Honda Accord) ਕਾਰ ਨੂੰ ਘਟਨਾ ਵਾਲੀ ਥਾਂ ਤੋਂ ਤੇਜ਼ ਰਫ਼ਤਾਰ ਨਾਲ ਦੂਰ ਜਾਂਦੇ ਦੇਖਿਆ। ਪੁਲਿਸ ਨੇ 'ਡੌਨ ਵੈਲੀ ਪਾਰਕਵੇਅ' (Don Valley Parkway) ਤੱਕ ਕਾਰ ਦਾ ਪਿੱਛਾ ਕੀਤਾ, ਪਰ ਪਿੱਛਾ ਕਰਨਾ ਛੱਡ ਦਿੱਤਾ ਕਿਉਂਕਿ ਗੱਡੀ 140 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਦੀ ਰਫ਼ਤਾਰ ਨਾਲ ਚੱਲ ਰਹੀ ਸੀ।

ਟੋਰਾਂਟੋ ਪੁਲਿਸ ਦੇ ਡਿਪਟੀ ਚੀਫ਼ ਫਰੈਂਕ ਬਾਰੇਡੋ ਨੇ ਇਸ ਘਟਨਾ ਨੂੰ ਬੇਹੱਦ ਨਿੰਦਣਯੋਗ ਕਰਾਰ ਦਿੱਤਾ ਹੈ। ਪੁਲਿਸ ਨੇ ਕੌਂਸਲੇਟ ਨੇੜਿਓਂ ਗੋਲੀ ਦਾ ਖੋਲ ਬਰਾਮਦ ਕੀਤਾ ਹੈ ਅਤੇ ਇਮਾਰਤ ਦੇ ਬਾਹਰੀ ਹਿੱਸੇ ਨੂੰ ਨੁਕਸਾਨ ਪਹੁੰਚਣ ਦਾ ਪਤਾ ਲਗਾਇਆ ਹੈ। ਹਾਲਾਂਕਿ, ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਪੁਲਿਸ ਫਿਲਹਾਲ ਹਮਲੇ ਦੇ ਮਕਸਦ ਅਤੇ ਗੱਡੀ ਵਿੱਚ ਸਵਾਰ ਲੋਕਾਂ ਦੀ ਗਿਣਤੀ ਦਾ ਪਤਾ ਲਗਾਉਣ ਲਈ ਕੰਮ ਕਰ ਰਹੀ ਹੈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਹ ਫਿਲਹਾਲ ਹਵਾਈ ਸਹਾਇਤਾ ਲਈ ਹੋਰ ਏਜੰਸੀਆਂ ਦੇ ਹੈਲੀਕਾਪਟਰਾਂ 'ਤੇ ਨਿਰਭਰ ਹਨ ਅਤੇ ਉਮੀਦ ਕਰਦੇ ਹਨ ਕਿ ਵਿਭਾਗ ਨੂੰ ਇਸ ਸਾਲ ਦੇ ਅੰਤ ਤੱਕ ਆਪਣਾ ਜਹਾਜ਼ ਮਿਲ ਜਾਵੇਗਾ। ਟੋਰਾਂਟੋ ਦੀ ਮੇਅਰ ਓਲੀਵੀਆ ਚਾਓ ਨੇ ਕਿਹਾ ਕਿ ਉਨ੍ਹਾਂ ਨੇ ਕੈਨੇਡਾ ਦੇ ਜਨਤਕ ਸੁਰੱਖਿਆ ਮੰਤਰੀ ਗੈਰੀ ਆਨੰਦਾਸੰਗਰੀ ਨਾਲ ਸ਼ਹਿਰ ਵਿੱਚ ਗੈਰ-ਕਾਨੂੰਨੀ ਹਥਿਆਰਾਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਰੋਕਣ ਦੇ ਉਪਾਵਾਂ ਬਾਰੇ ਚਰਚਾ ਕੀਤੀ ਹੈ। ਉਨ੍ਹਾਂ ਨੇ ਇਸ ਹਮਲੇ ਨੂੰ ਬੇਖੌਫ ਕਾਰਵਾਈ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਲਈ ਜ਼ਿੰਮੇਵਾਰ ਲੋਕਾਂ ਨੂੰ ਫੜਿਆ ਜਾਵੇਗਾ।

ਇਸ ਦੌਰਾਨ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਨੇ ਕਿਹਾ ਕਿ ਉਹ ਟੋਰਾਂਟੋ ਪੁਲਿਸ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੇ ਸਹਿਯੋਗ ਨਾਲ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਏਜੰਸੀ ਨੇ ਜ਼ੋਰ ਦੇ ਕੇ ਕਿਹਾ ਕਿ ਕੈਨੇਡਾ ਵਿੱਚ ਕਿਸੇ ਵੀ ਵਿਅਕਤੀ ਵਿਰੁੱਧ ਹਿੰਸਾ ਅਤੇ ਧਮਕੀਆਂ ਦੇ ਮਾਮਲਿਆਂ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ।


LEGAL SERVICES & IMMIGRATION MATTERS

ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5





# ਪੰਜਾਬ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪਿਆ ਸੋਧ ਦਾ ਖਰੜਾ, ਬੇਅਦਬੀ ਕਾਨੂੰਨ 'ਤੇ ਰੱਖਿਆ ਆਪਣਾ ਪੱਖ



ਪੰਜਾਬ ਸਰਕਾਰ ਵੱਲੋਂ ਬੇਅਦਬੀ ਕਾਨੂੰਨ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖਰੜਾ ਭੇਜਿਆ ਗਿਆ। ਵਿਧਾਇਕ ਡਾ.ਇੰਦਰਬੀਰ ਸਿੰਘ ਨਿੱਝਰ ਤੇ ਡੀਸੀ ਦਲਵਿੰਦਰਜੀਤ ਸਿੰਘ ਨੇ ਸਰਕਾਰ ਦਾ ਪੱਖ ਤੇ ਸੋਧਿਆ ਖਰੜਾ ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਿਚ ਇੰਚਾਰਜ ਬਗੀਚਾ ਸਿੰਘ ਨੂੰ ਸੌਂਪਿਆ। MLA ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬੇਅਦਬੀ ਰੋਕਥਾਮ ਕਾਨੂੰਨ ਦੇ ਖਰੜੇ 'ਤੇ ਜੋ ਵੀ ਇਤਰਾਜ਼ ਸਨ, ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਸੋਧੇ ਹੋਏ ਖਰੜੇ ਵਿਚ ਦੂਰ ਕਰ ਦਿੱਤਾ ਹੈ। ਜਥੇਦਾਰ ਗੜਗੱਜ ਨੇ ਕਿਹਾ ਸੀ ਕਿ ਕਾਨੂੰਨ ਵਿਚ ਬੀੜ ਦੀ ਜਗ੍ਹਾ ਸਰੂਪ ਸ਼ਬਦ ਦਾ ਇਸਤੇਮਾਲ ਕੀਤਾ ਗਿਆ। ਉਨ੍ਹਾਂ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਬੀੜ ਸ਼ਬਦ ਕਿਹਾ ਜਾਂਦਾ ਹੈ। ਸਰੂਪ ਵੀ ਸਿੱਖ ਸ਼ਬਦਾਵਲੀ ਦਾ ਹਿੱਸਾ ਹੈ ਪਰ ਵਿਧਾਨ ਸਭਾ ਨੂੰ ਸਿੱਖ ਸ਼ਬਦਾਵਲੀ ਬਦਲਣ ਦਾ ਅਧਿਕਾਰ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰਤ ਸ਼ਬਦਾਂ 'ਤੇ ਕੋਈ ਰੋਕ ਨਹੀਂ ਹੈ। ਇਸ ਤੋਂ ਇਲਾਵਾ ਸੋਧੇ ਹੋਏ ਖਰੜੇ ਵਿਚ ਕਿਹਾ ਗਿਆ ਹੈ ਕਿ ਅਣਜਾਣੇ ਵਿੱਚ ਹੋਈ ਗਲਤੀ ਜਾਂ ਲਾਪਰਵਾਹੀ ਨੂੰ 'ਬੇਅਦਬੀ' ਨਹੀਂ ਮੰਨਿਆ ਜਾਵੇਗਾ। ਸਿਰਫ਼ ਜਾਣਬੁੱਝ ਕੇ ਬੇਅਦਬੀ ਕਰਨ ਵਾਲਿਆਂ 'ਤੇ ਹੋਵੇਗੀ ਸਖ਼ਤ ਕਾਰਵਾਈ। ਗ੍ਰਿਫ਼ਤਾਰੀ ਤੋਂ ਪਹਿਲਾਂ SP/DCP ਪੱਧਰ ਦੀ ਸੁਤੰਤਰ ਜਾਂਚ ਲਾਜ਼ਮੀ ਹੋਵੇਗੀ। SGPC ਦੀ ਮਨਜ਼ੂਰੀ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਸਜ਼ਾ ਦਾ ਪ੍ਰਬੰਧ ਕੀਤਾ ਜਾਵੇਗਾ। ਧਾਰਮਿਕ, ਵਿਦਿਅਕ, ਖੋਜ, ਕਥਾ-ਕੀਰਤਨ, ਪ੍ਰਚਾਰ ਅਤੇ ਡਿਜ਼ੀਟਲ ਮਾਧਿਅਮ ਰਾਹੀਂ ਗੁਰਬਾਣੀ ਦੇ ਪ੍ਰਸਾਰ 'ਤੇ ਕੋਈ ਰੋਕ ਨਹੀਂ ਹੋਵੇਗੀ। ਧਾਰਮਿਕ ਸਮਾਗਮ ਦੌਰਾਨ ਅਣਜਾਣੇ ਜਾਂ ਤਕਨੀਕੀ ਤੌਰ 'ਤੇ ਹੋਈ ਗਲਤੀ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਰਹੇਗੀ। ਘਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਸੁਖਆਸਨ ਅਤੇ ਸੇਵਾ 'ਤੇ ਐਕਟ ਦਾ ਕੋਈ ਅਸਰ ਨਹੀਂ। ਹਰ ਸਰੂਪ ਲਈ ਯੂਨੀਕ ਇਨਕ੍ਰਿਪਟਡ ਆਈਡੈਂਟੀਫਿਕੇਸ਼ਨ ਨੰਬਰ SGPC ਜਾਰੀ ਕਰੇਗੀ। ਕੇਂਦਰੀ ਰਜਿਸਟਰ ਦਾ ਡਾਟਾ Encrypted ਰਹੇਗਾ ਤੇ ਜਨਤਕ ਨਹੀਂ ਕੀਤਾ ਜਾਵੇਗਾ। ਸੰਗਤ ਜਾਂ ਸੇਵਾਦਾਰਾਂ ਦੀ ਨਿੱਜੀ ਜਾਣਕਾਰੀ ਪਬਲਿਕ ਨਹੀਂ ਕੀਤੀ ਜਾਵੇਗੀ।

ਜਾਂਚ ਏਜੰਸੀਆਂ ਨੂੰ ਵੀ ਰਿਕਾਰਡ SGPC ਤੋਂ ਨਿਯਮਾਂ ਅਨੁਸਾਰ ਹੀ ਮਿਲੇਗਾ। ਪੰਜਾਬ ਸਰਕਾਰ ਕੇਂਦਰ ਕੋਲ ਦੇਸ਼-ਪੱਧਰੀ ਸਮਾਨ ਕਾਨੂੰਨ ਦੀ ਮੰਗ ਉਠਾਏਗੀ। ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾ, ਸਿੱਖ ਸੰਗਤ ਜਾਂ ਸੇਵਾਦਾਰਾਂ ਨੂੰ ਪਰੇਸ਼ਾਨ ਕਰਨਾ ਨਹੀਂ। ਜਾਣਬੁੱਝ ਕੇ ਸ਼ਰਾਰਤ ਜਾਂ ਸਾਜ਼ਿਸ਼ ਕਰਨ ਵਾਲਾ ਵੀ ਧਾਰਾ 120 ਤਹਿਤ ਬਰਾਬਰ ਦਾ ਜ਼ਿੰਮੇਵਾਰ ਹੋਵੇਗਾ। ਮਾਨਸਿਕ ਤੌਰ 'ਤੇ ਅਸਥਿਰ ਦੋਸ਼ੀਆਂ ਲਈ ਮੈਡੀਕਲ ਬੋਰਡ ਤੋਂ ਜਾਂਚ ਦਾ ਪ੍ਰਬੰਧ ਵੀ ਸ਼ਾਮਲ ਹੈ।

# ਅਬੋਹਰ ਦੇ ਨਾਮੀ ਸਕੂਲਾਂ ਨੂੰ ਮਿਲੀ ਬੰਬ ਦੀ ਧਮਕੀ

## ਮਚੀ ਹਫੜਾ-ਦਫੜੀ! ਬੱਚਿਆਂ ਨੂੰ ਕੀਤੀ ਛੁੱਟੀ




ਅਬੋਹਰ: ਪੰਜਾਬ ਦੇ ਸਕੂਲਾਂ ਨੂੰ ਬੰਬ ਦੀਆਂ ਧਮਕੀਆਂ ਮਿਲਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਤਾਜ਼ਾ ਜਾਣਕਾਰੀ ਅਨੁਸਾਰ ਅੱਜ ਸਵੇਰੇ ਅਬੋਹਰ ਦੇ ਕਈ ਮੁੱਖ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਜਿਨਾਂ 'ਚ ਸ਼ਹਿਰ ਦੇ ਅਜ਼ੰਪਸ਼ਨ ਕਾਨਵੈਂਟ ਸਕੂਲ, ਡੀ.ਏ.ਵੀ. ਸਕੂਲ ਸਮੇਤ ਹੋਰ ਨਿੱਜੀ ਸਕੂਲਾਂ ਦਾ ਨਾਮ ਸ਼ਾਮਿਲ ਹਨ। ਧਮਕੀ ਦੀ ਸੂਚਨਾ ਤੋਂ ਬਾਅਦ ਸਕੂਲਾਂ ਨੇ ਸਾਵਧਾਨੀ ਵਜੋਂ ਬੱਚਿਆਂ ਨੂੰ ਛੁੱਟੀ ਕਰ ਦਿੱਤੀ ਹੈ। ਫ਼ਿਲਹਾਲ ਪੁਲਿਸ ਪੂਰੇ ਮਾਮਲੇ ਦੀ ਜਾਂਚ ਵਿੱਚ ਜੁਟੀ ਹੋਈ ਹੈ ਅਤੇ ਧਮਕੀ ਦੇਣ ਵਾਲੇ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਇਹ ਧਮਕੀ ਭਰਿਆ ਈਮੇਲ ਸਵੇਰੇ ਕਰੀਬ 8:51 ਵਜੇ ਮਿਲਿਆ। ਈਮੇਲ ਵਿੱਚ ਦੁਪਹਿਰ 1:30 ਵਜੇ ਦਾ ਸਮਾਂ ਦਿੱਤਾ ਗਿਆ ਹੈ। ਸੂਚਨਾ ਮਿਲਦਿਆਂ ਹੀ ਸਕੂਲਾਂ ਵਿੱਚ ਹਫੜਾ-ਦਫੜੀ ਮਚ ਗਈ। ਜ਼ਿਆਦਾਤਰ ਸਕੂਲ ਪ੍ਰਬੰਧਕਾਂ ਨੇ ਸਾਵਧਾਨੀ ਵਜੋਂ ਸਕੂਲ 'ਚ ਛੁੱਟੀ ਦਾ ਐਲਾਨ ਕਰ ਦਿੱਤਾ। ਮਾਪਿਆਂ ਨੂੰ ਵੀ ਇਸ ਦੀ ਜਾਣਕਾਰੀ ਦੇ ਦਿੱਤੀ ਗਈ।

ਜਿਵੇਂ ਹੀ ਮਾਪਿਆਂ ਨੂੰ ਇਸ ਸਬੰਧੀ ਜਾਣਕਾਰੀ ਮਿਲੀ ਤਾਂ ਉਹ ਵੀ ਬੱਚਿਆਂ ਨੂੰ ਸਕੂਲੋਂ ਲੈਣ ਲਈ ਦੌੜੇ। ਜਦਕਿ ਸਕੂਲੀ ਵਾਹਨਾਂ ਰਾਹੀਂ ਵੀ ਕਈ ਬੱਚਿਆਂ ਨੂੰ ਸੁਰੱਖਿਅਤ ਘਰ ਭੇਜ ਦਿੱਤਾ ਗਿਆ। ਪੁਲਿਸ ਪ੍ਰਸ਼ਾਸਨ ਵੀ ਤੁਰੰਤ ਹਰਕਤ ਵਿੱਚ ਆ ਗਿਆ ਅਤੇ ਖੋਜੀ ਟੀਮਾਂ ਨੂੰ ਬੁਲਾਇਆ ਗਿਆ। ਸਕੂਲਾਂ ਦਾ ਕੋਨਾ-ਕੋਨਾ ਛਾਣਿਆ ਗਿਆ, ਪਰ ਇਸ ਦੌਰਾਨ ਅਜੇ ਤਕ ਕਿਸੇ ਤਰ੍ਹਾਂ ਦੀ ਕੋਈ ਵੀ ਸ਼ੱਕੀ ਵਸਤੂ ਨਹੀਂ ਮਿਲੀ। ਘਟਨਾ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਅਲਰਟ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਜਾਰੀ ਹੈ। ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਹਰੀਸ਼ ਕੁਮਾਰ ਨੇ ਦੱਸਿਆ ਕਿ ਇੱਥੋਂ ਦੇ ਡੀ.ਏ.ਵੀ. ਸਕੂਲ ਅਤੇ ਅਜ਼ੰਪਸ਼ਨ ਕਾਨਵੈਂਟ ਸਕੂਲ ਸਮੇਤ ਤਿੰਨ-ਚਾਰ ਸਕੂਲਾਂ ਨੂੰ ਸਵੇਰੇ ਸਕੂਲ ਖੁੱਲ੍ਹਣ ਸਮੇਂ ਤੋਂ ਬਾਅਦ ਇੱਕ ਈਮੇਲ ਮਿਲੀ, ਜਿਸ ਵਿੱਚ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਜਿਸ ਨੂੰ ਦੇਖਦੇ ਹੋਏ ਤੁਰੰਤ ਐਕਸ਼ਨ ਲਿਆ ਗਿਆ ਅਤੇ ਸਕੂਲਾਂ ਨੂੰ ਖ਼ਾਲੀ ਕਰਵਾ ਦਿੱਤਾ ਗਿਆ। ਪੂਰੇ ਸਕੂਲ ਵਿੱਚ ਤਲਾਸ਼ੀ ਅਭਿਆਨ ਚਲਾਇਆ ਗਿਆ, ਪਰ ਇਸ ਵਿੱਚੋਂ ਕਿਸੇ ਤਰ੍ਹਾਂ ਦੀ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ।

# ਮੀਤ ਹੇਅਰ ਨੇ ਲੋਕ ਸਭਾ 'ਚ ਕੇਂਦਰ ਦੀ ਧਰਮ ਤੇ ਜਾਤ ਦੇ ਆਧਾਰ 'ਤੇ ਵੰਡੀਆਂ ਪਾਉਣ ਦੀ ਰਾਜਨੀਤੀ ਨੂੰ ਦਿਖਾਇਆ ਸ਼ੀਸ਼ਾ



ਚੰਡੀਗੜ੍ਹ: ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ ਵਿੱਚ ਪੇਸ਼ ਜਨਤਕ ਪ੍ਰੀਖਿਆ (ਪ੍ਰੀਵੈਂਸ਼ਨ ਆਫ਼ ਅਨਫੇਅਰ ਮੀਨਜ਼) ਸੋਧ ਬਿੱਲ ਉੱਤੇ ਬੋਲਦਿਆਂ ਦੇਸ਼ ਦੇ ਨੌਜਵਾਨਾਂ ਦੇ ਸੰਘਰਸ਼ ਨੂੰ ਸਿਜਦਾ ਕਰਦਿਆਂ ਕਿਹਾ ਕਿ ਨੌਜਵਾਨ ਸ਼ਕਤੀ ਨੇ 12 ਸਾਲ ਤੋਂ ਧਰਮ ਤੇ ਜਾਤੀ ਦੇ ਆਧਾਰ ਉੱਤੇ ਵੰਡੀਆਂ ਪਾਉਣ ਵਾਲੀ ਸਰਕਾਰ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਾਪੇਗੰਡਾ ਦੀ ਬਜਾਏ ਸਿੱਖਿਆ ਤੇ ਬੇਰੁਜ਼ਗਾਰੀ ਜਿਹੇ ਅਸਲ ਮੁੱਦੇ ਮੁੱਖ ਧਾਰਾ ਚ ਆਏ ਹਨ।

ਮੀਤ ਹੇਅਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਅੱਧੀ ਰਾਤ ਸੈਲਫੀ ਵੀਡਿਓ ਬਣਾਉਣ ਨੇ ਸਾਬਤ ਕਰ ਦਿੱਤਾ ਕਿ ਸਿੱਖਿਆ, ਬੇਰੋਜ਼ਗਾਰੀ ਜਿਹੇ ਹੀ ਅਸਲ ਮੁੱਦੇ ਹਨ ਜਿਨ੍ਹਾਂ ਤੋਂ ਭਾਜਪਾ ਭੱਜ ਰਹੀ ਹੈ। ਜੰਤਰ-ਮੰਤਰ ਅੰਦੋਲਨ ਨੇ ਭਾਜਪਾ ਸਰਕਾਰ ਦਾ ਚਿਹਰਾ ਨੰਗਾ ਕਰ ਦਿੱਤਾ ਅਤੇ ਭਾਜਪਾ ਦੀਨਨਫ਼ਰਤ ਦੀ ਰਾਜਨੀਤੀ ਨੂੰ ਕਰਾਰੀ ਚੋਟ ਮਾਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਪਤਾ ਹੈ ਕਿ ਸਿੱਖਿਆ ਦੇ ਮੁੱਦੇ ਉੱਤੇ ਉਸ ਕੋਲ ਕੋਈ ਜਵਾਬ ਨਹੀਂ ਹੈ।

ਲੋਕ ਸਭਾ ਮੈਂਬਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਅੱਧੀ ਰਾਤ ਨੂੰ ਸੈਲਫੀ ਵੀਡਿਓ ਰਾਹੀਂ ਸਪੱਸ਼ਟੀਕਰਨ ਦੇਣਾ ਕੇਂਦਰ ਸਰਕਾਰ ਦੀ ਬੁਖਲਾਹਟ ਤੇ ਘਬਰਾਹਟ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਨਵੇਂ ਸੋਧਨਾ ਬਿੱਲ ਰਾਹੀਂ ਵੱਡੇ ਦਮਗਜ਼ੇ ਮਾਰਨ ਵਾਲੀ ਕੇਂਦਰ ਸਰਕਾਰ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਨੂੰ ਉਹ ਵੱਡੇ ਸੁਧਾਰ ਦੱਸ ਰਹੇ ਹਨ, ਉਹ ਵਿਸ਼ਵ ਦੇ ਛੋਟੇ-ਛੋਟੇ ਮੁਲਕਾਂ ਅੰਦਰ ਪਹਿਲਾਂ ਹੀ ਵਿਵਸਥਾਵਾਂ ਚੱਲ ਰਹੀਆਂ ਹਨ। ਮੀਤ ਹੇਅਰ ਨੇ ਕਿਹਾ ਕਿ ਨਵੇਂ ਬਿੱਲ ਵਿੱਚ ਸਜ਼ਾ ਵਧਾਉਣ ਦੀ ਤਜਵੀਜ਼ ਹੈ ਜਦੋਂ ਕਿ ਸਜ਼ਾ ਦੀ ਵਿਵਸਥਾ ਪਹਿਲਾਂ ਹੀ ਮੌਜੂਦ ਪਰ 2024 ਤੋਂ ਕਿਸੇ ਨੂੰ ਸਜ਼ਾ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਸਜ਼ਾ ਤਾਂ ਪਹਿਲਾਂ ਹੀ ਨਹੀਂ ਮਿਲ ਰਹੀ, ਸੋਧ ਬਿੱਲ ਵਿੱਚ ਸਜ਼ਾ ਵਧਾਉਣ ਨਾਲ ਕੋਈ ਫਰਕ ਨਹੀਂ ਪੈਣਾ।

# ਕਾਂਗਰਸੀ ਖਿੱਚੋਤਾਣ ਵਿਚਾਲੇ ਮੁੜ ਪੰਜਾਬ ਆਉਣਗੇ ਬਘੇਲ,

## 9 ਦਿਨਾਂ ਦੌਰਾਨ 16 ਜ਼ਿਲ੍ਹਿਆਂ 'ਚ ਕਰਨਗੇ ਮੀਟਿੰਗਾਂ



ਪੰਜਾਬ ਕਾਂਗਰਸ ਦੇ ਅੰਦਰ ਚੱਲ ਰਹੀ ਧੜੇਬੰਦੀ ਨੂੰ ਲੈ ਕੇ ਹਾਈਕਮਾਨ ਆਰ-ਪਾਰ ਦੇ ਮੂਡ ਵਿਚ ਹੈ। ਹਾਈਕਮਾਨ ਧੜੇਬੰਦੀ ਵਿਰੁੱਧ ਸਖ਼ਤ ਕਾਰਵਾਈ ਕਰਨ ਤੋਂ ਪਹਿਲਾਂ ਜ਼ਮੀਨੀ ਹਕੀਕਤ ਦਾ ਮੁਲਾਂਕਣ ਕਰਨਾ ਚਾਹੁੰਦੀ ਹੈ। ਕਾਂਗਰਸ ਦੇ ਸੂਬਾ ਇੰਚਾਰਜ ਭੁਪੇਸ਼ ਬਘੇਲ ਹੁਣ ਗ੍ਰਾਊਂਡ ਲੈਵਲ 'ਤੇ ਆ ਕੇ ਬਲਾਕ ਪੱਧਰ ਤੋਂ ਲੈ ਕੇ ਸਾਰੇ ਆਗੂਆਂ ਤੋਂ ਚੰਨੀ ਧੜੇ ਬਾਰੇ ਫੀਡਬੈਕ ਇਕੱਠੇ ਕਰਨਗੇ। ਜਾਣਕਾਰੀ ਮੁਤਾਬਕ ਬਘੇਲ 31 ਜੁਲਾਈ ਨੂੰ ਮੁੜ 9 ਦਿਨਾਂ ਦੇ ਪੰਜਾਬ ਦੌਰੇ 'ਤੇ ਆਉਣਗੇ ਤੇ 16 ਜ਼ਿਲ੍ਹਿਆਂ 'ਚ ਮੀਟਿੰਗ ਕਰਨਗੇ। ਪੰਜਾਬੀਸੱਭਿਆਚਾਰ

ਅਗਲੇ ਨੌਂ ਦਿਨਾਂ ਵਿੱਚ ਉਹ ਜ਼ਿਲ੍ਹਾ ਕਾਰਜਕਾਰੀਆਂ, ਬਲਾਕ ਕਾਰਜਕਾਰਨੀ ਅਧਿਕਾਰੀਆਂ, 2022 ਦੀਆਂ ਚੋਣਾਂ ਲੜਨ ਵਾਲੇ ਆਗੂਆਂ ਦੇ ਨਾਲ-ਨਾਲ ਸਬੰਧਤ ਜ਼ਿਲ੍ਹਿਆਂ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨਾਲ ਮੀਟਿੰਗਾਂ ਕਰਨਗੇ। ਮੀਟਿੰਗ ਵਿੱਚ ਭੁਪੇਸ਼ ਬਘੇਲ ਪਾਰਟੀ ਆਗੂਆਂ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਨਾਲ-ਨਾਲ ਰਾਹੁਲ ਗਾਂਧੀ ਦੀਆਂ ਰੈਲੀਆਂ ਲਈ ਥਾਵਾਂ 'ਤੇ ਚਰਚਾ ਕਰਨਗੇ। ਕਾਂਗਰਸ ਪਾਰਟੀ ਜਲਦੀ ਹੀ ਪੰਜਾਬ ਵਿੱਚ ਰਾਹੁਲ ਗਾਂਧੀ ਲਈ ਚਾਰ ਵੱਡੀਆਂ ਰੈਲੀਆਂ ਕਰਨ 'ਤੇ ਵਿਚਾਰ ਕਰ ਰਹੀ ਹੈ।

ਹਾਲਾਂਕਿ ਇਸ ਤੋਂ ਪਹਿਲਾਂ ਇਹ ਪੰਜਾਬ ਕਾਂਗਰਸ ਦੇ ਅੰਦਰ ਚੱਲ ਰਹੀ ਧੜੇਬੰਦੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੇਗੀ ਤਾਂ ਜੋ ਕਾਂਗਰਸ ਰਾਹੁਲ ਗਾਂਧੀ ਦੇ ਸਟੇਜ 'ਤੇ ਕਾਂਗਰਸ ਇੱਕਜੁੱਟ ਰਹੇ। ਪਾਰਟੀ ਸੂਤਰਾਂ ਦੀ ਮੰਨੀਏ ਤਾਂ ਰਾਹੁਲ ਦੇ ਪੰਜਾਬੌਰੇ ਤੋਂ ਪਹਿਲਾਂ ਹਾਈਕਮਾਨ ਬਾਗੀ ਧੜੇ 'ਤੇ ਕੋਈ ਠੋਸ ਐਕਸ਼ਨ ਲੈ ਸਕਦਾ ਹੈ। ਇਸ ਦੌਰਾਨ ਰਾਹੁਲ ਗਾਂਧੀ ਹੁਣ ਚਰਨਜੀਤ ਸਿੰਘ ਚੰਨੀ ਧੜੇ ਨੂੰ ਬਹੁਤੀ ਮਹੱਤਤਾ ਨਹੀਂ ਦੇ ਰਹੇ ਹਨ। ਪਾਰਟੀ ਸੂਤਰਾਂ ਮੁਤਾਬਕ ਚੰਨੀ ਧੜਾ ਵਾਰ-ਵਾਰ ਰਾਹੁਲ ਗਾਂਧੀ ਨਾਲ ਮੁਲਾਕਾਤ ਦਾ ਸਮਾਂ ਮੰਗ ਰਿਹਾ ਹੈ ਪਰ ਰਾਹੁਲ ਗਾਂਧੀ ਦੇ ਦਫ਼ਤਰ ਤੋਂ ਉਨ੍ਹਾਂ ਨੂੰ ਸਮਾਂ ਨਹੀਂ ਮਿਲ ਰਿਹਾ ਹੈ। ਚੰਨੀ ਧੜੇ ਨੂੰ ਰਾਹੁਲ ਗਾਂਧੀ ਦੇ ਰੁਝੇਵਿਆਂ ਦਾ ਹਵਾਲਾ ਦਿੰਦੇ ਹੋਏ ਸਮਾਂ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਚੰਨੀ ਧੜੇ ਨੂੰ ਉਮੀਦ ਹੈ ਕਿ ਉਹ 13 ਜੁਲਾਈ ਤੋਂ ਬਾਅਦ ਰਾਹੁਲ ਗਾਂਧੀ ਤੋਂ ਉਨ੍ਹਾਂ ਨੂੰ ਸਮਾਂ ਮਿਲ ਜਾਏਗਾ ਅਤੇ ਉਹ ਇੱਕ ਵਾਰ ਆਪਣਾ ਪੱਖ ਉਨ੍ਹਾਂ ਦੇ ਸਾਹਮਣੇ ਰੱਖਣਗੇ। ਮੀਟਿੰਗਾਂ ਦੌਰਾਨ ਸੰਗਠਨ ਨੂੰ ਮਜ਼ਬੂਤ ਕਰਨ, ਵਰਕਰਾਂ ਦੇ ਵਿਚਾਰ ਮੰਗਣ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਰਣਨੀਤੀ 'ਤੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਪਾਰਟੀ ਲੀਡਰਸ਼ਿਪ ਦਾ ਉਦੇਸ਼ ਨਵਾਂ ਉਤਸ਼ਾਹ ਪੈਦਾ ਕਰਨਾ ਅਤੇ ਵਰਕਰਾਂ ਨੂੰ ਇਕਜੁੱਟ ਕਰਨਾ ਹੈ। ਇਹ ਅਹਿਮ ਦੌਰਾ 31 ਜੁਲਾਈ ਨੂੰ ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਸ਼ੁਰੂ ਹੋਵੇਗਾ।

ਰਾਜਨੀਤਿਕ ਵਿਸ਼ਲੇਸ਼ਕ ਇਸ ਨੂੰ ਕਾਂਗਰਸ ਦੀਆਂ ਚੋਣ ਤਿਆਰੀਆਂ ਵੱਲ ਇੱਕ ਅਹਿਮ ਕਦਮ ਮੰਨਦੇ ਹਨ। ਇਸ ਦੌਰੇ ਰਾਹੀਂ ਭੁਪੇਸ਼ ਬਘੇਲ ਪਾਰਟੀ ਦੇ ਅੰਦਰ ਅੰਦਰੂਨੀ ਮਤਭੇਦਾਂ ਨੂੰ ਸੁਲਝਾਉਣ, ਸੰਗਠਨ ਨੂੰ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਚੋਣਾਂ ਲਈ ਇੱਕ ਪ੍ਰਭਾਵਸ਼ਾਲੀ ਰਣਨੀਤੀ ਤਿਆਰ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਨਾਲ ਸੰਗਠਨ ਦੇ ਅੰਦਰ ਸੰਭਾਵੀ ਤਬਦੀਲੀਆਂ ਆਉਣ ਦੀ ਉਮੀਦ ਹੈ।

# ਜਲੰਧਰ ਦੇ 4 ਜੀਆਂ ਦੀ ਮੌਤ ਮਾਮਲੇ 'ਚ ਹਾਈ ਕੋਰਟ ਨੇ ਸੁਣਾਇਆ ਫ਼ੈਸਲਾ

ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭੋਗਪੁਰ (ਜ਼ਿਲ੍ਹਾ ਜਲੰਧਰ) ਦੇ ਇੱਕ ਮਾਮਲੇ ਵਿੱਚ ਅਹਿਮ ਫੈਸਲਾ ਸੁਣਾਉਂਦਿਆਂ ਖੁਦਕੁਸ਼ੀ ਲਈ ਉਕਸਾਉਣ (ਧਾਰਾ 306 ਆਈ.ਪੀ.ਸੀ.) ਦੇ ਦੋਸ਼ਾਂ ਹੇਠ ਦਰਜ ਐੱਫ.ਆਈ.ਆਰ. ਨੂੰ ਰੱਦ ਕਰ ਦਿੱਤਾ ਹੈ। ਜਸਟਿਸ ਮਨੀਸ਼ਾ ਬੱਤਰਾ ਦੇ ਬੈਂਚ ਨੇ ਕੁਲਵੀਰ ਸਿੰਘ ਅਤੇ ਰਾਜਵੀਰ ਕੌਰ ਵੱਲੋਂ ਪਾਈ ਗਈ ਪਟੀਸ਼ਨ ਨੂੰ ਮਨਜ਼ੂਰ ਕਰਦੇ ਹੋਏ ਇਹ ਆਦੇਸ਼ ਦਿੱਤੇ। ਸਤੰਬਰ 2016 ਵਿੱਚ ਅਨਿਲ ਅਗਰਵਾਲ, ਉਨ੍ਹਾਂ ਦੀ ਪਤਨੀ ਅਤੇ ਦੋ ਬੱਚਿਆਂ ਨੇ ਆਪਣੇ ਘਰ ਵਿੱਚ ਖੁਦਕੁਸ਼ੀ ਕਰ ਲਈ ਸੀ। ਮੌਕੇ ਤੋਂ ਮਿਲੇ ਸੁਸਾਈਡ ਨੋਟ ਵਿੱਚ ਅੱਠ ਵਿਅਕਤੀਆਂ 'ਤੇ ਪੈਸੇ ਵਾਪਸ ਮੰਗਣ ਲਈ ਲਗਾਤਾਰ ਧਮਕਾਉਣ ਅਤੇ ਪ੍ਰੇਸ਼ਾਨ ਕਰਨ ਦੇ ਦੋਸ਼ ਲਗਾਏ ਗਏ ਸਨ। ਪੁਲਿਸ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਦੌਰਾਨ ਪਾਇਆ ਕਿ ਖੁਦਕੁਸ਼ੀ ਲਈ ਉਕਸਾਉਣ ਦਾ ਕੋਈ ਸਿੱਧਾ ਸਬੂਤ ਨਹੀਂ ਮਿਲਿਆ ਹੈ। ਜਦਕਿ ਬਾਅਦ ਵਿੱਚ ਪੁਲਿਸ ਨੇ ਪਟੀਸ਼ਨਰਾਂ ਖਿਲਾਫ ਪੂਰਕ ਚਲਾਨ ਪੇਸ਼ ਕੀਤਾ ਸੀ। ਮਹਿਜ਼ ਉਧਾਰ ਦਿੱਤੇ ਪੈਸੇ ਵਾਪਸ ਮੰਗਣਾ ਜਾਂ ਵਿੱਤੀ ਲੈਣ-ਦੇਣ ਦਾ ਵਿਵਾਦ, ਬਿਨਾਂ ਕਿਸੇ ਸਿੱਧੇ ਉਕਸਾਵੇ ਦੇ, ਧਾਰਾ 306 ਆਈ.ਪੀ.ਸੀ. ਦੇ ਤਹਿਤ ਜ਼ੁਰਮ ਨਹੀਂ ਬਣਦਾ। ਅਦਾਲਤ ਨੇ ਸੁਪਰੀਮ ਕੋਰਟ ਦੇ ਫੈਸਲਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਖੁਦਕੁਸ਼ੀ ਲਈ ਉਕਸਾਉਣ ਦੇ ਅਪਰਾਧ ਲਈ ਦੋਸ਼ੀ ਦੀ ਸਿੱਧੀ ਮਨਸ਼ਾ ਅਤੇ ਅਜਿਹਾ ਕਦਮ ਚੁੱਕਣ ਲਈ ਮਜਬੂਰ ਕਰਨ ਵਾਲਾ ਕੋਈ ਪ੍ਰਤੱਖ ਕਾਰਜ ਹੋਣਾ ਜ਼ਰੂਰੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਪਟੀਸ਼ਨਰਾਂ ਖਿਲਾਫ ਕਾਰਵਾਈ ਜਾਰੀ ਰੱਖਣਾ ਕਾਨੂੰਨੀ ਪ੍ਰਕਿਰਿਆ ਦੀ ਦੁਰਵਰਤੋਂ ਹੋਵੇਗੀ, ਇਸ ਲਈ ਉਨ੍ਹਾਂ ਖਿਲਾਫ ਦਰਜ ਐੱਫ.ਆਈ.ਆਰ. ਅਤੇ ਸਬੰਧਤ ਕਾਰਵਾਈਆਂ ਨੂੰ ਖਾਰਜ ਕੀਤਾ ਜਾਂਦਾ ਹੈ।

# ਸੌਰਵ ਦਾਸ ਦੇ ਬਿਆਨ 'ਤੇ ਕੰਗਨਾ ਰਣੌਤ ਦਾ ਪਲਟਵਾਰ

## ਕਿਹਾ, ਤੁਸੀਂ ਵਿਦਿਆਰਥੀ ਨਹੀਂ ਬਸ ਬੇਕਾਰ ਹੋ, ਜਾ ਕੇ ਕੁਝ Skill ਸਿੱਖੋ"



ਭਾਜਪਾ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਨੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਬੁਲਾਰੇ ਸੌਰਵ ਦਾਸ ਦੇ ਬਿਆਨ 'ਤੇ ਪਲਟਵਾਰ ਕੀਤਾ ਹੈ। ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਇੱਕ ਪੋਸਟ ਵਿੱਚ, ਕੰਗਨਾ ਨੇ ਕਿਹਾ ਕਿ ਜਿਸ ਉਮਰ ਵਿੱਚ ਸੌਰਵ ਰਾਜਨੀਤੀ ਵਿੱਚ ਦਾਖਲ ਹੋ ਰਿਹਾ ਹੈ, ਉਸ ਉਮਰ ਵਿੱਚ ਉਹ ਪਹਿਲਾਂ ਹੀ ਦੋ ਰਾਸ਼ਟਰੀ ਪੁਰਸਕਾਰ ਜਿੱਤ ਚੁੱਕੀ ਹੈ। ਏਐਨਆਈ ਨਾਲ ਸੌਰਵ ਦਾਸ ਦੇ ਇੰਟਰਵਿਊ ਦਾ ਸਕ੍ਰੀਨਸ਼ਾਟ ਸਾਂਝਾ ਕਰਦੇ ਹੋਏ, ਕੰਗਨਾ ਨੇ ਲਿਖਿਆ, "ਮੈਂ ਇਸ ਵਿਅਕਤੀ ਨੂੰ ਗੂਗਲ ਕੀਤਾ; ਉਹ 28 ਸਾਲਾਂ ਦਾ ਹੈ। ਮੈਨੂੰ ਸਮਝ ਨਹੀਂ ਆ ਰਿਹਾ ਕਿ ਉਹ ਆਪਣੇ ਆਪ ਨੂੰ ਵਿਦਿਆਰਥੀ ਕਿਵੇਂ ਕਹਿ ਰਿਹਾ ਹੈ। ਮੈਂ ਪਿਛਲੇ ਦੋ ਸਾਲਾਂ ਤੋਂ ਰਾਜਨੀਤੀ ਵਿੱਚ ਹਾਂ, ਪਰ ਮੈਂ ਪਿਛਲੇ 20 ਸਾਲਾਂ ਤੋਂ ਜਨਤਕ ਜੀਵਨ ਵਿੱਚ ਸਰਗਰਮ ਹਾਂ।" ਉਸਨੇ ਅੱਗੇ ਕਿਹਾ ਕਿ 28 ਸਾਲ ਦੀ ਉਮਰ ਵਿੱਚ, ਉਸਨੂੰ ਦੋ ਰਾਸ਼ਟਰੀ ਪੁਰਸਕਾਰ ਮਿਲੇ ਸਨ। "ਇੱਕ ਨਵੀਂ ਸੰਸਦ ਮੈਂਬਰ ਵਜੋਂ ਕੰਮ ਦਾ ਦਬਾਅ ਮਹਿਸੂਸ ਕਰਨਾ ਸੁਭਾਵਿਕ ਹੈ, ਕਿਉਂਕਿ ਮੈਂ ਇੱਕ ਅਭਿਨੇਤਰੀ, ਫਿਲਮ ਨਿਰਮਾਤਾ, ਨਿਰਮਾਤਾ, ਪਟਕਥਾ ਲੇਖਕ ਅਤੇ ਉੱਦਮੀ ਹਾਂ।" ਉਸਨੇ ਅੱਗੇ ਕਿਹਾ, ਸੌਰਵ ਵਰਗਾ ਬੇਕਾਰ ਅਤੇ ਬੇਰੁਜ਼ਗਾਰ ਵਿਅਕਤੀ ਕਦੇ ਨਹੀਂ ਸਮਝੇਗਾ ਕਿ ਹਮੇਸ਼ਾ ਮੰਗ ਵਿੱਚ ਰਹਿਣ ਦਾ ਕੀ ਅਰਥ ਹੈ। ਪਿਆਰੇ ਸੌਰਵ, ਤੁਹਾਡੀਆਂ ਸਮੱਸਿਆਵਾਂ ਨਿੱਜੀ ਹਨ। ਤੁਸੀਂ ਵਿਦਿਆਰਥੀ ਨਹੀਂ ਹੋ, ਤੁਸੀਂ ਸਿਰਫ਼ ਬੇਕਾਰ ਹੋ। ਜਾਓ ਜਾ ਕੇ ਕੁੱਝ ਹੁਣ ਸਿੱਖੋ।

ਕੰਗਨਾ ਦੇ ਬਿਆਨਾਂ ਦਾ ਵਿਰੋਧ ਕਰਦੇ ਹੋਏ, ਸੀਜੇਪੀ ਦੇ ਬੁਲਾਰੇ ਸੌਰਵ ਦਾਸ ਨੇ ਕਿਹਾ ਕਿ ਜੇਕਰ ਉਸਦੀ ਆਪਣੀ ਪਾਰਟੀ ਦੇ ਮੈਂਬਰ ਕੰਗਨਾ ਰਣੌਤ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਤਾਂ ਦੂਸਰੇ ਕਿਉਂ ਲੈਣ? ਉਨ੍ਹਾਂ ਕਿਹਾ ਕਿ ਕੰਗਨਾ GEN Z ਨੂੰ ਗੈਰ-ਜ਼ਿੰਮੇਵਾਰ ਦੱਸ ਰਹੀ ਹੈ, ਜਦੋਂ ਕਿ ਉਸਦੇ ਆਪਣੇ ਬਿਆਨਾਂ ਨੇ ਉਸਦੀ ਗੰਭੀਰਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਇਆ ਹੈ। ਇੱਕ ਜਨਤਕ ਪ੍ਰਤੀਨਿਧੀ ਹੋਣ ਦੇ ਨਾਤੇ, ਉਸਨੂੰ ਆਪਣੇ ਅਹੁਦੇ ਦੀ ਮਾਣ-ਮਰਿਆਦਾ ਅਤੇ ਭਾਸ਼ਾ ਦੀ ਮਰਿਆਦਾ ਬਣਾਈ ਰੱਖਣੀ ਚਾਹੀਦੀ ਹੈ। ਸੌਰਵ ਨੇ ਅੱਗੇ ਕਿਹਾ ਕਿ ਦੇਸ਼ ਦੀ ਨੌਜਵਾਨ ਪੀੜ੍ਹੀ ਅਤੇ GEN Z ਨੇ ਲੋਕਤੰਤਰ ਵਿੱਚ ਵਿਸ਼ਵਾਸ਼ ਪੈਦਾ ਕਰਨ ਲਈ ਕੰਮ ਕੀਤਾ ਹੈ, ਜਿਸਦੀ ਤੁਲਨਾ ਕੰਗਨਾ ਦੇ ਬਿਆਨਬਾਜ਼ੀ ਨਾਲ ਨਹੀਂ ਕੀਤੀ ਜਾ ਸਕਦੀ।

ਇਹ ਧਿਆਨ ਦੇਣ ਯੋਗ ਹੈ ਕਿ NEET-UG 2026 ਪੇਪਰ ਲੀਕ ਮਾਮਲੇ ਨੂੰ ਲੈ ਕੇ ਦੇਸ਼ ਭਰ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਲਗਭਗ ਇੱਕ ਮਹੀਨੇ ਤੱਕ ਵਿਰੋਧ ਪ੍ਰਦਰਸ਼ਨ ਕੀਤਾ। ਇਹ ਵਿਰੋਧ ਪ੍ਰਦਰਸ਼ਨ ਤਤਕਾਲੀ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਅਤੇ ਸਰਕਾਰ ਵੱਲੋਂ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ੇ ਦੀਆਂ ਮੰਗਾਂ ਨੂੰ ਸਵੀਕਾਰ ਕਰਨ ਅਤੇ ਵਿਦਿਆਰਥੀਆਂ ਵਿਰੁੱਧ ਦਰਜ ਐਫਆਈਆਰ ਵਾਪਸ ਲੈਣ ਤੋਂ ਬਾਅਦ ਖਤਮ ਹੋ ਗਿਆ। ਇਸ ਵਿਰੋਧ ਪ੍ਰਦਰਸ਼ਨ ਦੌਰਾਨ, ਕੰਗਨਾ ਰਣੌਤ ਨੇ ਪ੍ਰਦਰਸ਼ਨਕਾਰੀ ਨੌਜਵਾਨਾਂ ਬਾਰੇ ਇੱਕ ਵਿਵਾਦਪੂਰਨ ਬਿਆਨ ਦਿੱਤਾ, ਜਿਸ ਨਾਲ ਰਾਜਨੀਤਿਕ ਅਤੇ ਵਿਦਿਆਰਥੀ ਸੰਗਠਨਾਂ ਵਿੱਚ ਵਿਆਪਕ ਰੋਸ ਫੈਲ ਗਿਆ।















ਪੰਜਾਬ ਸਟਾਰ
PUNJABSTAR.COM

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjer
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab Star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਜੰਤਰ ਮੰਤਰ ਲਾਠੀਚਾਰਜ...



ਐਕਟਰ ਨਸੀਰੂਦੀਨ ਸਾਹ..ਜੰਤਰ ਮੰਤਰ ਲਾਠੀਚਾਰਜ ਤੇ ਪ੍ਰਧਾਨ ਮੰਤਰੀ ਨੂੰ ਖਰੀਆਂ ਖਰੀਆਂ ਸੁਣਾਉਣ ਵਾਲਾ..ਨਾਸਤਿਕ ਵਿਚਾਰਧਾਰਾ ਦਾ ਧਾਰਨੀ..ਪਰ ਤਿੰਨ ਸਾਲ ਪਹਿਲੋਂ ਜਦੋਂ ਹਰਿਦੁਆਰ ਚ ਜਨ ਸੰਮੇਲਨ ਦੌਰਾਨ ਮੁਸਲਮਾਨਾਂ ਨੂੰ ਮਾਰਨ ਦੀ ਸੋਹ ਖਵਾਈ ਗਈ ਤਾਂ ਬਿਆਨ ਦਿੱਤਾ ਕੇ ਅਸੀ ਆਪਣੀ ਹੋਂਦ ਦੀ ਲੜਾਈ ਖੁਦ ਲੜਾਂਗੇ..! ਟੋਬਾ ਟੇਕ ਸਿੰਘ ਵਾਲੇ ਹਸਨ ਮੰਟੋ ਨੂੰ ਕਿਸੇ ਆਖਿਆ ਤੂੰ ਸ਼ਰਾਬ ਪੀਂਦਾ..ਨਮਾਜ ਨੀ ਪੜਦਾ..ਪੱਕਾ ਮੁਸਲਮਾਨ ਵੀ ਹੈਨੀ..ਫੇਰ ਤੈਨੂੰ ਭਲਾ ਕਿਸਤੋਂ ਖਤਰਾ..ਅਗਿਓਂ ਕਹਿੰਦਾ..ਭਰਾਵਾਂ ਇੰਨਾ ਕੁ ਮੁਸਲਮਾਨ ਤੇ ਹੈਗਾ ਹੀ ਹਾਂ ਕੇ ਦੰਗਿਆਂ ਵਿਚ ਕਿਸੇ ਹੱਥੋਂ ਮਾਰਿਆ ਜਾਵਾ!

ਰਾਸ਼ਟਰਵਾਦੀ ਸਿੱਖ ਅਤੇ ਖਾਸ ਕਰਕੇ ਦਸਤਾਰਧਾਰੀ ਕਾਮਰੇਡ ਧਿਰਾਂ..ਇੱਕ ਵੱਡਾ ਵਹਿਮ ਕੇ ਹਮੇਸ਼ਾਂ ਰਾਸ਼ਟਰਵਾਦ ਅਤੇ ਜੈ ਹਿੰਦ ਦੀ ਗੱਲ ਕੀਤੀ..ਉੱਨੀ ਇੱਕੀ ਵੇਲੇ ਭਲਾ ਓਹਨਾ ਨੂੰ ਕੀ ਹੋਣ ਲੱਗਾ..ਕੌਣ ਸਮਝਾਵੇ ਕੇ ਤੱਤੇ ਘਾਹ ਭੀੜ ਸਿਰਫ ਦਸਤਾਰ ਵੇਖਦੀ ਨਾ ਕੇ ਜ਼ਿਹਨ ਅੰਦਰ ਦੀ ਸੋਚ..ਜੈਲ ਸਿੰਘ ਖੁਸ਼ਵੰਤ ਸਿੰਘ ਮੋਹਿੰਦਰ ਸਿੰਘ ਸਾਥੀ ਜਗਜੀਤ ਸਿੰਘ ਅਰੋੜਾ ਜਨਰਲ ਹਰਬਖਸ਼ ਸਿੰਘ ਅਤੇ ਮਨਮੋਹਨ ਸਿੰਘ ਸਾਰੇ ਇਸੇ ਭੁਲੇਖੇ..ਨਵੰਬਰ ਚੁਰਾਸੀ ਮੌਕੇ ਕਿਸੇ ਨੂੰ ਵੀ ਨਹੀਂ ਸੀ ਬਖਸ਼ਿਆ ਗਿਆ..ਵੱਖੋ ਵੱਖ ਥਾਵਾਂ ਤੇ ਲੁਕ ਕੇ ਮਸੀ ਜਾਨ ਬਚਾਈ..!

ਕੁਝ ਅੱਖਰ ਤਸਵੀਰ ਤੇ..ਕੇਰਾਂ ਸਫ਼ਰ ਤੇ ਜਾਣਾ ਸੀ..ਆਸੇ ਪਾਸੇ ਜੰਗਲ ਹੀ ਜੰਗਲ..ਕਿਸੇ ਨੇ ਆਦਮਖੋਰ ਭਾਲੂਆਂ ਬਾਰੇ ਦੱਸਿਆ..ਹੇਠਾਂ ਉਤਰਨਾ ਹੋਵੇ ਤਾਂ ਆਸਾ ਪਾਸਾ ਵੇਖ ਕੇ..ਤੜਕੇ ਨਿੱਕਲਿਆ..ਨਾਲ ਹੀ ਧੁੰਦ ਪੈ ਗਈ..ਉੱਤੋਂ ਝਾਤੀਆਂ ਮਾਰਦਾ ਸੂਰਜ..ਨੀਂਦਰ ਜਿਹੀ ਆਈ ਜਾਵੇ..ਨਾਲੇ ਹਾਸਾ..ਓਹਨਾ ਤੇ ਜਿਹਨਾਂ ਸਾਵਧਾਨ ਕੀਤਾ ਸੀ..ਅਚਾਨਕ ਕਾਲੇ ਵਜੂਦਾਂ ਦਾ ਇੱਕ ਵੱਡਾ ਝੁੰਡ ਨਿੱਕਲਿਆ..ਐਨ ਵਿਚਾਲੇ ਖਲੋ ਗਿਆ..ਘੜੀ ਕੂ ਲਈ ਵੇਖਦੇ ਰਹੇ ਤੇ ਫੇਰ ਦੂਜੇ ਪਾਸੇ ਨੂੰ ਨਿੱਕਲ ਗਏ..ਇਹ ਤੇਰਾ ਰਾਹ ਨਹੀਂ ਸਗੋਂ ਸਾਡੀ ਜਮੀਨ ਤੋਂ ਧੱਕੇ ਨਾਲ ਕੱਢਿਆ ਲਾਂਘਾ ਏ..ਮੁੜਕੇ ਕਾਲੇ ਵਜੂਦਾਂ ਦੀ ਤ੍ਰਭਕ..ਨਾ ਹੇਠਾਂ ਉੱਤਰਿਆ ਤੇ ਨਾ ਨੀਂਦਰ ਹੀ ਪਈ..!

ਆਸਾਮ ਦੇ ਜੰਗਲਾਂ ਵਿਚ ਲਮਡਿੰਗ ਸ਼ਹਿਰ..ਰੇਲਵੇ ਦੀ ਨੌਕਰੀ ਕਰਦੇ ਬਾਪੂ ਹੂਰੀ ਦੱਸਦੇ..ਕੇਰਾਂ ਲੰਘਦੀ ਗੱਡੀ ਨਾਲ ਵੱਜ ਕੇ ਹਾਥੀ ਦਾ ਬੱਚਾ ਮਰ ਗਿਆ..ਸਾਰੀ ਬਰਾਦਰੀ ਨੇ ਲਾਈਨ ਬਲਾਕ ਕਰ ਦਿੱਤੀ..ਫੇਰ ਆਥਣ ਤੀਕਰ ਓਥੇ ਬੈਠੇ ਰਹੇ..ਉੱਚੀ ਉੱਚੀ ਪਤਾ ਨੀ ਚਿੰਘਾੜਾਂ ਸਨ ਕੇ ਵਿਰਲਾਪ..ਫੇਰ ਜਿਸ ਦਾ ਬੱਚਾ ਮਰਿਆ ਸੀ..ਇੱਕ ਹੋਰ ਦੇ ਬੱਚੇ ਨੂੰ ਲਾਡ ਪਿਆਰ ਕਰਦੀ ਓਥੋਂ ਚਲੀ ਗਈ..ਆਪਣਾ ਓਥੇ ਹੀ ਛੱਡ..ਜੇ ਦੇਹ ਦ੍ਰਿਸ਼ਟੀ ਸਾਂਭਣ ਦਾ ਵਲ ਹੁੰਦਾ ਤਾਂ ਜਰੂਰ ਸਾਂਭ ਕੇ ਜਾਂਦੀ..!

ਚਿੰਘਾੜਾ ਤੋਂ ਯਾਦ ਆਇਆ ਪਿੰਕੀ ਕੈਟ..ਕਹਿੰਦਾ ਕਿਤਾਬ ਲਿਖਣੀ..ਨਾਮ ਰੱਖਣਾ ਪਿੰਕੀ ਦੀਆਂ ਚਿੰਘਾੜਾਂ..ਸਾਰੇ ਅਫਸਰ ਨੰਗੇ ਕਰਨੇ..ਪਰ ਲਿਖਣੀ ਮਰਨ ਤੋਂ ਕੁਝ ਵਰੇ ਪਹਿਲੋਂ..ਪਰ ਰੱਬ ਸਰੀਰ ਤੇ ਐਕਸਪੈਰੀ ਡੇਟ ਕਿਥੇ ਲਿਖਦਾ..ਕਹਾਣੀ ਪਹਿਲੋਂ ਹੀ ਮੁੱਕ ਗਈ..!

ਦੇਹ ਦ੍ਰਿਸ਼ਟੀ ਸਾਂਭਣ ਤੋਂ ਹੋਰ ਗੱਲ ਚੇਤੇ ਆਈ..ਧਾਰੀਵਾਲ ਕੋਲ ਪਿੰਡ ਰਾਏ ਚੱਕ..ਅਮ੍ਰਿਤਸਰ ਯੂਨੀਵਰਸਿਟੀ ਪੜਦਾ ਬਲਦੇਵ ਸਿੰਘ ਥਾਣੇਦਾਰ ਮੱਖਣ ਸਿੰਘ ਜੱਲਾਦ ਨੇ ਘਰੋਂ ਚੁੱਕ ਲਿਆ..ਮਾਂ ਛੋਟੇਪੁਰ ਦੇ ਤਰਲੇ ਮਾਰਦੀ ਫਿਰੇ ਮੇਰਾ ਪੁੱਤ ਦਵਾ ਦੇ..ਇੱਕ ਸਿਪਾਹੀ ਨੇ ਤਾਰ ਤੇ ਟੰਗਿਆ ਲਹੂ ਨਾਲ ਗੜੁੱਚ ਸਾਫਾ ਫੜਾਇਆ..ਮਾਤਾ ਇਹੋ ਕੁਝ ਬਾਕੀ ਹੈ..ਕਮਲੀ ਹੋਈ ਸਾਫ਼ੇ ਤੇ ਜੰਮੀਂ ਸੁੱਕੀ ਰੱਤ ਹੀ ਚੁੰਮੀ ਜਾਵੇ..ਨਾਲੇ ਮੂੰਹ ਤੇ ਮਲੀ ਜਾਵੇ..ਮੇਰੇ ਪੁੱਤ ਦਾ ਲਹੂ..ਆਂਦਰਾਂ ਨੂੰ ਪੈਂਦਾ ਸੇਕ ਖਿੱਚ ਕਾਹਲੀ ਅੱਚਵੀ ਬੇਸਿਦਕੀ ਛੱਟਪਟਾਹਤ ਉਡੀਕ ਬਿੜਕਾਂ ਕੰਸੋਵਾਂ ਝੌਲੇ ਸੁਫਨਲੋਕ ਦੇ ਝਾਕੇ..ਜਿਸ ਤਨ ਲਾਗੇ ਓਹੀ ਜਾਣੇ..ਜਦੋਂ ਗਵਾਉਣ ਨੂੰ ਹੋਰ ਕੁਝ ਨਾ ਹੋਵੇ ਓਦੋਂ ਮਮਤਾ ਕਿਸ ਰੂਪ ਵਿਚ ਜ਼ਿਹਨ ਤੇ ਛਾ ਜਣੀ..ਸਿਰਫ ਰੱਬ ਹੀ ਜਾਣਦਾ..!

ਪਿੱਛੇ ਜਿਹੇ ਇੰਟਰਵਿਊ ਵਿਚ ਦੱਸ ਰਿਹਾ ਸੀ..ਪ੍ਰੋਮੋਸ਼ਨ ਖਾਤਿਰ ਆਪਣੀਆਂ ਦੋ ਧੀਆਂ ਨਾਲਦੀ ਅਤੇ ਪਿਓ ਮੁਕਾ ਦਿੱਤਾ..ਨਾਮ ਖਾੜਕੂਆਂ ਦਾ ਲਾ ਦਿੱਤਾ..ਕਿਸੇ ਪੁੱਛਿਆ ਆਹ ਕੀ ਕੀਤਾ..ਅੱਗਿਓਂ ਕਹਿੰਦਾ ਧੀਆਂ ਦੇਰ ਸੁਵੇਰ ਵਿਆਉਣੀਆਂ ਪੈਣੀਆਂ ਸਨ..ਨਾਲਦੀ ਦਾ ਕੀ ਏ ਨਵੀਂ ਮਿਲਜੂ ਤੇ ਪਿਓ ਦੋ ਚਾਰ ਸਾਲਾਂ ਨੂੰ ਵੈਸੇ ਵੀ ਮੁੱਕ ਹੀ ਜਾਣਾ ਸੀ..!

ਕੀ ਹੈ ਇਹ ਇਨਸਾਨੀ ਮਾਨਸਿਕਤਾ..ਜੇ ਕੇਰਾਂ ਰਸਾਤਲ ਵੱਲ ਨੂੰ ਤੁਰ ਪਵੇ ਤਾਂ ਫੇਰ ਤੁਰਦੀ ਹੀ ਜਾਂਦੀ..ਲਗਾਤਾਰ..ਬੇਲਗਾਮ ਆਪਣੇ ਖੁਦ ਦੇ ਅੰਤ ਦੀ ਪ੍ਰਵਾਹ ਕੀਤੇ ਬਗੈਰ..ਦੱਸਦੇ ਜਦੋਂ ਇਹ ਜੱਲਾਦ ਮੁੱਕਿਆ ਤਾਂ ਜਾਨ ਬੜੀ ਔਖੀ ਨਿੱਕਲੀ..ਹਾਲ ਤੇ ਸੁੱਪਰ ਕੌਪ ਦਾ ਵੀ ਦੱਸਦੇ ਇੱਦਾ ਹੀ ਸੀ..ਲੰਮੀਆਂ ਦਾਸਤਾਨਾਂ..ਬਿੱਖੜੇ ਪੈਂਡੇ..ਗਮਾਂ ਦੀ ਰਾਤ ਲੰਮੀ ਏ..ਜਾਂ ਮੇਰੇ ਗੀਤ ਲੰਮੇ ਨੇ..ਨਾ ਭੈੜੀ ਰਾਤ ਮੁੱਕਦੀ ਏ..ਨਾ ਮੇਰੇ ਗੀਤ ਮੁੱਕਦੇ ਨੇ..ਸਵਰਗ ਨਰਕ ਇਥੇ ਹੀ..!ਹੋਰ ਵੀ ਬਹੁਤ ਕੁਝ ਏ ਜ਼ਿਹਨ ਵਿਚ ਵੇਖਿਆ ਸੁਣਿਆ ਹੰਢਾਇਆ..ਕਦੇ ਫੇਰ..ਪਰ ਨਵੇਂ ਆਇਆਂ ਨੂੰ ਇੱਕ ਸਲਾਹ..ਢੋਲ-ਢਮੱਕਿਆਂ ਦਾ ਇਹ ਸਫ਼ਰ ਅਖੀਰ ਨੂੰ ਅਠਵੰਜਾ ਸਾਲ ਤੇ ਅੱਪੜ ਮੁੱਕ ਜਾਂਦਾਂ..ਸਦੀਵੀਂ..ਫੇਰ ਅੱਗਿਓਂ ਪੰਦਰਾਂ ਵੀਹ ਸਾਲ ਹੋਰ ਤੇ ਫੇਰ ਡਰਾਮੇ ਦਾ ਡ੍ਰੌਪ ਸੀਨ..ਪਰਦੇ ਹਮੇਸ਼ਾਂ ਲਈ ਡਿੱਗ ਜਾਂਦੇ ਤੇ ਕਹਾਣੀ ਖਤਮ..ਆਪ ਮੋਏ ਜੱਗ ਪਰਲੋ!

ਸਿਸਟਮ ਮੋਢੇ ਤੇ ਭਾਵੇਂ ਜਿੰਨਾ ਮਰਜੀ ਪਿੱਤਲ ਜੜ ਦਵੇ..ਹਮੇਸ਼ਾਂ ਓਹਨਾ ਬਦ-ਦੁਆਵਾਂ ਤੋਂ ਡਰਿਆ ਕਰੋ ਜੋ ਬੋਲਕੇ ਨਹੀਂ ਦਿੱਤੀਆਂ ਜਾਂਦੀਆਂ!



**ਹਰਪ੍ਰੀਤ ਸਿੰਘ ਜਵੰਦਾ**

# ਮੇਰਾ ਡਾਂਗਸਤਾਨ..!




ਚਰਨਜੀਤ ਭੁੱਲਰ

ਚੰਡੀਗੜ੍ਹ : ਲਓ ਜੀ! ਪ੍ਰਧਾਨ ਹੋਵੇ ਤਾਂ ਐਸਾ। ਨਾ ਤਖ਼ਤਾਂ ਦੀ ਪ੍ਰਵਾਹ, ਨਾ ਤਾਜਾਂ ਦੀ, ਠੋਕਰ ਮਾਰ ਔਹ ਗਿਆ। ਏਨਾ ਜੱਸ ਕਿਸੇ ਟਾਵੇਂ ਦੀ ਝੋਲੀ ਪੈਂਦੈ। ਤੁਸੀਂ ਸੋਚਦੇ ਪਏ ਹੋ, ਏਹ ਕਲਾ ਕਿਵੇਂ ਵਰਤੀ। ਪਹਿਲਾਂ ਤਾਂ ਪ੍ਰਧਾਨ ਜੀ ਇੰਜ ਗੱਜਦੇ ਪਏ ਸੀ, 'ਹਮ ਕੋ ਮਿਟਾ ਸਕੇ, ਜ਼ਮਾਨੇ ਮੇ ਯੇ ਦਮ ਨਹੀਂ।' ਹੁਣ ਗਾਉਣੋਂ ਨੀ ਹਟਦੇ ਪਏ, 'ਦਿਲ ਦੀਆ ਹੈ, ਜਾਨ ਭੀ ਦੇਂਗੇ, ਐ ਵਤਨ ਤੇਰੇ ਲੀਏ।' ਹੋਇਆ ਇੰਜ, ਜਦ ਪ੍ਰਧਾਨ ਜੀ ਆਪਣੇ ਸ਼ਾਹੀ ਬੈੱਡ-ਰੂਮ 'ਚ ਅਰਾਮ ਫ਼ਰਮਾ ਹੁੰਦੇ, ਅਚਾਨਕ ਡੰਗ ਵੱਜਣ ਲੱਗਦੇ। ਜਿਵੇਂ 'ਮਹਿਲ-ਏ-ਖ਼ਾਸ' 'ਚ ਕੌਕਰੋਚਾਂ ਦੀ ਫ਼ੌਜ ਆਣ ਵੜੀ ਹੋਵੇ।

ਕਾਸ਼! ਕਿਤੇ ਪ੍ਰਧਾਨ ਜੀ ਨੇ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ' ਪੜ੍ਹੀ ਹੁੰਦੀ, ਇਨਸਾਨੀ ਫੁਹਾਰਾਂ 'ਚ ਗੜੁੱਚ ਹੋ ਜਾਣਾ ਸੀ। ਪਰ ਪ੍ਰਧਾਨ ਜੀ ਤਾਂ ਫ਼ਖ਼ਰ ਕਰਦੇ ਰਹੇ ਹਕੂਮਤੀ ਸ਼ਾਹਕਾਰ ਰਚਨਾ 'ਮੇਰਾ ਡਾਂਗਸਤਾਨ' 'ਤੇ। ਦੂਜੇ ਬੰਨੇ, 'ਮੇਰਾ ਡੰਗਸਤਾਨ', ਜੰਤਰ ਮੰਤਰ ਦੇ ਕੌਕਰੋਚਾਂ ਦਾ ਮੰਤਰ ਸੀ, ਜਿਨ੍ਹਾਂ ਦੇ ਡੰਗ ਮੰਤਰੀ ਦਾ ਅਸਤੀਫ਼ਾ ਜੇਬ ਚੋਂ ਕਢਾ ਲਿਆਏ। ਡਾਂਗ ਆਲ਼ਿਆਂ ਨੇ ਡਾਂਗ ਚਲਾਈ, ਡੰਗ ਆਲ਼ਿਆਂ ਨੇ ਡੰਗ। ਪ੍ਰਧਾਨ ਸੇਵਕ ਦੁਬਿਧਾ 'ਚ ਸਨ, ਸਰਦੂਲ ਸਿਕੰਦਰ ਨੇ ਦੂਰ ਕੀਤੀ, 'ਜ਼ਿਦ ਨਾਲ ਮਸਲੇ ਵਿਗੜ ਜਾਂਦੇ ਨੇ..।'

ਪ੍ਰਧਾਨ ਸੇਵਕ ਪੁਰਾਣੇ ਵੈਦ ਨੇ ਜਿਹੜੇ ਹਰ ਬਿਮਾਰੀ ਦਾ ਇਲਾਜ 'ਡਾਂਗ ਪ੍ਰੈਸ਼ਰ' ਨਾਲ ਕਰਦੇ ਨੇ। 'ਨਾਗ ਛੇੜ ਲਿਆ ਕਾਲਾ, ਮੰਤਰ ਯਾਦ ਨਹੀਂ।' ਪਹਿਲਾਂ ਕਿਸਾਨੀ ਨੂੰ ਹੱਥ ਪਾਇਆ ਸੀ, ਹੁਣ ਜਵਾਨੀ ਨੂੰ। ਜਪਾਨੀ ਆਖਦੇ ਨੇ, 'ਜਦੋਂ ਬੁੱਢੇ ਹੋ ਜਾਵੋ, ਬੱਚਿਆਂ ਦਾ ਕਹਿਣਾ ਮੰਨੋ।' ਧਰਮੇਂਦਰ ਪ੍ਰਧਾਨ ਨੇ ਜੰਤਰ ਮੰਤਰ 'ਤੇ, ਔਹ ਵਗਾਹ ਮਾਰਿਆ ਅਸਤੀਫ਼ਾ। ਨਹੀਂ ਕਲਯੁਗੀ ਜ਼ਮਾਨੇ 'ਚ ਕੌਣ ਏਡੀ ਕੁਰਬਾਨੀ ਕਰਦੈ। 'ਜੈਨ-ਜ਼ੀ' ਦੀ ਝੋਲੀ ਜਿੱਤ ਪਈ, ਪ੍ਰਧਾਨ ਦੇ ਬੋਝੇ ਲਾਹਨਤਾਂ। ਗੁਰਦਾਸ ਮਾਨ ਐਵੇਂ ਨੀ ਹੇਕਾਂ ਲਾਉਂਦਾ, 'ਵਾਹ ਨੀ ਜਵਾਨੀਏ..।'

ਕੋਈ ਸ਼ਾਇਰ ਫ਼ਰਮਾ ਹੈ, 'ਸਹਿਣੀ ਪੈਂਦੀ ਮਾਰ ਦੁਲੱਤਿਆਂ ਦੀ, ਜੇ ਕੁਰਸੀ ਵਹਾਈਏ ਖੋਤਿਆਂ ਨੂੰ।' 'ਜੈੱਨ-ਜ਼ੀ' ਦੀ ਇਹ ਜਿੱਤ ਹੈ ਡਰ 'ਤੇ। ਖ਼ੌਫ਼ 'ਤੇ ਫ਼ਤਿਹ ਪਾਈ ਹੈ, ਜਿਸ ਦੇ ਪਰਛਾਵੇਂ 'ਚ ਮੁਲਕ ਵਾਸੀ ਜੀਅ ਰਹੇ ਸਨ। ਇੱਕ ਵਾਰੀ ਤਾਂ ਇੰਜ ਲੱਗਿਆ ਜਿਵੇਂ ਪੁਲੀਸ ਤੋਂ ਲਾਠੀ ਖੋਹ 'ਜੈੱਨ-ਜ਼ੀ' ਨੇ ਲੋਕਤੰਤਰ ਨੂੰ ਫੜਾ ਦਿੱਤੀ ਹੋਵੇ ਕਿ ਹੁਣ ਤੁਰ ਮੜਕ ਨਾਲ। ਵੈਸੇ ਇਹ ਵੀ ਜ਼ਰੂਰੀ ਨਹੀਂ ਕਿ 'ਕੱਲਾ ਚੰਨੀ ਹੀ ਮਸਲੇ ਹੱਲ ਕਰਦਾ ਹੋਵੇ। ਹੁਣ ਨਵਾਂ ਨਾਅਰਾ ਗੂੰਜੇਗਾ..'ਸ਼ਹਿਰ-ਗਰਾਂ 'ਚ ਚੱਲੀ ਗੱਲ, ਜੈੱਨ-ਜ਼ੀ ਕਰਦੇ ਮਸਲੇ ਹੱਲ।'

'ਜੈੱਨ-ਜੀ' ਨੇ ਐਸਾ ਝੁਰਲੂ ਫੇਰਿਆ, ਜੰਤਰ ਮੰਤਰ 'ਤੇ ਗੂੰਜ ਪਈ, ਤੰਤਰ ਨੂੰ ਕਾਂਬਾ ਛਿੜ ਗਿਆ। ਹਾਲੇ ਜ਼ਿੱਦਪੁਰੀਏ ਧਰਮੇਂਦਰ ਪ੍ਰਧਾਨ ਦੀ ਦਾਦ ਦਿੰਦੇ ਪਏ ਨੇ, ਅਖੇ! ਇਖ਼ਲਾਕ ਦਾ ਮੁਜੱਸਮਾ 'ਸਾਡਾ ਪ੍ਰਧਾਨ'। ਖਾਕੀਪੁਰੀਓ! ਬਰਨਾਲੇ ਆਇਓ, ਤੁਹਾਨੂੰ ਕਰਾਵਾਂਗੇ ਚੌਵੀ ਕੈਰੇਟ ਇਖ਼ਲਾਕ ਦੇ ਦਰਸ਼ਨ। ਸਰਵ ਪ੍ਰਵਾਨਿਤ ਸ਼ਾਸਤਰ ਦਰਸ਼ਨੀ ਡਾਂਗ ਵੀ ਦਿਖਾਵਾਂਗੇ। ਪਟਿਆਲੇ ਆਲ਼ੇ ਸ਼ੋਅ 'ਚ ਡੀ ਐੱਸ ਪੀ ਸੰਜੀਵ ਸਿੰਗਲਾ ਨੇ ਬੇਰੁਜ਼ਗਾਰ ਲਾਈਨਮੈਨਾਂ ਦੀ ਸੇਵਾ ਦਾ ਪੁੰਨ ਖੱਟਿਆ ਸੀ। ਬਰਨਾਲੇ ਇਹ ਡਾਂਗ ਸੇਵਾ ਡੀ ਐੱਸ ਪੀ ਸਤਵੀਰ ਸਿਓਂ ਦੇ ਹਿੱਸੇ ਆਈ।

ਮੁੱਢ ਕਦੀਮ ਤੋਂ ਹੀ ਮਨੁੱਖੀ ਕਲਿਆਣ ਲਈ ਸ੍ਰੇਸ਼ਟ ਆਤਮਾਵਾਂ ਧਰਤੀ 'ਤੇ ਜਨਮ ਲੈਂਦੀਆਂ ਰਹੀਆਂ ਹਨ। ਬਰਨਾਲੇ 'ਚ ਸਫ਼ਾਈ ਸੇਵਕ ਬੀਬੀਆਂ ਨੇ ਪੁਲੀਸ ਦੀ ਦੈਵੀ ਇੱਛਾ 'ਚ ਸਿੱਧਾ ਦਖ਼ਲ ਦਿੱਤਾ। ਨਿਆਂ ਉਹ, ਜੋ ਤੁਰੰਤ ਹੋਵੇ। ਡੀ ਐੱਸ ਪੀ ਸਤਵੀਰ ਨੇ ਮੌਕੇ 'ਤੇ ਇਨਸਾਫ਼ ਕਰਤਾ। ਕਾਨੂੰਨ ਦੇ ਹੱਥ ਵੀ ਤੇ ਡਾਂਗ ਵੀ ਲੰਮੀ ਹੁੰਦੀ ਹੈ। ਡਾਂਗਸਤਾਨ ਦੀ ਰਾਜਧਾਨੀ ਪੰਜਾਬ ਬਣਿਐ। ਰਸੂਲ ਹਮਜ਼ਾਤੋਵ ਆਖਦਾ ਪਿਐ, 'ਬੰਦਾ ਕਿਤੇ ਵੀ ਚਲਾ ਜਾਵੇ, ਜੜ੍ਹਾਂ ਨਾਲੋਂ ਟੁੱਟਣਾ ਨੀ ਚਾਹੀਦਾ।' ਸੋ ਭਾਈ ਮਾਈ ਜਾਣਦੇ ਹੀ ਹੋ ਕਿ ਡਾਂਗ ਹੀ ਤਾਂ ਪੁਲੀਸ ਦੀ ਜੜ੍ਹ ਲਾਉਂਦੀ ਐ। ਜਦੋਂ ਕੋਈ ਹੱਕਸਤਾਨ ਦੀ ਗੱਲ ਕਰਦੈ, ਜਦੀ ਜੜ੍ਹ ਦਿੰਦੇ ਨੇ।

ਕੇਰਾਂ ਸੁਪਰਕੌਪ ਕੇਪੀਐੱਸ ਗਿੱਲ ਨੇ ਆਈਏਐੱਸ ਬੀਬੀ ਰੂਪਨ ਦਿਉਲ ਬਜਾਜ ਦੇ ਆਸਾ ਪਾਸਾ ਦੇਖ ਕੇ ਬਦਨ 'ਤੇ ਥਾਪੀ ਜੜ'ਤੀ ਸੀ। ਤਾਹੀਂ ਦਿਲਜੀਤ ਦੋਸਾਂਝ ਆਖਦੈ, ਓਏ ਛੋਟੂ! ਪੰਜਾਬ ਪੁਲੀਸ ਦੀ ਕੋਈ ਰੀਸ ਨੀ। ਰਸੂਲ ਹਮਜ਼ਾਤੋਵ ਦਾ ਦਾਗਿਸਤਾਨ ਦੀ ਮਿੱਟੀ ਨਾਲ, ਕਲਚਰ ਨਾਲ ਤੇ ਬੋਲੀ ਨਾਲ ਅੰਤਾਂ ਦਾ ਮੋਹ ਸੀ। ਮੋਹ ਨੂੰ ਛੱਡੋ, ਅਸਾਂ ਦੇ ਤੰਤਰ ਕੋਲ ਤਾਂ ਸਿਰਫ ਦਾਗ ਬਚੇ ਨੇ। ਜਰਾ ਦੱਸਣਾ, ਕਿਹੜੇ ਡਿਟਰਜੈਂਟ ਨਾਲ ਧੋਈਏ। ਸ਼ਾਹ ਹੁਸੈਨ ਦੱਸਦੇ ਪਏ ਨੇ, 'ਚਿੱਟੀ ਚਾਦਰ ਲਾਹ ਸੁੱਟ ਕੁੜੀਏ, ਪਹਿਨ ਫਕੀਰਾਂ ਦੀ ਲੋਈ, ਚਿੱਟੀ ਚਾਦਰ ਨੂੰ ਦਾਗ ਹਜ਼ਾਰਾਂ, ਲੋਈ ਨੂੰ ਦਾਗ ਨਾ ਕੋਈ। ਉਂਜ ਤਾਂ ਹਰ ਸੂਬੇ ਦੀ ਪੁਲੀਸ ਸੋਲ੍ਹਾਂ ਕਲਾ ਸੰਪੂਰਨ ਹੈ ਪਰ ਪੰਜਾਬ ਪੁਲੀਸ ਦਾ ਅੰਦਾਜ਼ ਨਿਰਾਲਾ ਹੈ। ਅਸਾਡੀ ਪੁਲੀਸ ਦਾ ਸੁਭਾਅ ਆਲੂ ਵਰਗੈ। ਮਿਕਸ ਹੋਣ 'ਚ ਦੇਰ ਨੀ ਲਾਉਂਦੀ, ਚਾਹੇ ਕੋਈ ਨੇਤਾ ਹੋਵੇ, ਚਾਹੇ ਤਸਕਰ, ਭਾਵੇਂ ਚੋਰ ਉਚੱਕਾ ਹੀ ਕਿਉਂ ਨਾ ਹੋਵੇ। ਇਨ੍ਹਾਂ ਪ੍ਰਤਾਪੀ ਗੁਣਾਂ ਕਰਕੇ ਹੀ ਤਾਂ ਰਿਸ਼ਤੇ 'ਚ ਪੁਲੀਸ ਵਾਲੇ ਸਭ ਦੇ 'ਮਾਮੇ' ਲੱਗਦੇ ਨੇ। ਇੰਜ ਸਮਝ ਲਓ ਕਿ ਚੰਦਾ ਮਾਮਾ ਹੀ ਨੇ, ਕਦੇ ਕਦੇ ਕੰਸ ਮਾਮਾ ਵੀ ਬਣ ਜਾਂਦੇ ਨੇ। ਥਾਣੇਦਾਰ ਜਸਵਿੰਦਰ ਭੱਲਾ ਇੱਕ ਫ਼ਿਲਮ 'ਚ ਆਖਦੈ, 'ਅਸੀਂ ਤਾਂ ਗੂੰਗੇ ਬੋਲਣ ਲਾ ਦਿੰਦੇ ਹਾਂ।'

ਪੰਜਾਬ ਪੁਲੀਸ ਤਾਂ ਹੈ ਹੀ 'ਆਲ-ਰਾਊਂਡਰ'। ਚੋਣਾਂ ਜਿਤਵਾ ਲਓ, ਚਾਹੇ ਬੰਦੇ ਮੂਧੇ ਪਵਾ ਲਓ। ਜਦੋਂ ਪਾਣੀ ਸਿਰ ਤੋਂ ਲੰਘ ਜਾਂਦੈ ਤਾਂ ਨੰਦ ਲਾਲ ਨੂਰਪੁਰੀ ਨੂੰ ਲਿਖਣਾ ਪੈਂਦੈ, 'ਇੱਥੋਂ ਉੱਡ ਜਾ ਭੋਲਿਆ ਪੰਛੀਆ..।' ਕਵੀ ਨੂਰਪੁਰੀ ਵੀ ਕਦੇ ਰਾਜਸਥਾਨ 'ਚ ਥਾਣੇਦਾਰ ਹੁੰਦੇ ਸਨ। ਪੁਲੀਸ ਮੁਕਾਬਲੇ 'ਚ ਤਿੰਨ ਜਣੇ ਨਿਹੱਥੇ ਮਾਰੇ ਗਏ। ਨੰਦ ਲਾਲ ਦਾ ਮਨ ਭਾਰ ਨਾ ਝੱਲ ਸਕਿਆ, ਅੰਗਰੇਜ਼ ਦੀ ਨੌਕਰੀ ਤੋਂ ਅਸਤੀਫ਼ਾ ਦੇ ਘਰ ਬੈਠ ਗਿਆ। ਕਿੰਨਾ ਸਮਾਂ ਕਰਤੱਵਾਂ ਆਲੀ ਗਠੜੀ ਕਿਰਨ ਬੇਦੀ ਵੀ ਚੁੱਕੀ ਫਿਰਦੀ ਰਹੀ। ਹੁਣ ਗਠੜੀ ਗੁਆਚ ਗਈ, ਪੁਲੀਸ ਨੂੰ ਚੋਰ ਨੀ ਲੱਭ ਰਿਹਾ। ਇੱਕ ਸਤਪਾਲ ਡਾਂਗ ਹੁੰਦਾ ਸੀ, ਜੀਹਨੇ ਕਲਮ ਵੀ ਡਾਂਗ ਵਾਂਗੂ ਚਲਾਈ। ਪੁਲੀਸ ਦਾ ਡਾਂਗ ਬਿਨਾਂ ਕਿੱਥੇ ਸਰਦੈ। ਚਲੋ ਸਾਨੂੰ ਕਾਹਦਾ ਡਰ, ਮਾਮੇ ਜੋ ਹੋਏ। ਕਈ ਵਾਰੀ ਇਨ੍ਹਾਂ ਦੇ ਮੂੰਹੋਂ ਇਖ਼ਲਾਕੀ ਗੱਲਾਂ ਸੁਣ ਕੇ ਯਕੀਨ ਜਿਹਾ ਨਹੀਂ ਆਉਂਦਾ। ਖੁਸ਼ਵੰਤ ਸਿੰਘ ਦੀ ਇੱਕ ਮਹਿਲਾ ਪਾਤਰ ਨਾਲ ਸਕਾ ਮਾਮਾ ਕੁਕਰਮ ਕਰਦੈ। ਹੁਣ ਸੋਚੋ, ਜੇ ਕਲਯੁਗੀ ਮਾਮੇ ਏਦਾਂ ਕਰ ਸਕਦੇ ਨੇ ਤਾਂ ਪੁਲੀਸ ਵਾਲੇ ਤਾਂ ਹੁੰਦੇ ਹੀ ਨਕਲੀ ਮਾਮੇ ਨੇ। ਸਿਆਣੇ ਆਖਦੇ ਨੇ, ਪੁਲੀਸ ਨਾਲ ਦੋਸਤੀ ਵੀ ਮਾੜੀ ਤੇ ਦੁਸ਼ਮਣੀ ਵੀ। ਕਾਂਗਰਸੀ ਪਰਗਟ ਸਿਓ ਹਰ ਵੇਲੇ ਵਿਲਕਦਾ ਰਹਿੰਦੈ, 'ਭਾਈ ਪੁਲੀਸ ਸਟੇਟ ਨਾ ਬਣਾਓ ਪੰਜਾਬ ਨੂੰ।' ਜੇ ਕਿਤੇ ਪਰਗਟ ਸਿੰਘ ਟਰਾਂਸਪੋਰਟ ਮੰਤਰੀ ਰਿਹਾ ਹੁੰਦਾ ਤਾਂ ਬਾਡੀਆਂ ਦੇ ਖੜਕਣ ਦੇ ਮਾਅਨੇ ਪਤਾ ਲੱਗ ਜਾਣੇ ਸੀ। ਧਰਤੀ 'ਤੇ ਦੂਜਾ ਰੱਬ ਹੁੰਦੀ ਹੈ ਪੁਲੀਸ। ਰੱਬ ਤੋਂ ਜ਼ਰਾ ਤਾਂ ਖ਼ੌਫ਼ ਖਾਓ। ਮੁਜਰਮ ਨਾ ਲੱਭੇ ਤਾਂ ਕਈ ਵਾਰੀ ਮੁੱਦਈ ਦੇ ਵੀ ਛਿੱਤਰ ਪੋਲਾ ਕਰ ਦਿੰਦੀ ਐ। ਬਾਬੂ ਸਿੰਘ ਮਾਨ ਲਿਖਦੇ ਨੇ, 'ਓਹ ਕਹਿੰਦਾ ਮੈਂ ਕਾਕਾ ਦੇਹਰਾਦੂਨ ਪੜਾਉਣਾ ਹੈ, ਜਦ ਇਹ ਵੱਡਾ ਹੋ ਗਿਆ ਥਾਣੇਦਾਰ ਬਣਾਉਣਾ ਹੈ।'

# ਪੰਜ ਜਮਾਤਾਂ ਪਾਸ...?

ਉਹ ਸ਼ਾਇਦ ਪੰਜ ਜਮਾਤਾਂ ਪਾਸ ਸੀ ਇਸੇ ਲਈ ਕਨੇਡਾ ਆ ਕੇ ਮੇਹਨਤ ਬੜੀ ਕਰਨੀ ਪਈ...ਹਮਾਤੜ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ...ਕਦੀ ਕਲੀਨਿੰਗ, ਕਦੀ ਗਰਾਜ ਕਦੀ ਮਸ਼ਰੂਮਾਂ ਦੀ ਫੈਕਟਰੀ ਤੇ ਕਦੀ ਪੀਜਾ ਡਿਲੀਵਰੀ!

ਕੰਮ ਕੱਲੇ ਨੇ ਹੀ ਕੀਤਾ ਤੇ ਨਾਲਦੀ ਨੂੰ ਆਖ ਦਿੱਤਾ ਕੇ ਘੱਟ ਖਾ ਲਵਾਂਗੇ ਤੂੰ ਬੱਸ ਬੱਚੇ ਸੰਭਾਲ...

ਇਹੋ ਸਾਡਾ ਅਸਲੀ ਸਰਮਾਇਆ..ਬਾਕੀ ਜੋ ਹੋਊ ਆਪੇ ਦੇਖੀ ਜਾਊ...ਕਿਸੇ ਨਾਲ ਵੀ ਨਿੱਕੇ ਪੈਸੇ ਦੀ ਹੇਰਾ ਫੇਰੀ ਨੀ..ਇਥੋਂ ਤੱਕ ਕੇ ਗੌਰਮਿੰਟ ਨੂੰ ਟੈਕਸ ਵੀ ਪੂਰਾ ਭਰਿਆ

ਮਗਰੋਂ ਜਮੀਨ ਵੀ ਸ਼ਰੀਕਾਂ ਨੇ ਦੱਬ ਲਈ ਪਰ ਫੇਰ ਵੀ ਮਾਸਾ ਝੋਰਾ ਨੀ ਕੀਤਾ !

ਵਿਆਹਾਂ ਸ਼ਾਦੀਆਂ ਤੇ ਪਾਰਟੀਆਂ ਤੇ ਲੋਕ ਅਕਸਰ ਹੀ ਨਹੁੰਆਂ ਵਿਚ ਫਸੀ ਗ੍ਰੀਸ ਦੇਖ ਮਖੌਲ ਕਰਿਆ ਕਰਦੇ...

ਕੁਝ ਆਖਿਆ ਕਰਦੇ ਕੇ ਮਗਰੋਂ ਆਇਆਂ ਨੇ ਵੱਡੇ ਵੱਡੇ ਘਰ ਲੈ ਲਏ ਪਰ ਤੁਸੀਂ ਅਜੇ ਵੀ ਕਿਰਾਏ ਦੀਆਂ ਬੇਸਮੈਂਟਾਂ ਵਿਚ ਧੱਕੇ ਖਾ ਰਹੇ ਹੋ !

ਇਸੇ ਗੱਲੋਂ ਪਾਰਟੀਆਂ ਤੇ ਵੀ ਜਾਣਾ ਥੋੜਾ ਘੱਟ ਕਰ ਦਿੱਤਾ..ਓਸੇ ਨਾਲ ਮੇਲ ਜੋਲ ਰਖਿਆ ਜਿਸਦੇ ਨਾਲ ਸੋਚ ਮਿਲਦੀ ਤੇ ਫੇਰ ਇੱਕ ਦਿਨ ਬਾਬੇ ਨੇ ਮੇਹਰ ਕਰ ਹੀ ਦਿੱਤੀ...।

ਜਿਸ ਦਿਨ ਵੱਡਾ ਕਾਕਾ ਡਾਕਟਰ ਬਣਿਆ ਤਾਂ ਦੁਨੀਆਂ ਹੈਰਾਨ ਪ੍ਰੇਸ਼ਾਨ ਰਹਿ ਗਈ ਕੇ ਇਹ ਮੁੰਡਾ ਨਾ ਕਦੀ ਕਿਸੇ ਪਾਰਟੀ ਵਿਚ ਦਿਸਿਆ ਤੇ ਨਾ ਹੀ ਕਿਸੇ ਫ਼ੰਕਸ਼ਨ 'ਚ...ਫੇਰ ਡਾਕਟਰ ਕਦੋਂ ਬਣ ਗਿਆ !

ਵੱਡੇ ਦੀ ਰੀਸੇ ਨਿੱਕਾ ਵੀ ਬੱਸ ਵੈਟਰਨਰੀ ਡਾਕਟਰ ਬਣਨ ਹੀ ਵਾਲਾ ਹੈ..ਨਹੁੰਆਂ ਵਿਚ ਫਸੀ ਮੈਲ ਅਤੇ ਪਾਟੀਆਂ ਜੈਕਟਾਂ ਨੇ ਮੁੱਲ ਮੋੜ ਦਿੱਤਾ ਤੇ ਪੈਰ ਪੈਰ ਤੇ ਕੀਤੇ ਹੋਏ ਸਰਫ਼ੇ ਕਿਰਸਾਂ ਨੇ ਵੀ ਰੰਗ ਲਿਆ ਦਿੱਤਾ !

ਜਿਹੜੇ ਲੋਕ ਅਕਸਰ ਹੀ ਠੱਠਾ ਮਖੌਲ ਕਰ ਗੱਲ ਗੱਲ ਤੇ ਨੀਵਾਂ ਦਿਖਾਉਂਦੇ ਹੁੰਦੇ ਸੀ ਹੁਣ ਅਕਸਰ ਹੀ ਫੋਨ ਕਰ ਨਿਆਣਿਆਂ ਦੇ ਰਿਸ਼ਤਿਆਂ ਦੀ ਗੱਲ ਤੋਰ ਲਿਆ ਕਰਦੇ ਨੇ...ਪਰ ਨਿਆਣਿਆਂ ਨੂੰ ਸਾਫ ਸਾਫ ਆਖ ਦਿੱਤਾ ਕੇ ਭਾਈ ਤੁਸੀਂ ਸਾਰੀ ਉਮਰ ਸਾਡੇ ਨਾਲ ਤੰਗੀਆਂ-ਤੁਰਸ਼ੀਆਂ ਕੱਟਦੇ ਹੋਏ ਕਦੀ ਮੱਥੇ ਵੱਟ ਨੀ ਪਾਇਆ..ਸੋ ਹੁਣ ਥੋਨੂੰ ਪੂਰੀ ਖੁੱਲ ਏ ਜਿੰਦਗੀ ਦਾ ਹਰ ਫੈਸਲਾ ਲੈਣ ਦੀ...ਪਰ ਫੈਸਲਾ ਲੈਣ ਲੱਗਿਆਂ ਆਪਣੇ ਵੱਡੇ ਵਡੇਰੇ ਜਰੂਰ ਯਾਦ ਕਰ ਲਿਆ ਜੇ

ਅਨੇਕਾਂ ਵਾਰ ਕਈ ਐਸੇ ਮੋੜ ਵੀ ਆਏ ਕੇ ਬੰਦ ਕਮਰੇ ਵਿਚ ਬੱਤੀ ਬੰਦ ਕਰ ਕਲਿਆਂ ਅਥਰੂ ਵੀ ਵਗਾਉਣੇ ਪਏ ਪਰ ਨਿਆਣਿਆਂ ਸਾਹਵੇਂ ਹਮੇਸ਼ਾਂ ਹੀ ਖਿੜੇ ਮੱਥੇ ਹੀ ਆਇਆ...ਕਦੀ ਵੀ ਵਿੱਤੋਂ ਬਾਹਰ ਜਾ ਕੇ ਕਿਸੇ ਦੀ ਰੀਸ ਨੀ ਕੀਤੀ ਤੇ ਨਾ ਹੀ ਬੇਲੋੜੀਆਂ ਖਾਹਸ਼ਾਂ ਨੂੰ ਦਿਮਾਗ ਤੇ ਹਾਵੀ ਹੋਣ ਦਿੱਤਾ !

ਮੈਨੂੰ ਉਸਦੀ ਵਿਥਿਆ ਸੁਣ ਕਿਸੇ ਦੀ ਕਹੀ ਪੁਰਾਣੀ ਗੱਲ ਯਾਦ ਆ ਗਈ ਕੇ..

"ਸੁਵੇਰ ਦੀਆਂ ਖਾਹਸ਼ਾਂ ਸ਼ਾਮਾਂ ਤੀਕ ਟਾਲਦੇ ਗਏ ..ਤੇ ਬੱਸ ਏਦਾਂ ਹੀ ਖਿੱਲਰਦੀ ਹੋਈ ਜਿੰਦਗੀ ਸੰਭਾਲਦੇ ਗਏ"!

**ਜਵੰਦਾ**

CANADIAN TRUCK TRAINING CENTRE






ਤਸੱਲੀਬਖਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਦਾਦੇ-ਪੋਤੇ ਦੀ ਯਾਰੀ

ਦਾਦਾ ਗੁਰਬੀਰ ਸਿੰਘ ਪੜ੍ਹਿਆ ਲਿਖਿਆ ਹੈ ਜੋ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋ ਗਿਆ ਹੈ। ਉਹ ਮੋਬਾਈਲ ਫੋਨ ਨਾਲ ਚਿੰਬੜੀ ਵਰਤਮਾਨ ਪੀੜ੍ਹੀ ਨੂੰ ਵੇਖਦਾ ਅਕਸਰ ਕੋਸ਼ਿਸ਼ ਕਰਦਾ ਰਹਿੰਦਾ ਹੈ ਕਿ ਬੱਚੇ ਸਮੇਂ ਦੇ ਹਾਣੀ ਬਣਨ ਲਈ ਨਵੀਂ ਤਕਨੀਕ ਦੇ ਨਾਲ ਵੀ ਜ਼ਰੂਰ ਜੁੜਨ, ਪਰ ਆਪਣੀਆਂ ਜੜਾਂ ਨਾਲ ਵੀ ਜੁੜੇ ਰਹਿਣ। ਉਹ ਆਪਣੇ ਪੋਤੇ ਨਿਹਾਲ ਸਿੰਘ ਨਾਲ ਦੋਸਤਾਂ ਵਾਂਗ ਗੱਲਬਾਤ ਕਰਕੇ ਆਪਣੇ ਬਚਪਨ ਦੀਆਂ ਗੱਲਾਂ ਕਰਦਾ ਹੀ ਰਹਿੰਦਾ ਹੈ। ਪੋਤਾ ਨਿਹਾਲ ਸਿੰਘ ਵੀ ਗੱਲਾਂ ਸੁਣ ਕੇ ਨਵੇਂ-ਨਵੇਂ ਸਵਾਲ ਕਰਦਾ ਹੈ। ਇੱਕ ਦਿਨ ਚੌਥੀ ਜਮਾਤ ਵਿੱਚ ਪੜ੍ਹਦੇ ਨਿਹਾਲ ਸਿੰਘ ਨੇ ਅਚਾਨਕ ਆਪਣੇ ਦਾਦਾ ਜੀ ਨੂੰ ਸਵਾਲ ਕੀਤਾ, ''ਦਾਦਾ ਜੀ, ਤੁਸੀਂ ਮੈਨੂੰ ਹਮੇਸ਼ਾ ਆਖਦੇ ਓ 'ਨਿਹਾਲ ਤਾਂ ਮੇਰਾ ਯਾਰ ਆ!' ਭਲਾਂ ਮੈਂ ਤੁਹਾਡਾ ਯਾਰ ਕਿਵੇਂ ਹੋਇਆ? ਯਾਰ ਤਾਂ ਬਰਾਬਰ ਦੇ ਹੁੰਦੇ ਨੇ ਜਿਵੇਂ ਮੇਰੇ ਨਾਲ ਪੜ੍ਹਦੇ ਰਿੰਕੂ ਅਤੇ ਪੱਪੂ!''

''ਓ ਪੁੱਤਰਾ, ਦਾਦਾ ਤੇ ਪੋਤਾ ਸਭ ਤੋਂ ਗੂੜ੍ਹੇ ਯਾਰ ਹੁੰਦੇ ਨੇ! ਕਿਉਂਕਿ ਪੋਤੇ ਦਾ ਸਭ ਤੋਂ ਪਹਿਲਾ ਯਾਰ ਦਾਦਾ ਹੁੰਦਾ ਹੈ ਤੇ ਦਾਦੇ ਦਾ ਅਖੀਰਲਾ ਯਾਰ ਪੋਤਾ, ਰਿੰਕੂ ਤੇ ਪੱਪੂ ਤਾਂ ਜਦੋਂ ਤੂੰ ਸਕੂਲ ਜਾਣ ਲੱਗਾ, ਓਦੋਂ ਯਾਰ ਬਣੇ ਹੋਣਗੇ।'' ਦਾਦਾ ਜੀ ਨੇ ਨਿਹਾਲ ਸਿੰਘ ਦੀ ਉਤਸੁਕਤਾ ਦੂਰ ਕਰਦਿਆਂ ਕਿਹਾ।



''ਦਾਦਾ ਜੀ, ਫਿਰ ਤਾਂ ਤੁਹਾਡੇ ਵੀ ਸਕੂਲ ਦੇ ਯਾਰ ਹੋਣਗੇ। ਤੁਸੀਂ ਵੀ ਸਾਡੇ ਵਾਂਗ ਹੋਮ ਵਰਕ ਕਰਦੇ ਹੋਵੋਗੇ। ਛੁੱਟੀਆਂ ਵਿੱਚ ਟਿਊਸ਼ਨ ਵੀ ਜਾਂਦੇ ਹੋਣੇ ਆਂ! ਛੁੱਟੀਆਂ ਵਿੱਚ ਆਪਣੇ ਮੰਮੀ-ਪਾਪਾ ਨਾਲ ਘੁੰਮਣ ਕਿੱਥੇ ਜਾਂਦੇ ਸੀ? ਅੱਜ ਤੁਸੀਂ ਮੈਨੂੰ ਆਪਣੇ ਬਚਪਨ ਦੀ ਕੋਈ ਗੱਲ ਸੁਣਾਓ।'' ਨਿਹਾਲ ਸਿੰਘ ਨੇ ਆਪਣੇ ਦਾਦਾ ਜੀ ਨੂੰ ਕਈ ਸਵਾਲ ਕਰਦਿਆਂ ਆਖਿਆ।

''ਪੁੱਤਰ, ਸਾਡੇ ਵੇਲੇ ਬੱਚਿਆਂ ਨੂੰ ਸਕੂਲਾਂ ਵਿੱਚ ਗਰਮੀਆਂ ਦੀਆਂ ਲੰਮੀਆਂ ਛੁੱਟੀਆਂ ਵਿੱਚ ਨਾਨਕੇ, ਮਾਸੀ ਜਾਂ ਭੂਆ ਕੋਲ ਵਾਂਢੇ ਜਾਣ ਦਾ ਬੜਾ ਚਾਅ ਹੁੰਦਾ ਸੀ। ਛੁੱਟੀਆਂ ਵਿੱਚ ਕਰਨ ਲਈ ਮਿਲਿਆ ਸਕੂਲ ਦਾ ਕੰਮ ਜਲਦੀ-ਜਲਦੀ ਖ਼ਤਮ ਕਰਨਾ ਤੇ ਵਾਂਢੇ ਜਾਣ ਦੀਆਂ ਤਿਆਰੀਆਂ ਸ਼ੁਰੂ ਹੋ ਜਾਣੀਆਂ।''

(ਵਿੱਚੋਂ ਟੋਕ ਕੇ) ''ਦਾਦਾ ਜੀ। ਵਾਂਢਾ ਕੀ ਹੁੰਦਾ ਆ ?''

''ਓ ਯਾਰ, ਜਿਵੇਂ ਕਿਸੇ ਰਿਸ਼ਤੇਦਾਰੀ ਵਿੱਚ ਕੁਝ ਦਿਨਾਂ ਲਈ ਰਹਿਣ ਜਾਣਾ ਹੋਵੇ। ਜਿਵੇਂ ਤੇਰੇ ਮੰਮੀ-ਪਾਪਾ ਤੈਨੂੰ ਤੇ ਪ੍ਰੀਤੀ ਨੂੰ ਤੇਰੇ ਨਾਨਕੇ ਜਾਂ ਮਾਸੀ ਕੋਲ ਲੈ ਕੇ ਜਾਂਦੇ ਨੇ।''

''ਪਰ, ਮੰਮੀ ਤਾਂ ਫੋਨ ਕਰਕੇ ਜਾਂਦੇ ਨੇ ਤੇ ਓਦਣ ਈ ਮੁੜ ਆਉਂਦੇ ਨੇ, ਫਿਰ ਇਹ ਵਾਂਢਾ ਤਾਂ ਨਾ ਹੋਇਆ?'' ਨਿਹਾਲ ਨੇ ਹੈਰਾਨੀ ਜ਼ਾਹਰ ਕੀਤੀ।

''ਤੂੰ ਠੀਕ ਆਖਦਾ ਏਂ, ਉਨ੍ਹਾਂ ਵੇਲਿਆਂ ਵਿੱਚ ਵਾਂਢੇ ਜਾਣ-ਆਉਣ ਦੀ ਸੂਚਨਾ ਦੇ ਕੇ ਕਿਧਰੇ ਨਹੀਂ ਸੀ ਜਾਇਆ ਜਾਂਦਾ। ਜੇ ਭੂਆ, ਮਾਸੀ ਜਾਂ ਨਾਨਕਿਆਂ ਤੋਂ ਪਹਿਲਾਂ ਹੀ ਕੋਈ ਬੱਚਾ ਆ ਜਾਣਾ ਤਾਂ ਸਾਰੀਆਂ ਸਕੀਮਾਂ ਧਰੀਆਂ ਧਰਾਈਆਂ ਰਹਿ ਜਾਣੀਆਂ। ਫਿਰ ਬਾਕੀ ਦੀਆਂ ਛੁੱਟੀਆਂ ਆਏ ਪ੍ਰਾਹੁਣੇ ਬੱਚਿਆਂ ਨਾਲ ਡੰਗਰ ਚਾਰਦਿਆਂ, ਛੱਪੜਾਂ-ਟੋਬਿਆਂ ਵਿੱਚ ਨਹਾਉਂਦਿਆਂ, ਨ੍ਹੇਰੀ ਆਈ ਤੋਂ ਪੋਹਲ਼ੀ ਦੇ ਸੁੱਕੇ ਬੂਟਿਆਂ ਮਗਰ ਦੌੜਦਿਆਂ, ਖਰਬੂਜ਼ੇ ਅਤੇ ਲੂਣ ਲਾ ਕੇ ਖੱਟੀਆਂ ਅੰਬੀਆਂ ਖਾਂਦਿਆਂ, ਹੋਲ਼ਾਂ ਚੱਬਦਿਆਂ, ਦਿਨ ਵੇਲੇ ਘੋਲ ਕਬੱਡੀਆਂ, ਬੋਹੜਾਂ-ਪਿੱਪਲਾਂ ਥੱਲੇ ਚੂਹੀ ਚਰਾਂਗੜ (ਜੱਟ ਬ੍ਰਾਹਮਣ), ਛੂਹਣ ਛਪਾਈ, ਗੁੱਲੀ-ਡੰਡਾ, ਬਾਂਦਰ ਕਿੱਲਾ, ਘੜਮੱਸ ਘੋੜੀ, ਕਾਨਾ ਘੋੜੀ, ਪਿੱਠੂ ਗਰਮ, ਰਾਤ ਨੂੰ ਕੋਟਲਾ ਛਪਾਕੀ, ਲੁਕਣਮਚਾਈ, ਚੀਚੋ ਚੀਚ ਘਚੋਲ਼ੀਆਂ ਆਦਿ ਅਨੇਕਾਂ ਖੇਡਾਂ ਖੇਡਦਿਆਂ ਛੁੱਟੀਆਂ ਕਦੋਂ ਨਿਕਲ ਜਾਣੀਆਂ ਪਤਾ ਈ ਨਾ ਲੱਗਣਾ।''

''ਤੁਸੀਂ ਐਨੀਆਂ ਖੇਡਾਂ ਕਿਵੇਂ ਖੇਡ ਲੈਂਦੇ ਸੀ, ਸਾਨੂੰ ਮੌਜ ਹੋਈ ਨਾ ਫਿਰ! ਅਸੀਂ ਘਰ ਬੈਠੇ ਹੀ ਟੈਬ ਉੱਤੇ ਗੇਮਾਂ ਖੇਡ ਲੈਨੇ ਆਂ।'' ਨਿਹਾਲ ਨੂੰ ਦਾਦਾ ਜੀ ਵੱਲੋਂ ਦੱਸੀਆਂ ਖੇਡਾਂ ਦੀ ਕੋਈ ਸਮਝ ਨਾ ਲੱਗੀ।

''ਹੁਣ ਉਹ ਗੱਲਾਂ ਨਹੀਂ ਰਹੀਆਂ। ਓਸ ਵੇਲੇ ਬੱਚਾ ਪਾਸ ਹੋਏ ਤੋਂ ਹੀ ਮਾਵਾਂ ਗੁੜ ਵੰਡ ਕੇ ਖੁਸ਼ ਹੋ ਜਾਂਦੀਆਂ ਸਨ। ਅਜੋਕੇ ਬੱਚਿਆਂ ਦੇ ਮਾਪਿਆਂ ਨੂੰ ਬੱਚਿਆਂ ਦੇ ਨੰਬਰਾਂ ਦੀ ਫੀਸਦ ਦੇ ਮੁਕਾਬਲੇ ਦੀ ਫ਼ਿਕਰ ਲੱਗੀ ਰਹਿੰਦੀ ਹੈ ਜਿਸ ਕਰਕੇ ਬੱਚੇ ਦਾ ਲੱਕਤੋੜ ਬਸਤਾ ਛੁੱਟੀਆਂ ਵਿੱਚ ਵੀ ਟਿਊਸ਼ਨ ਦੀ ਵਜ੍ਹਾ ਕਰਕੇ ਮੋਰਾਂ ਤੋਂ ਉਤਰਦਾ ਹੀ ਨਹੀਂ। ਵਾਂਢੇ ਜਾਣ ਦੀ ਥਾਂ ਮਾਪਿਆਂ ਵੱਲੋਂ ਇੱਕ ਦਿਨ ਕਿਸੇ ਮਸ਼ਹੂਰ ਪਾਰਕ ਵਿੱਚ ਘੁੰਮਣ-ਫਿਰਨ ਜਾਂ ਵਧੀਆ ਰੈਸਟੋਰੈਂਟ ਵਿੱਚ ਖਾਣਾ ਖਾਣ ਦਾ ਲਾਰਾ ਲਾ ਕੇ ਬੱਚਿਆਂ ਨੂੰ ਚੰਗੇ ਨੰਬਰ ਲੈ ਕੇ ਫਸਟ ਆਉਣ ਦੀ ਰੱਟ ਹੀ ਲਾਈ ਜਾਂਦੀ ਹੈ। ਜੇ ਕੋਈ ਪੇਂਡੂ ਜਾਂ ਸ਼ਹਿਰ ਰਹਿੰਦਾ ਰਿਸ਼ਤੇਦਾਰ ਹੀ ਕੋਈ ਆਉਣ ਦੀ ਸੂਚਨਾ ਫੋਨ ਕਰਕੇ ਦਿੰਦਾ ਹੈ ਤਾਂ ਸਾਫ਼-ਸੁਥਰਾ ਝੂਠ ਬੋਲ ਦਿੱਤਾ ਜਾਂਦਾ ਹੈ ਕਿ ''ਅਸੀਂ ਸਮਰ ਵਿਕੇਸ਼ਨ ਲਈ ਕਿਸੇ ਹਿੱਲ ਸ਼ਟੇਸ਼ਨ 'ਤੇ ਜਾਣ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ।'' ਜਵਾਬ ਵਿੱਚ ਇਹ ਇਸ਼ਾਰਾ ਵੀ ਹੁੰਦਾ ਹੈ, ''ਫ਼ਿਕਰ ਨਾ ਕਰਿਓ ਅਸੀਂ ਵੀ ਤੁਹਾਡੇ ਕੋਲ ਨਹੀਂ ਆ ਰਹੇ।''

''ਹਾਂ-ਹਾਂ, ਜਿਵੇਂ ਪਾਪਾ ਨੇ ਮਾਸੀ ਜੀ ਨੂੰ ਐਵੇਂ ਈ ਆਖ ਦਿੱਤਾ ਸੀ ਕਿ ਅਸੀਂ ਘੁੰਮਣ ਜਾ ਰਹੇ ਆਂ।'' ਨਿਹਾਲ ਨੇ ਮੂੰਹ ਜਿਹਾ ਬਣਾ ਕੇ ਕੁਝ ਯਾਦ ਆਉਣ ਵਾਂਗ ਕਿਹਾ।

''ਹਾਂ ਪੁੱਤਰ, ਏਸੇ ਕਰਕੇ ਰਿਸ਼ਤਿਆਂ ਵਿੱਚ ਪਿਆਰ ਘਟ ਰਿਹਾ ਹੈ। ਪਹਿਲਾਂ ਵਾਲਾ ਮੋਹ ਨਹੀਂ ਰਿਹਾ। ਬੱਚਿਆਂ ਦਾ ਮਨੋਰੰਜਨ ਅਤੇ ਦੋਸਤੀ ਟੀਵੀ ਉੱਤੇ ਪੈਪਾ ਪਿੱਗ, ਮੋਟੂ-ਪਤਲੂ ਅਤੇ ਟੌਮ ਐਂਡ ਜੈਰੀ ਵਰਗੇ ਕਾਰਟੂਨ ਪਾਤਰਾਂ ਨਾਲ ਜਾਂ ਮੋਬਾਈਲ ਦੀਆਂ ਗੇਮਾਂ ਨਾਲ ਜ਼ਿਆਦਾ ਹੈ।'' ਦਾਦਾ ਜੀ ਨੇ ਨਿਹਾਲ ਨੂੰ ਇਸ਼ਾਰਾ ਕੀਤਾ ਕਿ ਤੂੰ ਵੀ ਟੈਬ ਜ਼ਿਆਦਾ ਵਰਤਦਾ ਏਂ।

''ਦਾਦੂ ਯਾਰ, ਕੋਈ ਬਚਪਨ ਦੀ ਗੱਲ ਸੁਣਾ।'' ਨਿਹਾਲ ਸਮਝ ਗਿਆ ਸੀ ਕਿ ਦਾਦੂ ਵੀ ਪਾਪਾ ਵਾਂਗ ਟੈਬ ਨਾ ਚਲਾਉਣ ਨੂੰ ਹੀ ਆਖੇਗਾ।

''ਅੱਛਾ ਸੁਣ ਫਿਰ, ਉਨ੍ਹਾਂ ਵੇਲਿਆਂ ਵਿੱਚ ਪੀਰਾਂ- ਫ਼ਕੀਰਾਂ ਦੀਆਂ ਕਬਰਾਂ ਉੱਤੇ ਵੀਰਵਾਰ ਵਾਲੇ ਦਿਨ ਸ਼ਾਮ ਵੇਲੇ ਢੋਲ ਵੱਜਦਿਆਂ ਸ਼ਰਧਾਲੂਆਂ ਵੱਲੋਂ ਗੁੜ ਵਾਲੇ ਮਿੱਠੇ ਚੌਲ਼ਾਂ ਦੀ ਨਿਆਜ਼, ਚੂਰਮਾ ਵੰਡਣ ਜਾਂ ਦੀਵਿਆਂ ਵਿੱਚ ਤੇਲ ਪਾ ਕੇ ਸੁੱਖਣਾ ਸੁੱਖ ਕੇ ਦਾਤਾਂ ਮੰਗਣ ਦਾ ਬੜਾ ਰੁਝਾਨ ਹੁੰਦਾ ਸੀ। ਵੱਖੋ-ਵੱਖ ਪੀਰਾਂ ਦੇ ਜ਼ਾਹਰਾ ਹੋਣ ਦੀਆਂ ਸਿਫਤਾਂ, ਭੂਤਾਂ ਪ੍ਰੇਤਾਂ ਅਤੇ ਛਲੇਡਿਆਂ ਦੀਆਂ ਦੰਦ ਕਥਾਵਾਂ ਅਕਸਰ ਛੋਟੇ-ਵੱਡਿਆਂ ਦੇ ਬੈਠਣ ਵਾਲੀਆਂ ਥਾਵਾਂ 'ਤੇ ਹੁੰਦੀਆਂ। ਉਹ ਕਥਾਵਾਂ ਅਸੀਂ ਕੰਨ ਲਾ-ਲਾ ਸੁਣਦੇ ਸਾਂ। ਪਾਸ ਹੋਣ ਲਈ ਸੁੱਖਣਾ ਵੀ ਸੁੱਖ ਲੈਣੀ।

''ਓਦੋਂ ਮੈਂ ਵੀ ਤੇਰੇ ਵਾਂਗ ਚੌਥੀ ਜਮਾਤ ਵਿੱਚ ਹੀ ਪੜ੍ਹਦਾ ਸੀ। ਮੈਂ ਛੁੱਟੀਆਂ ਦਾ ਕੰਮ ਖ਼ਤਮ ਕਰਨ ਬਾਅਦ ਭੂਆ ਕੋਲ ਜਾਣ ਲਈ ਬੀਬੀ ਤੇ ਭਾਅ ਨੂੰ ਮਨਾ ਲਿਆ ਸੀ। ਸਬੱਬ ਨਾਲ ਭੂਆ ਦਾ ਮੁੰਡਾ ਸਾਡੇ ਪਿੰਡ ਆ ਗਿਆ।

ਤੁਰਨ ਵੇਲੇ ਬੀਬੀ ਕੁਝ ਭਾਨ ਮੇਰੇ ਬੋਝੇ ਵਿੱਚ ਪਾਉਣ ਲੱਗੀ ਤਾਂ ਵੀਰ ਬੋਲਿਆ, ''ਮਾਮੀ ਰਹਿਣ ਦੇ ਮੈਂ ਨਾਲ ਈ ਆਂ ਪੈਸੇ ਕੀ ਕਰਨੇ ਨੇ!''

ਝਿੜੀ ਵਾਲੇ ਬਾਬੇ ਲਾਗੋਂ ਲੰਘਦਿਆਂ ਮੇਰੇ ਬਾਲ ਮਨ ਨੇ ਮਨ ਹੀ ਮਨ ਕਿਹਾ, ''ਬਾਬਾ, ਹੁਣ ਤਾਂ ਮੇਰੇ ਕੋਲ ਕੁਝ ਨਹੀਂ, ਭੂਆ ਕੋਲੋਂ ਮਿਲੇ ਰੁਪਈਏ ਵਿੱਚੋਂ ਦਵਾਨੀ ਦੀ ਥਾਂ ਚਵਾਨੀ ਦਾ ਤੇਲ ਜ਼ਰੂਰ ਪਾਵਾਂਗਾ।''

''ਉਹੀ ਗੱਲ ਹੋਈ ਜਿਸ ਦਾ ਡਰ ਸੀ। ਭਾਅ ਦੁਪਹਿਰ ਦੀ ਬਜਾਏ ਪਹਿਲੀ ਗੱਡੀ ਹੀ ਆ ਗਿਆ ਤੇ ਸਾਨੂੰ ਟੇਸ਼ਨ ਦੇ ਰਾਹ ਵਿੱਚ ਹੀ ਮਿਲ ਪਿਆ। ਵੀਰ ਵੱਲੋਂ ਜ਼ੋਰ ਦੇਣ ਦੇ ਬਾਵਜੂਦ ਭਾਅ ਨੇ ਮੈਨੂੰ ਰਾਹ ਵਿੱਚੋਂ ਈ ਮੋੜ ਲਿਆ। ਡੁਸਕਦੇ ਨੂੰ ਬਾਬੇ ਭੂਰੇ ਸ਼ਾਹ ਦੇ ਮੇਲੇ 'ਤੇ ਖ਼ਰਚਣ ਲਈ ਰੁਪਈਆ ਦੇਣ ਦਾ ਵਾਅਦਾ ਕਰਕੇ ਮਨਾਇਆ।''

ਦਾਦਾ ਜੀ ਗੱਲ ਅੱਗੇ ਤੋਰਦੇ ਉਸ ਤੋਂ ਪਹਿਲਾਂ ਹੀ ਨਿਹਾਲ ਬੋਲ ਪਿਆ;

''ਯਾਰ ਦਾਦੂ! ਮੈਨੂੰ ਲੱਗਦਾ ਆ ਤੂੰ ਮੈਨੂੰ ਗੱਲੀਂ ਬਾਤੀਂ ਬੁੱਧੂ ਬਣਾ ਰਿਹਾ ਏਂ, ਰੁਪਈਏ ਦਾ ਕੀ ਆਉਂਦਾ ਹੋਊ ਭਲਾ ? ਦਸਾਂ ਰੁਪਈਆਂ ਦੀ ਤਾਂ ਇੱਕ ਛੋਟੀ ਜਿਹੀ ਚਾਕਲੇਟ ਆਉਂਦੀ ਆ!''

''ਓ ਨਹੀਂ ਯਾਰ, ਓਦੋਂ ਰੁਪਈਆ ਵੀ ਬੜੀ ਵੱਡੀ ਰਕਮ ਵਾਂਗ ਹੁੰਦਾ ਸੀ। ਉਸ ਵੇਲੇ ਮੈਨੂੰ ਵਹਿਮ ਸੀ ਕਿ ਵਾਂਢੇ ਜਾਣ ਵਿੱਚ ਝਿੜੀ ਵਾਲੇ ਬਾਬੇ ਦੇ ਚਿਰਾਗਾਂ ਵਿੱਚ ਤੇਲ ਦਾ ਉਧਾਰ ਸੀ। ਹਾਂ, ਭੂਆ ਵੱਲੋਂ ਮਿਲੇ ਰੁਪਈਏ ਵਿੱਚੋਂ ਜਿਹੜਾ ਚਵਾਨੀ ਦਾ ਤੇਲ ਪਾਉਣਾ ਸੀ, ਉਸ ਦੀ ਥਾਂ ਭਾਅ ਕੋਲੋਂ ਮਿਲੇ ਰੁਪਈਏ ਵਿੱਚੋਂ ਬਾਬੇ ਭੂਰੇ ਸ਼ਾਹ ਦੇ ਮੇਲੇ ਵਿੱਚ ਰੱਜ ਕੇ ਬਰਫ਼ ਦੇ ਰੰਗ ਵਾਲੇ ਗੋਲ਼ੇ ਖਾ ਕੇ ਬਾਕੀ ਭਜੇ ਛੋਲਿਆਂ ਵਾਲੇ ਕੋਲੋਂ ਕਈ ਦਿਨ ਅੱਧੀ ਛੁੱਟੀ ਵੇਲੇ ਛੋਲੇ ਖਾਣ ਲਈ ਵੀ ਪੈਸੇ ਬਚਾਅ ਲਏ ਸੀ, ਪਰ ਮੈਂ ਦੁਬਾਰਾ ਕਦੀ ਸੁੱਖਣਾ ਨਹੀਂ ਸੁੱਖੀ।'' ਆਪਣੇ ਬਚਪਨ ਦੀ ਕਹਾਣੀ ਖ਼ਤਮ ਕਰਕੇ ਗੁਰਬੀਰ ਸਿੰਘ ਬੋਲਿਆ, ''ਯਾਰ ਸੌਂ ਜਾ ਹੁਣ, ਨਹੀਂ ਤਾਂ ਰੋਜ਼ ਵਾਂਗ ਸਵੇਰੇ ਮੰਮੀ ਤੋਂ ਗਾਲ੍ਹਾਂ ਪੈਣਗੀਆਂ ਈ।''

''ਮੇਰੇ ਯਾਰ ਦਾਦੂ ਦੇ ਹੁੰਦਿਆਂ ਕੀਹਦੀ ਹਿੰਮਤ ਹੈ ਜੋ ਮੈਨੂੰ ਡਾਂਟ ਸਕੇ।'' ਆਖ ਕੇ ਨਿਹਾਲ ਸਿੰਘ ਦਾਦਾ ਜੀ ਨਾਲ ਲਿਪਟ ਕੇ ਗੂੜ੍ਹੀ ਨੀਂਦ ਸੌਂ ਗਿਆ।

**ਤਰਸੇਮ ਸਿੰਘ ਭੰਗੂ, ਸੰਪਰਕ: 94656-56214**

# 'ਦਿਸ਼ਾ' ਵੱਲੋਂ ਸੁਰਿੰਦਰ ਗਿੱਲ ਜੈਪਾਲ ਦੀ ਪੁਸਤਕ 'ਪੌਣਾ ਮੀਲ ਸਰਹੱਦ' ਉੱਪਰ ਕਰਵਾਈ ਗਈ ਵਿਚਾਰ-ਚਰਚਾ

## ਪਿਆਰਾ ਸਿੰਘ ਕੁੱਦੋਵਾਲ ਤੇ ਪ੍ਰੋ.ਜਗੀਰ ਸਿੰਘ ਕਾਹਲੋਂ ਵੱਲੋਂ ਪੁਸਤਕ 'ਤੇ ਪੇਪਰ ਪੜ੍ਹੇ ਗਏ ਤੇ ਕਈ ਹੋਰ ਵਿਦਵਾਨਾਂ ਵੱਲੋਂ ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ









ਬਰੈਂਪਟਨ, (ਡਾ.ਝੰਡ) -ਬਰੈਂਪਟਨ ਵਿੱਚ ਪਿਛਲੇ ਕੁਝ ਸਾਲਾਂ ਤੋਂ ਵਿਚਰ ਰਹੀ ਔਰਤਾਂ ਦੀ ਸਾਹਿਤਕ ਤੇ ਸੱਭਿਆਚਾਰਕ ਸੰਸਥਾ 'ਦਿਸ਼ਾ' ਵੱਲੋਂ ਲੰਘੇ ਵੀਰਵਾਰ 23 ਜੁਲਾਈ ਨੂੰ ਸਮਾਜਿਕ ਕਾਰਕੁਨ ਤੇ ਲੇਖਿਕਾ ਸੁਰਿੰਦਰ ਗਿੱਲ ਜੈਪਾਲ ਦੀ ਭਾਰਤ-ਪਾਕਿਸਤਾਨ ਦੀ 1947 ਦੀ 'ਦੁਖਦਾਇਕ ਵੰਡ' ਦੀਆਂ ਕਰੁਣਾਮਈ ਯਾਦਾਂ ਬਾਰੇ ਲਿਖੀ ਗਈ ਪੁਸਤਕ 'ਪੌਣਾ ਮੀਲ ਸਰਹੱਦ' ਉੱਪਰ ਗੋਸ਼ਟੀ ਦਾ ਸਫ਼ਲਤਾ ਪੂਰਵਕ ਆਯੋਜਨ ਕੀਤਾ ਗਿਆ। ਪੁਸਤਕ ਉੱਪਰ ਪਿਆਰਾ ਸਿੰਘ ਕੁੱਦੋਵਾਲ ਅਤੇ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਵਿਸਤ੍ਰਿਤ ਪੇਪਰ ਪੜ੍ਹੇ ਗਏ। ਉਪਰੰਤ, ਸਮਾਗ਼ਮ ਵਿੱਚ ਸ਼ਾਮਲ ਕਈ ਵਿਦਵਾਨਾਂ ਵੱਲੋਂ ਪੁਸਤਕ ਦੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਪੁਸਤਕ ਲੇਖਿਕਾ ਸੁਰਿੰਦਰ ਗਿੱਲ ਜੈਪਾਲ ਨਾਲ ਸ਼੍ਰੀਮਤੀ ਰਾਜਵੰਤ ਕੌਰ ਸੰਧੂ, ਜੰਮੂ ਤੋਂ ਨਾਵਲਕਾਰ ਸੁਰਿੰਦਰ ਨੀਰ, ਲੇਖਿਕਾ ਕਮਲਜੀਤ ਨੱਤ ਦੋਸਾਂਝ ਅਤੇ 'ਦਿਸ਼ਾ' ਸੰਸਥਾ ਦੀ ਪ੍ਰਧਾਨ ਡਾ. ਕੰਵਲਜੀਤ ਢਿੱਲੋਂ ਸ਼ਾਮਲ ਸਨ। 'ਵਿਸ਼ਵ ਪੰਜਾਬੀ ਭਵਨ ਟੋਰਾਂਟੋ' ਵਿੱਚ ਬਾਅਦ ਦੁਪਹਿਰ 4.30 ਵਜੇ ਆਰੰਭ ਹੋਏ ਇਸ ਸਮਾਗ਼ਮ ਦੀ ਸ਼ੁਰੂਆਤ ਕਰਦਿਆਂ ਡਾ. ਕੰਵਲਜੀਤ ਕੌਰ ਨੇ ਆਏ ਮਹਿਮਾਨਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਸਮਾਗ਼ਮ ਦੇ ਮੁੱਖ-ਮਹਿਮਾਨ ਸੁਰਿੰਦਰ ਗਿੱਲ ਜੈਪਾਲ ਹੁਰਾਂ ਬਾਰੇ ਦੱਸਦਿਆਂ ਕਿਹਾ ਕਿ ਉਹ ਪੰਜਾਬ ਵਿੱਚ ਸਮਾਜਿਕ-ਚੇਤਨਤਾ ਦੇ ਹਰੇਕ ਪ੍ਰੋਗਰਾਮ ਵਿੱਚ ਬੜੀ ਸਰਗਰਮੀ ਨਾਲ ਭਾਗ ਲੈਂਦੇ ਹਨ ਅਤੇ 2020 ਵਿੱਚ ਦਿੱਲੀ ਦੀਆਂ ਬਰੂਹਾਂ 'ਤੇ 378 ਦਿਨ ਚੱਲੇ ਕਿਸਾਨ ਅੰਦੋਲਨ ਵਿੱਚ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ਼ ਕੇ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਸਦੇ ਨਾਲ ਹੀ ਉਹ ਬੜੇ ਭਾਵਨਾਤਮਿਕ ਤੇ ਸੰਜੀਦਾ ਲੇਖਕ ਹਨ ਅਤੇ ਲੋਕ-ਪੱਖੀ ਮਸਲਿਆਂ ਬਾਰੇ ਲਗਾਤਾਰ ਲਿਖਦੇ ਹਨ। ਪਿਛਲੇ ਸਾਲ 2025 ਉਨ੍ਹਾਂ ਦੀ ਭਾਰਤ-ਪਾਕਿਸਤਾਨ ਦੀ 1947 ਦੀ 'ਖ਼ੂਨੀ-ਵੰਡ' ਬਾਰੇ ਕਵਿਤਾਵਾਂ ਤੇ ਨਿਬੰਧਾਂ ਦੀ ਪੁਸਤਕ ਆਈ ਹੈ, ਜਿਸ ਵਿੱਚ ਇਸ ਵੰਡ ਦੇ ਕਈ ਅਹਿਮ ਪਹਿਲੂਆਂ ਬਾਰੇ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਕਵਿੱਤਰੀ ਸੁਰਜੀਤ ਕੌਰ ਵੱਲੋਂ ਇਸ ਸਮਾਗ਼ਮ ਵਿੱਚ ਪਹੁੰਚੇ ਮਹਿਮਾਨਾਂ ਨੂੰ ਨਿੱਘੀ 'ਜੀ-ਆਇਆਂ ਕਹੀ ਗਈ ਅਤੇ ਇਸਦੇ ਨਾਲ ਹੀ ਮੰਚ-ਸੰਚਾਲਕ ਕੰਵਲਜੀਤ ਢਿੱਲੋਂ ਵੱਲੋਂ ਸਮਾਗ਼ਮ ਦੇ ਪਹਿਲੇ ਬੁਲਾਰੇ ਪਿਆਰਾ ਸਿੰਘ ਕੁੱਦੋਵਾਲ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਪੇਪਰ ਵਿੱਚ ਇਸ ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਤੇ ਨਿਬੰਧਾਂ ਨੂੰ '1947 ਦੀ ਵੰਡ ਦਾ ਅਣਕਿਆਸਿਆ ਦਰਦ' ਕਰਾਰ ਦਿੰਦਿਆਂ ਹੋਇਆਂ ਕਿਹਾ ਕਿ ਇਸ ਵਿੱਚ ਸ਼ਾਮਲ 8 ਨਿਬੰਧ ਅਤੇ 33 ਕਵਿਤਾਵਾਂ ਇਸ ਦਰਦਨਾਕ ਵੰਡ ਦਾ ਅਤੀ-ਭਾਵੁਕ ਅਤੇ ਕਰੁਣਾਮਈ ਬ੍ਰਿਤਾਂਤ ਪੇਸ਼ ਕਰਦੀਆਂ ਹਨ। ਇਨ੍ਹਾਂ ਵਿੱਚ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲਾ ਦੁਖਾਂਤ ਹੈ। ਵੰਡ ਦਾ ਐਲਾਨ ਹੋਣ ਤੋਂ ਬਾਅਦ ਗੱਡਿਆਂ 'ਤੇ ਕਾਫ਼ਲਿਆਂ ਵਿੱਚ ਆ ਰਹੇ ਨਿਹੱਥੇ ਲੋਕਾਂ ਉੱਪਰ ਜਨੂੰਨੀ ਹਮਲਾਵਰਾਂ ਵੱਲੋਂ ਖ਼ੂਨੀ ਹਮਲੇ ਕਰਕੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ ਅਤੇ ਉਨ੍ਹਾਂ ਵੱਲੋਂ ਨਾਲ ਲਿਆਂਦਾ ਜਾ ਰਿਹਾ ਥੋੜ੍ਹਾ-ਬਹੁਤਾ ਸਮਾਨ ਵੀ ਲੁੱਟ ਲਿਆ ਗਿਆ। ਉਨ੍ਹਾਂ ਕਿਹਾ ਕਿ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਰਾਜਨੀਤਕ ਵੰਡੀਆਂ ਪਈਆਂ ਹਨ ਪਰ ਕਿਸੇ ਵਿੱਚ ਵੀ ਲੋਕਾਂ ਦੀ ਏਨੀ ਕਤਲੋਗ਼ਾਰਤ ਨਹੀਂ ਹੋਈ, ਜਿੰਨੀ ਕਿ 1947 ਦੀ ਇਸ ਵੰਡ ਦੌਰਾਨ ਹੋਈ ਹੈ। ਇਸਦੀ ਪੁਸ਼ਟੀ ਲਈ ਉਨ੍ਹਾਂ ਵੱਲੋਂ ਕਈ ਇਤਿਹਾਸਕ ਘਟਨਾਵਾਂ, ਪੁਸਤਕਾਂ ਅਤੇ ਲੇਖਕਾਂ ਦੇ ਹਵਾਲੇ ਦਿੱਤੇ ਗਏ। ਪੁਸਤਕ ਸਬੰਧੀ ਦੂਸਰਾ ਪੇਪਰ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਪੇਸ਼ ਕੀਤਾ ਗਿਆ ਜਿਨ੍ਹਾਂ ਨੇ ਪੁਸਤਕ ਦੀ ਪਹਿਲੀ ਕਵਿਤਾ 'ਰਕਤ ਰੇਖਾ' ਨੂੰ ਆਪਣੇ ਪੇਪਰ ਦਾ ਆਧਾਰ ਬਣਾਉਂਦਿਆਂ ਇਸਦੇ ਤਿੰਨਾਂ ਪੈਰਿਆਂ ਵਿਚ ਸਮੋਏ ਦਰਦ ਨੂੰ ਭਾਵਨਾਤਮਿਕ ਸ਼ਬਦਾਂ ਵਿੱਚ ਬਿਆਨ ਕਰਦਿਆਂ ਕਿਹਾ ਕਿ ਅੰਗਰੇਜ਼ ਅਫ਼ਸਰ ਮਿਸਟਰ ਸਿਰਿਲ ਰੈਡਕਲਿਫ਼ ਵੱਲੋਂ ਭਾਰਤ ਦੇ ਨਕਸ਼ੇ 'ਤੇ ਖਿੱਚੀ ਗਈ 'ਲਕੀਰ' (ਰੈਡਕਲਿਫ਼-ਲਾਈਨ) ਪੰਜਾਬੀਆਂ ਲਈ 'ਖ਼ੂਨੀ ਲਕੀਰ' ਬਣ ਗਈ ਜਿਸਦੇ ਆਰ-ਪਾਰ ਦੋਹਾਂ ਪਾਸਿਆਂ ਦੇ ਲੱਖਾਂ ਲੋਕਾਂ ਦੇ ਖ਼ੂਨ ਦੇ ਨਾਲ ਧਰਤੀ ਲਾਲੋ-ਲਾਲ ਹੋ ਗਈ। ਉਨ੍ਹਾਂ ਕਿਹਾ ਕਿ ਕੇਵਲ 83 ਪੰਨਿਆਂ ਦੀ ਇਹ ਛੋਟੀ ਜਿਹੀ 'ਕਿਤਾਬੜੀ' 'ਸੰਤਾਲੀ ਦੀ ਵੰਡ' ਬਾਰੇ ਹੁਣ ਤੀਕ ਲਿਖੀਆਂ ਗਈਆਂ ਪੁਸਤਕਾਂ ਤੋਂ ਵੱਖਰੀ ਹੈ। ਇਸ ਵਿੱਚ ਲੇਖਿਕਾ ਨੇ ਆਪਣੀ ਮਾਂ ਕੋਲੋਂ ਇਸ ਖ਼ੂਨੀ ਵੰਡ ਬਾਰੇ ਸੁਣੀ ਹੋਈ ਦਰਦਨਾਕ ਵਾਰਤਾ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਆਪਣੀਆਂ ਕਵਿਤਾਵਾਂ ਤੇ ਨਿਬੰਧ ਸ਼ਾਮਲ ਕੀਤੇ ਹਨ। ਉੱਘੇ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇ ਕਿਤਾਬ ਪੜ੍ਹ ਕੇ ਉਨ੍ਹਾਂ ਦਾ ਕਵਿਤਾ ਵਿੱਚ ਵਿਸ਼ਵਾਸ ਬਹਾਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿੱਚ ਸੁਰਿੰਦਰ ਜੈਪਾਲ ਦੀਆਂ ਕਵਿਤਾਵਾਂ 1947 ਦੀ ਵੰਡ ਦੇ ਦੁਖਾਂਤ ਦੀ ਚੀਸ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ। ਇਹ ਦੋਹਾਂ ਪਾਸਿਆਂ 'ਤੇ ਹੋਏ ਨਿਹੱਥੇ ਲੋਕਾਂ ਉੱਪਰ ਹੋਏ ਅੱਤਿਆਚਾਰ ਨੂੰ ਬੜੀ ਬਾਰੀਕੀ ਨਾਲ ਦਰਸਾਉਂਦੀਆਂ ਹਨ। ਆਪਣੇ ਸੰਬੋਧਨ ਵਿੱਚ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਉਲ੍ਹਾਮਾ' ਦਾ ਹਵਾਲਾ ਦਿੰਦਿਆਂ ਹੋਇਆਂ ਉਨ੍ਹਾਂ ਇਸ ਕਤਲੋਗ਼ਾਰਤ ਲਈ ਆਪਣੇ ਵੱਲੋਂ ਰੱਬ ਨੂੰ ਉਲ੍ਹਾਮਾ ਵੀ ਦਿੱਤਾ। ਇਸ ਗੋਸ਼ਟੀ ਵਿੱਚ ਭਾਗ ਲੈਂਦਿਆਂ ਡਾ. ਸੁਖਦੇਵ ਸਿੰਘ ਝੰਡ ਨੇ ਪ੍ਰੋ. ਜਗੀਰ ਸਿੰਘ ਦੇ ਪੇਪਰ ਵਿੱਚ ਦਰਸਾਈ ਗਈ ਪੁਸਤਕ ਦੀ ਵੱਖਰਤਾ ਨੂੰ ਅੱਗੇ ਤੋਰਦਿਆਂ ਕਿਹਾ ਕਿ ਇਹ 'ਕਿਤਾਬੜੀ' ਵਾਕਿਆ ਈ ਇਸ 'ਵੰਡ' ਬਾਰੇ ਲਿਖੀਆਂ ਗਈ ਪੁਸਤਕਾਂ ਤੋਂ ਭਿੰਨ ਹੈ, ਕਿਉਂਕਿ ਇਸ ਵਿੱਚ ਹੋਰ ਲੱਖਾਂ ਲੋਕਾਂ ਵਾਂਗ ਸੁਰਿੰਦਰ ਜੈਪਾਲ ਦੇ ਆਪਣੇ ਪਰਿਵਾਰ ਦੇ ਜੀਆਂ ਵੱਲੋਂ ਹੰਢਾਏ ਗਏ ਸੰਤਾਪ ਦਾ ਜ਼ਿਕਰ ਹੈ। ਇਸ ਵਿੱਚ ਜਵਾਨ ਧੀਆਂ-ਭੈਣਾਂ ਵੱਲੋਂ ਆਪਣੀਆਂ ਇੱਜ਼ਤਾਂ ਬਚਾਉਣ ਲਈ ਉਨ੍ਹਾਂ ਵੱਲੋਂ ਖ਼ੂਹਾਂ ਵਿੱਚ ਛਾਲਾਂ ਮਾਰਨ ਦਾ ਜ਼ਿਕਰ ਹੈ, ਜਿਨ੍ਹਾਂ ਵਿੱਚ ਲੇਖਿਕਾ ਦੀ ਭੂਆ ਅਮਰ ਕੌਰ ਵੀ ਸ਼ਾਮਲ ਹੈ। ਇਸ ਵਿੱਚ ਹੋਰ ਹਜ਼ਾਰਾਂ ਹੋਰ ਧੀਆਂ-ਭੈਣਾਂ ਦਾ ਜ਼ਿਕਰ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਮਾਵਾਂ ਨੇ ਆਪਣੇ ਹੱਥੀਂ ਜ਼ਹਿਰ ਦੀਆਂ ਪੁੜੀਆਂ ਖਵਾਈਆਂ ਅਤੇ ਜਿਨ੍ਹਾਂ ਦੇ ਪਿਓਆਂ ਨੇ ਆਪਣੇ ਹੱਥੀਂ ਉਨ੍ਹਾਂ ਦੇ ਗ਼ਲ਼ੇ ਕੱਟੇ। ਇਸ ਵਿੱਚ ਲੇਖਿਕਾ ਦੀ ਭੂਆ ਅਮਰ ਕੌਰ ਦੇ ਉਦੋਂ 5-6 ਸਾਲ ਦੇ ਦਿਓਰ ਬਲਕਾਰ ਸਿੰਘ ਦਾ ਜ਼ਿਕਰ ਹੈ, ਜਿਸਦੇ ਸਾਹਮਣੇ ਕਾਤਲਾਂ ਵੱਲੋਂ ਉਸਦੇ ਮਾਂ ਤੇ ਪਿਓ ਕਤਲ ਕਰ ਦਿੱਤੇ ਗਏ ਅਤੇ ਉਸਨੇ ਲੋਥਾਂ ਦੇ ਢੇਰ ਹੇਠਾਂ ਲੁਕ ਕੇ ਆਪਣੀ ਜਾਨ ਬਚਾਈ। ਆਪਣੇ ਸੰਬੋਧਨ ਵਿੱਚ ਡਾ. ਝੰਡ ਨੇ ਇਸ ਦੁਖਾਂਤਕ ਵੰਡ ਦੌਰਾਨ ਆਪਣੇ ਪਰਿਵਾਰ ਦੇ ਵਡੇਰਿਆਂ ਵੱਲੋਂ ਹੱਡੀਂ-ਹੰਢਾਏ ਸੰਤਾਪ ਬਾਰੇ ਵੀ ਸੰਖੇਪ ਵਿੱਚ ਦੱਸਿਆ। ਸਮਾਗ਼ਮ ਦੇ ਹੋਰ ਬੁਲਾਰਿਆਂ ਵਿੱਚ ਸਤਿੰਦਰਪਾਲ ਕੌਰ ਕਾਹਲੋਂ, ਰਛਪਾਲ ਕੌਰ ਗਿੱਲ, ਹਰਜਸਪ੍ਰੀਤ ਕੌਰ ਗਿੱਲ, ਸੁਖਚਰਨਜੀਤ ਕੌਰ ਗਿੱਲ, ਹੀਰਾ ਰੰਧਾਵਾ, ਡਾ. ਪਰਗਟ ਸਿੰਘ ਬੱਗਾ, ਅੰਮ੍ਰਿਤਪਾਲ ਸਿੰਘ ਅਤੇ ਸੁਰਿੰਦਰ ਨੀਰ ਸ਼ਾਮਲ ਸਨ। ਲੇਖਿਕਾ ਸੁਰਿੰਦਰ ਗਿੱਲ ਜੈਪਾਲ ਵੱਲੋਂ ਸਮਾਗ਼ਮ ਵਿੱਚ ਸ਼ਾਮਲ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਹੋਇਆਂ ਇਹ ਪੁਸਤਕ ਲਿਖਦੇ ਸਮੇਂ ਹੰਢਾਈ ਗਈ ਮਾਨਸਿਕਤਾ ਬਾਰੇ ਬੜੇ ਭਾਵੁਕ ਸ਼ਬਦਾਂ ਵਿੱਚ ਬਿਆਨਿਆ ਗਿਆ। ਉਨ੍ਹਾਂ ਪੁਸਤਕ ਵਿੱਚੋਂ ਕੁਝ ਕਵਿਤਾਵਾਂ ਵੀ ਪੜ੍ਹ ਕੇ ਸੁਣਾਈਆਂ। ਇਸ ਦੌਰਾਨ ਪਰਮਜੀਤ ਦਿਓਲ ਵੱਲੋਂ ਪੁਸਤਕ ਵਿੱਚ ਸ਼ਾਮਲ 'ਵੰਡ' ਦੇ ਕੁਝ ਟੱਪੇ ਅਤੇ ਲਾਹੌਰ ਤੋਂ ਪਾਕਿਸਤਾਨੀ ਗਾਇਕ ਹੁਸਨੈਨ ਅਕਬਰ ਵੱਲੋਂ ਵਾਰਿਸ ਸ਼ਾਹ ਦੀ 'ਹੀਰ' ਦੇ ਦੋ ਬੰਦ ਸੁਣਾਏ ਗਏ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਰਾਜਵੰਤ ਕੌਰ ਸੰਧੂ ਵੱਲੋਂ ਜਿੱਥੇ ਵੱਖ-ਵੱਖ ਬੁਲਾਰਿਆਂ ਵੱਲੋਂ ਪੇਸ਼ ਕੀਤੇ ਗਏ ਵਿਚਾਰਾਂ ਬਾਰੇ ਖ਼ੂਬਸੂਰਤ ਟਿੱਪਣੀ ਕੀਤੀ ਗਈ, ਉੱਥੇ ਇਸ ਪੁਸਤਕ ਬਾਰੇ ਆਪਣੇ ਪ੍ਰਭਾਵ ਬੜੇ ਸੰਜੀਦਾ ਢੰਗ ਨਾਲ ਪੇਸ਼ ਕੀਤੇ ਗਏ। 'ਵਿਸ਼ਵ ਪੰਜਾਬੀ ਸਾਹਿਤ ਸਭਾ' ਦੇ ਸੰਸਥਾਪਕ ਡਾ. ਦਲਬੀਰ ਸਿੰਘ ਕਥੂਰੀਆਂ ਵੱਲੋਂ ਸਮੂਹ ਬੁਲਾਰਿਆਂ ਅਤੇ ਮਹਿਮਾਨਾਂ ਦਾ ਇਸ ਸਮਾਗ਼ਮ ਨੂੰ ਸਫ਼ਲ ਬਨਾਉਣ ਲਈ ਧੰਨਵਾਦ ਕੀਤਾ ਗਿਆ। ਅਖੀਰ 'ਚ 'ਦਿਸ਼ਾ' ਵੱਲੋਂ ਮੈਡਮ ਸੁਰਿੰਦਰ ਗਿੱਲ ਜੈਪਾਲ ਨੂੰ ਖ਼ੂਬਸੂਰਤ ਸ਼ਾਲ ਅਤੇ ਸਨਮਾਨ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# '47 ਦੀ 'ਵੰਡ' ਦੀ ਚੀਸ - ਸੁਰਿੰਦਰ ਗਿੱਲ ਜੈਪਾਲ ਦੀ ਪੁਸਤਕ 'ਪੌਣਾ ਮੀਲ ਸਰਹੱਦ'




ਡਾ. ਸੁਖਦੇਵ ਸਿੰਘ ਝੰਡ
+1 647-567-9128

ਭਾਰਤ-ਪਾਕਿਸਤਾਨ ਦੀ 1947 ਦੀ 'ਵੰਡ' ਬਾਰੇ ਬਹੁਤ ਕੁਝ ਲਿਖਿਆ ਤੇ ਪੜ੍ਹਿਆ ਜਾ ਚੱਕਾ ਹੈ। ਇਸ ਉੱਪਰ ਕਈ ਫ਼ਿਲਮਾਂ ਵੀ ਬਣੀਆਂ ਹਨ ਅਤੇ ਭੀਸ਼ਮ ਸਾਹਨੀ ਦੇ 'ਤਮਸ' ਵਰਗੇ ਕਈ ਟੀ.ਵੀ. ਸੀਰੀਅਲ ਵੀ ਆ ਚੁੱਕੇ ਹਨ, ਜਿਨ੍ਹਾਂ ਵਿੱਚ ਇਸ ਵੰਡ ਦੀ ਦਰਦ-ਭਰੀ 'ਚੀਸ' ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ। 'ਅਜੀਤ ਵੈੱਬ ਪ੍ਰੋਗਰਾਮ -ਦਰਦ 47 ਦਾ' ਵਿੱਚ ਇਸ ਵੰਡ ਦੇ ਕਈ 'ਐਪੀਸੋਡ' ਆ ਚੁੱਕੇ ਹਨ ਅਤੇ ਲਹਿੰਦੇ ਪੰਜਾਬ ਵਿੱਚ ਅਹਿਮਦ ਰਜ਼ਾ, ਨਾਸਿਰ ਢਿੱਲੋਂ ਤੇ ਹੋਰ ਕਈਆਂ ਵੱਲੋਂ ਵੀ ਰੈਡਕਲਿਫ਼ ਵੱਲੋਂ ਖਿੱਚੀ ਗਈ ਇਸ 'ਖ਼ੂਨੀ ਲਕੀਰ' ਬਾਰੇ ਯੂਟਿਊਬ ਉੱਪਰ ਕਈ ਵੀਡੀਓਜ਼ ਪਾਈਆਂ ਗਈਆਂ ਹਨ। ਪਰ ਇਹ 'ਚੀਸ' ਏਨੀ ਡੂੰਘੀ, ਦੁਖਾਂਤਕ ਤੇ ਦਰਦੀਲੀ ਹੈ ਕਿ ਇਹ ਅਜੇ ਵੀ ਇਤਿਹਾਸ ਦੇ 'ਕਾਲ਼ੇ ਪੰਨਿਆਂ' 'ਤੇ ਉੱਕਰੀ ਉਵੇਂ ਹੀ ਰੜਕ ਰਹੀ ਹੈ। ਅਜੇ ਵੀ ਇਸ ਉੱਪਰ ਕਈ ਕਿਤਾਬਾਂ ਲਿਖੀਆਂ ਜਾਂ ਰਹੀਆਂ ਹਨ ਅਤੇ ਇਲੈੱਕਟ੍ਰਾਨਿਕ ਮੀਡੀਏ ਉੱਪਰ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਇਸ ਲੜੀ ਵਿੱਚ ਸੁਰਿੰਦਰ ਗਿੱਲ ਜੈਪਾਲ ਦੀ 2025 ਵਿੱਚ ਛਪੀ 83 ਪੰਨਿਆਂ ਦੀ ਪੁਸਤਕ, ਜਿਸ ਨੂੰ ਕਿਤਾਬ ਨਹੀ, ਸਗੋਂ 'ਕਿਤਾਬੜੀ' ਕਿਹਾ ਜਾ ਸਕਦਾ ਹੈ, ਇਸ 'ਖ਼ੂਨੀ ਵੰਡ' ਦੀ ਅਸਹਿ ਤੇ ਅਕਹਿ ਵੱਡੀ ਪੀੜ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਲੇਖਿਕਾ ਵੱਲੋਂ ਇਸ ਪੁਸਤਕ ਦੇ ਅੱਠ ਨਿਬੰਧਾਂ ਅਤੇ 33 ਕਵਿਤਾਵਾਂ ਵਿੱਚ ਬਹੁਤ ਵੱਡਾ ਦਰਦ ਬਿਆਨ ਕੀਤਾ ਗਿਆ ਹੈ। ਇਸ 'ਵੰਡ' ਦੇ ਐਲਾਨ ਤੋਂ ਬਾਅਦ 1947 ਦੇ ਅਗਸਤ ਮਹੀਨੇ ਮੁਲਤਾਨ ਜ਼ਿਲੇ ਦੀਆਂ 'ਪੰਜ ਕੱਸੀਆਂ' ਵਿੱਚੋਂ ਇੱਕ ਪਿੰਡ 'ਤਿੰਨ ਕੱਸੀ' ਤੋਂ ਤੁਰੇ ਕਾਫ਼ਲੇ ਅਤੇ ਅਜਿਹੇ ਹੋਰ ਅਨੇਕਾਂ ਕਾਫ਼ਲਿਆਂ ਦੇ ਰਸਤੇ ਵਿੱਚ ਆਉਂਦਿਆਂ ਹਮਲਾਵਰਾਂ ਵੱਲੋਂ ਵੱਢੇ-ਟੁੱਕੇ ਜਾਣ ਦੀਆਂ ਚੀਸਾਂ ਹਨ। ਇਹਦੇ ਵਿੱਚ ਲੇਖਿਕਾ ਸੁਰਿੰਦਰ ਗਿੱਲ ਜੈਪਾਲ ਦੇ ਪਰਿਵਾਰ ਦੇ ਜੀਆਂ ਵੱਲੋਂ ਹੰਢਾਏ ਗਏ ਸੰਤਾਪ ਦਾ ਜ਼ਿਕਰ ਹੈ। ਇਹਦੇ ਵਿੱਚ ਸੁਲੇਮਾਨ ਹੈੱਡ ਤੋਂ ਮਹਿਜ਼ ਪੌਣਾ ਮੀਲ ਸਰਹੱਦ ਦੇ ਉਸ ਪਾਰ ਵਾਪਰੇ ਦੁਖਾਂਤ ਦਾ ਬਿਆਨ ਹੈ। ਇਸ 'ਕਿਤਾਬੜੀ' ਵਿੱਚ ਜਵਾਨ ਧੀਆਂ-ਭੈਣਾਂ ਵੱਲੋਂ ਆਪਣੀਆਂ ਇੱਜ਼ਤਾਂ ਬਚਾਉਣ ਖ਼ਾਤਰ ਖ਼ੂਹਾਂ ਵਿੱਚ ਛਾਲਾਂ ਮਾਰਨ ਦਾ ਡੂੰਘਾ ਦਰਦ ਭਰਿਆ ਜ਼ਿਕਰ ਹੈ, ਜਿਨ੍ਹਾਂ ਵਿੱਚ ਲੇਖਿਕਾ ਦੀ ਭੂਆ ਅਮਰ ਕੌਰ ਵੀ ਸ਼ਾਮਲ ਸੀ। ਇਹਦੇ ਵਿੱਚ ਹੋਰ ਕਈ ਜਵਾਨ ਧੀਆਂ-ਭੈਣਾਂ ਦਾ ਜ਼ਿਕਰ ਹੈ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਮਾਵਾਂ ਨੇ ਆਪਣੇ ਹੱਥੀਂ ਜ਼ਹਿਰ ਦੀਆਂ ਪੁੜੀਆਂ ਖਵਾਈਆਂ ਸਨ ਅਤੇ ਜਿਨ੍ਹਾਂ ਦੇ ਪਿਓਆਂ ਨੇ ਉਨ੍ਹਾਂ ਦੇ ਗ਼ਲ਼ੇ ਆਪਣੇ ਹੱਥੀਂ ਕੱਟੇ ਸਨ। ਇਹਦੇ ਵਿੱਚ ਲੇਖਿਕਾ ਦੀ ਭੂਆ ਅਮਰ ਕੌਰ ਦੇ ਦਿਓਰ ਬਲਕਾਰ ਸਿੰਘ ਦਾ ਬਿਆਨ ਸ਼ਾਮਲ ਹੈ ਜੋ ਓਦੋਂ ਕੇਵਲ 5-6 ਸਾਲ ਦਾ ਸੀ ਅਤੇ ਜਿਸ ਦੀਆਂ ਅੱਖਾਂ ਦੇ ਸਾਹਮਣੇ ਕਾਤਲਾਂ ਵੱਲੋਂ ਉਸਦੀ ਮਾਂ ਤੇ ਪਿਓ ਨੂੰ ਬਰਛਿਆਂ ਨਾਲ ਬੁਰੀ ਤਰ੍ਹਾਂ ਵੱਢ-ਟੁੱਕ ਦਿੱਤਾ ਗਿਆ ਸੀ ਅਤੇ ਉਹ ਆਪ ਬਾਪ ਦੀ ਉਂਗਲ ਛੱਡ ਕੇ ਲਾਸ਼ਾਂ ਦੇ ਢੇਰ ਹੇਠ ਜਾ ਲੁਕਿਆ ਸੀ। ਲੋਥਾਂ ਦੇ ਇਸ ਢੇਰ ਹੇਠਾਂ ਪਏ ਦੇ ਉਸਦੇ ਸਿਰ 'ਤੇ ਵੀ ਸੋਟੇ ਦੀ ਇੱਕ ਸੱਟ ਵੱਜੀ ਸੀ, ਜਦਕਿ ਬਾਕੀ ਦੀਆਂ ਉਸਦੇ ਉੱਪਰ ਪਈਆਂ ਉਨ੍ਹਾਂ ਲਾਸ਼ਾਂ ਨੂੰ ਹੀ ਵੱਜੀਆਂ ਸਨ। ਕਾਤਲਾਂ ਦੇ ਚਲੇ ਜਾਣ ਪਿੱਛੋਂ ਉਹ ਆਪਣੀ ਤਿੰਨ ਕੁ ਸਾਲ ਦੀ ਵਿੱਛੜੀ ਭੈਣ ਨੂੰ ਲੱਭਦਾ ਸੀ ਜੋ ਕਿ ਖ਼ੂਨ ਨਾਲ ਲੱਥ-ਪੱਥ ਹੋਈ ਉੱਥੇ ਡੌਰ-ਭੌਰੀ ਤੁਰੀ ਫਿਰਦੀ ਸੀ। ਉਨ੍ਹਾਂ ਦੀ ਬਚੀ-ਖੁਚੀ 'ਚੰਗੀ ਕਿਸਮਤ' ਨੂੰ ਉੱਥੇ ਮਿਲਟਰੀ ਦੀ ਇੱਕ ਜੀਪ ਆ ਗਈ ਜਿਸ ਵਿੱਚ ਬੈਠੇ ਅਫ਼ਸਰ ਤੇ ਫ਼ੌਜੀ ਜਵਾਨਾਂ ਨੇ ਉਨ੍ਹਾਂ ਨੂੰ ਫ਼ੌਜੀ ਹਸਪਤਾਲ ਪਹੁੰਚਾਇਆ। 78 ਸਾਲ ਦੀ ਉਮਰ ਵਿੱਚ ਬਲਕਾਰ ਸਿੰਘ ਖ਼ੂਨ ਦੇ ਹੰਝੂ ਵਹਾਉਂਦਾ ਹੋਇਆ ਹੱਡੀਂ ਹੰਡਾਇਆ ਇਹ ਦਰਦ ਲੇਖਿਕਾ ਦੇ ਸਾਹਮਣੇ ਬਿਆਨ ਕਰਦਾ ਹੈ ਜਿਸ ਨੂੰ ਉਸਦੇ ਆਪਣੇ ਸ਼ਬਦਾਂ ਵਿੱਚ ਹੀ ਪੁਸਤਕ ਦੇ ਇੱਕ ਅਧਿਆਇ ਵਜੋਂ ਵਾਰਤਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਲੇਖਿਕਾ ਵੱਲੋਂ 1947 ਦਾ ਉਹ 'ਮਾੜਾ ਵੇਲ਼ਾ' ਪੁਸਤਕ ਵਿਚਲੀ ਕਵਿਤਾ 'ਵੇਲ਼ਾ ਮਾੜਾ' ਵਿੱਚ ਇੰਜ ਬਿਆਨ ਕੀਤਾ ਗਿਆ ਹੈ :

ਮਸਤਕ ਵਿੱਚੋਂ ਸ਼ਬਦਾ ਦਾ ਚਾਨਣ
ਕਿਸਰਾਂ ਡੁੱਲ੍ਹ ਗਿਆ
ਲਟ-ਲਟ ਜਗਦੇ ਬੰਦੇ ਵਿੱਚੋਂ
ਆਪੇ ਬੰਦਾ ਕਿੱਦਾਂ ਬੁਝ ਗਿਆ
ਮੂਧੇ ਵੱਜੇ ਮੱਟ ਨੂਰ ਦੇ
ਮਾਨਸ ਵੱਲੋਂ ਮਾਨਸ ਦਾ ਹੀ
ਪਿਆ ਉਜਾੜਾ
ਸੰਨ ਸੰਤਾਲ਼ੀ ਵੇਲ਼ਾ ਮਾੜਾ। (ਪੰਨਾ-25)

... ਤੇ ਇਸ 'ਮਾੜੇ ਵੇਲੇ' ਵਿੱਚ ਡਰ ਤੇ ਖ਼ੌਫ਼ ਨਾਲ ਕੁੰਗੜੇ ਹੋਏ ਕਾਫ਼ਲੇ ਗੱਡਿਆਂ ਉੱਤੇ ਮੱਠੀ-ਮੱਠੀ ਚਾਲੇ ਰਿੜ੍ਹਦੇ ਜਾ ਰਹੇ ਸਨ:

ਮੱਠੀ ਚਾਲੇ ਗੱਡਿਆਂ ਉੱਤੇ
ਜਾਣ ਕਾਫ਼ਲੇ ਕੁੰਗੜੇ ਹੋਏ
ਜ਼ੋਰ ਧਿੰਗਾਣੇ ਨਵੇਂ ਪੁਰਾਣੇ
ਬਾਹਵਾਂ ਵਾਲ਼ੇ ਬਿਰਖ਼ ਜਾਂ ਕੋਹੇ
ਮਰੀਆਂ ਹੋਈਆਂ ਨਾਲ ਟਾਹਣੀਆਂ
ਫੁੱਲ ਅਜੇ ਵੀ ਚਿੰਮੜੇ ਹੋਏ। (ਪੰਨਾ-23)

ਇਹ 'ਮਾੜਾ ਵੇਲ਼ਾ' ਮੇਰੇ ਪੁਰਖ਼ਿਆਂ ਨੇ ਵੀ ਹੱਡੀਂ ਹੰਡਾਇਆ, ਜਦੋਂ ਉਹ ਇਸ ਕਥਿਤ 'ਆਜ਼ਾਦੀ', 'ਉਜਾੜੇ' ਜਾਂ 'ਬਰਬਾਦੀ' ਦਾ ਐਲਾਨ ਹੋਣ ਤੋਂ ਤਿੰਨ ਦਿਨ ਬਾਅਦ 18 ਅਗਸਤ ਦੇ ਤੜਕਸਾਰ ਪਿਛਲੇ ਪਿੰਡਾਂ ਤੋਂ ਆ ਰਹੇ ਵੱਡੇ ਕਾਫ਼ਲੇ ਵਿੱਚ ਸ਼ਾਮਲ ਹੋਣ ਲਈ ਆਪਣਾ ਭਰਿਆ-ਭਰਾਇਆ ਵੱਡਾ ਸਾਰਾ ਘਰ ਛੱਡ ਕੇ ਥੋੜ੍ਹਾ ਜਿਹਾ 'ਅਤੀ-ਲੋੜੀਂਦਾ ਸਮਾਨ' ਦੋ ਗੱਡਿਆਂ 'ਤੇ ਲੱਦ ਕੇ ਆਪਣੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਤੋਂ ਤੁਰੇ ਸਨ। ਇੱਕ ਗੱਡਾ ਉਨ੍ਹਾਂ ਦਾ ਆਪਣਾ ਹੈ ਸੀ ਤੇ ਦੂਸਰਾ ਉਦੋਂ ਪਿੰਡੋਂ ਮੁਸਲਿਮ ਦੋਸਤ ਨੂੰ 'ਨਾਹਨ' ਕੰਪਨੀ ਦੇ ਗੰਨੇ ਪੀੜਨ ਵਾਲੇ ਵੇਲਣੇ ਨਾਲ 'ਵਟਾ' ਕੇ ਲਿਆ ਗਿਆ ਸੀ ਜਾਂ ਇੰਜ ਕਹਿ ਲਈਏ ਕਿ 'ਮੰਗ ਕੇ' ਲਿਆ ਗਿਆ ਸੀ। ਉਨ੍ਹਾਂ ਦਾ ਗੱਡਿਆਂ ਦਾ ਇਹ ਕਾਫ਼ਲਾ 'ਕਾਵਾਂ ਵਾਲੇ ਪੱਤਣ' ਤੋਂ ਸਤਲੁਜ ਦਰਿਆ ਪਾਰ ਕਰਕੇ (ਉਦੋਂ ਸਤਲੁਜ ਦਰਿਆ ਉੱਪਰ ਅਜੇ ਪੁਲ਼ ਨਹੀਂ ਸੀ ਬਣਿਆਂ ਅਤੇ ਕਾਫ਼ਲਿਆਂ ਦੇ ਗੱਡੇ ਦਰਿਆ ਦੇ ਵਗਦੇ ਪਾਣੀ ਵਿੱਚ ਠੇਲ੍ਹ ਕੇ ਦੋ-ਦੋ ਜੋਗਾਂ ਜੋੜ ਕੇ ਬੜੀ ਮੁਸ਼ਕਲ ਨਾਲ ਪਾਰ ਲਗਾਏ ਗਏ ਸਨ) ਫ਼ਿਰੋਜ਼ਪੁਰ, ਮੋਗਾ, ਲੁਧਿਆਣਾ, ਜਲੰਧਰ ਤੋਂ ਹੁੰਦਾ ਹੋਇਆ ਪੂਰੇ 33 ਦਿਨਾਂ ਬਾਅਦ ਅੰਮ੍ਰਿਤਸਰ ਜ਼ਿਲੇ ਦੇ ਆਪਣੇ ਪਿਛਲੇ ਪਿੰਡ 'ਤਲਾਵਾਂ' (ਹੁਣ, ਤਾਰਾਗੜ੍ਹ) ਪਹੁੰਚਿਆ ਸੀ। ਲੰਮੇਂ ਪੈਂਡੇ ਕਾਰਨ ਹੋਈ ਥਕਾਵਟ ਕਾਰਨ ਇੱਕ ਬਲ਼ਦ ਦੀ ਰਸਤੇ ਵਿੱਚ ਮੌਤ ਹੋ ਗਈ ਸੀ ਅਤੇ ਸਾਡੇ ਪਰਿਵਾਰ ਨੂੰ ਦੋ ਗੱਡਿਆਂ ਦੇ 'ਅਤੀ ਲੋੜੀਂਦੇ ਸਮਾਨ' ਵਿੱਚੋਂ ਕੁਝ 'ਗ਼ੈਰ ਜ਼ਰੂਰੀ ਸਮਾਨ' ਰਾਹ ਵਿੱਚ ਹੀ ਸੁੱਟਣਾ ਪਿਆ ਸੀ। ਸਮਾਨ ਦੀ ਗੱਲ ਛੱਡੋ, ਰਸਤੇ ਵਿੱਚ ਆਉਂਦਿਆਂ ਸਾਡੇ ਪਰਿਵਾਰ ਦੇ ਦੋ 'ਜੀਅ' (ਇੱਕ ਮੇਰਾ ਤਾਇਆ ਤੇ ਦੂਸਰਾ ਚਾਚਾ) ਵੀ ਇੱਧਰ ਨਹੀਂ ਪਹੁੰਚ ਸਕੇ ਸਨ। ਇੱਕ ਹਮਲਾਵਰਾਂ ਦੀ ਭੇਟ ਚੜ੍ਹ ਗਿਆ ਤੇ ਦੂਸਰਾ ਓਹਨੀਂ ਦਿਨੀਂ ਫ਼ੈਲੇ ਹੈਜ਼ੇ ਦੀ ਬੀਮਾਰੀ ਦੀ ਲਪੇਟ ਵਿੱਚ ਆ ਗਿਆ ਸੀ। ਉਸ 'ਮਾੜੇ ਵੇਲ਼ੇ' ਦੀਆਂ ਇਹ ਗੱਲਾਂ ਸਾਨੂੰ ਦੱਸਦਿਆਂ ਸਾਡੇ ਬਜ਼ੁਰਗਾਂ ਦਾ ਗ਼ਲ਼ਾ ਘਗਿਆ ਜਾਂਦਾ ਸੀ। ਉਹ ਅੱਗੋਂ ਬੋਲ ਨਾ ਪਾਉਂਦੇ ਤੇ ਉਨ੍ਹਾਂ ਦੀਆਂ ਅੱਖਾਂ 'ਚੋਂ ਨੀਰ ਛਮ-ਛਮ ਵਹਿਣ ਲੱਗ ਪੈਂਦਾ ਸੀ। ਇਹ ਸੁਣ ਕੇ ਅਸੀਂ ਵੀ ਆਪਣੇ ਅੱਥਰੂ ਪੂੰਝਦੇ।

1947 ਵਿੱਚ ਖੇਡੀ ਗਈ ਇਹ 'ਖ਼ੂਨੀ ਹੋਲੀ' ਬਿਲਕੁਲ 'ਅਸਾਵੀਂ ਖੇਡ' ਸੀ। ਕਾਫ਼ਲਿਆਂ ਵਿੱਚ ਜਾ ਰਹੇ ਲੋਕ ਨਿਹੱਥੇ ਸਨ ਅਤੇ ਦੂਸਰੇ ਪਾਸੇ ਹਮਲਾਵਰਾਂ ਕੋਲ ਨੇਜ਼ੇ, ਬਰਛੇ, ਤਲਵਾਰਾਂ, ਦਾਤਰ ਤੇ ਕਈ ਹੋਰ ਹਥਿਆਰ ਸਨ। ਇਸ ਲਈ ਨੁਕਸਾਨ ਨਿਹੱਥੇ ਕਾਫ਼ਲਿਆਂ ਦਾ ਹੀ ਹੋਇਆ। ਇਸ ਖ਼ੂਨੀ ਹੋਲੀ ਨੂੰ ਲੇਖਿਕਾ ਨੇ ਇਸ ਪੁਸਤਕ ਦੀ ਕਵਿਤਾ 'ਅਸਾਵੀਂ ਖੇਡ' ਵਿੱਚ ਇੰਜ ਪੇਸ਼ ਕੀਤਾ ਹੈ:

ਸੀਨਿਆਂ ਵਿੱਚੋਂ
ਥੱਕ ਕੇ ਡਿੱਗੀ ਬਰਛੀ ਦੇ ਨਾਲ
ਡਾਡ ਬਾਲ ਦੀ ਗੱਲਾਂ ਕਰਦੀ।
(ਪੰਨਾ-34)

ਬਾਲੜੀ ਉਮਰ ਵਿੱਚ ਬੱਚਾ ਉਸ ਧਾਰਮਿਕ ਜਨੂੰਨ ਦੇ ਨਾਲ ਸ਼ੁਰੂ ਹੋਈ ਦੀ ਇਸ 'ਵੰਡ' ਨੂੰ ਕਿਵੇਂ ਸਮਝ ਸਕਦਾ ਹੈ:

ਅਜੇ ਮੈਂ ਦੋਧੇ ਦੰਦਾਂ ਜਿੱਡਾ
ਅਜੇ ਮੈਂ ਅਲਫ਼-ਬੇ, ਊੜਾ-ਐੜਾ
ਬਿਨ-ਪੂਰਨੇ ਸਿੱਖਿਆ ਨਾ
ਅੰਮੀ-ਬਾਪੂ ਦਾ ਲੜ ਛੱਡ ਕੇ
ਅਜੇ ਮੈਂ ਤੁਰਨਾ ਸਿੱਖਿਆ ਨਾ
ਅਜੇ ਨਾ ਬੰਨ੍ਹ ਨਿਸ਼ਾਨਾ ਬੰਟੇ ਫੁੰਡੇ
ਨਾ ਗੁੱਲੀ ਨੂੰ ਟੁੱਲਾ ਲਾਇਆ
ਸੌ ਦੀ ਗਿਣਤੀ ਅਜੇ ਨਾ ਪੱਕੀ
ਕਿੰਜ ਸਮਝਾਂਗਾ 'ਵੰਡ-ਤਕਸੀਮਾ'। (ਪੰਨਾ-34)

ਇਸ ਚੰਦਰੀ ਵੰਡ ਦੀ ਮਾਰ ਝੱਲਣ ਵਾਲੇ ਬਹੁਤ ਸਾਰੇ ਬਜ਼ੁਰਗ 'ਬਾਰਾਂ', ਰਾਵਲਪਿੰਡੀ, ਮੁਲਤਾਨ ਤੇ ਸਿੰਧ ਦੀਆਂ ਗੱਲਾਂ ਕਰਦੇ ਕਰਦੇ ਆਪਣੇ ਅਤੀਤ ਵਿੱਚ ਖੋ ਜਾਂਦੇ ਸਨ। ਏਸੇ ਤਰ੍ਹਾਂ 'ਦਾਦੀ ਦਾ ਚਰਖ਼ਾ' ਨਾਮਕ ਕਵਿਤਾ ਵਿੱਚ ਲੇਖਿਕਾ ਦੀ ਦਾਦੀ ਚਰਖ਼ਾ ਕੱਤਦੀ ਬੀਤੇ ਦੀਆਂ ਸੋਚਾਂ ਦੇ ਵਹਿਣ ਵਿੱਚ ਵਹਿ ਜਾਂਦੀ ਹੈ ਤੇ ਚਰਖ਼ੇ ਨੂੰ ਪੁੱਠਾ ਗੇੜਨ ਲੱਗਦੀ ਹੈ, ਜਿਸ ਨਾਲ ਕੱਤੀ ਜਾ ਰਹੀ ਛੱਲੀ ਉਧੜਨ ਲੱਗਦੀ ਹੈ। ਲੇਖਿਕਾ ਨੂੰ ਲੱਗਦਾ ਹੈ, ਜਿਵੇਂ ਉਸਦੀ ਦਾਦੀ 'ਵਕਤ' ਨੂੰ 'ਪੁੱਠਾ ਗੇੜ' ਦੇਣ ਦੀ ਕੋਸ਼ਿਸ਼ ਕਰ ਰਹੀ ਹੋਵੇ :

ਮੇਰੀ ਅੰਮਾਂ ਚਰਖ਼ਾ ਕੱਤਦੀ-ਕੱਤਦੀ
ਪੁੱਠਾ ਘੁਮਾਉਣ ਲੱਗਦੀ
ਤੱਕਲੇ 'ਤੇ ਛੱਲੀ ਉੱਧੜਨ ਲੱਗਦੀ

ਅੰਮਾਂ ਆਂਹਦੀ; ਜੀਅ ਕਰਦਾ
ਚਰਖ਼ੇ ਵਾਂਗ
ਵਕਤ ਪੁੱਠਾ ਗੇੜ ਦੇਵਾਂ
ਵੰਡ ਹੱਲੇ ਉਧੇੜ ਦੇਵਾਂ
ਲੋਕਾਂ ਢਾਵ੍ਹਾਂ ਹੱਦਾਂ ਉਖੇੜ ਦੇਵਾਂ। (ਪੰਨਾ-61)

ਇਸ 'ਕਿਤਾਬਚੇ' ਵਿੱਚ ਜਿੱਥੇ 'ਰਕਤ ਰੇਖਾ, 'ਵੇਲ਼ਾ ਮਾੜਾ', 'ਸੰਸਾ', 'ਰਾਵੀ', 'ਬੇ-ਅੰਬਰੀਆਂ', 'ਅੱਧੀ ਰਾਤੋਂ', 'ਅਸਾਵੀਂ ਖੇਡ', 'ਖਿੱਲਰੇ ਮੋਤੀ', 'ਦਾਦੀ ਦਾ ਚਰਖ਼ਾ', 'ਆਖ਼ਰੀ ਪੜਾਅ' ਤੇ 'ਕਿਤੇ-ਕਿਤੇ' ਵਰਗੀਆਂ ਦਰਦ ਤੇ ਭਾਵੁਕਤਾ ਨਾਲ ਭਰਪੂਰ ਕਵਿਤਾਵਾਂ ਹਨ, ਉੱਥੇ ਵਾਰਤਕ ਦੀਆਂ ਕੁਝ ਟੁਕੜੀਆਂ 'ਕਹਾਣੀਆਂ ਨਹੀਂ, ਵਾਰਦਾਤਾਂ ਨੇ', 'ਮੇਰੀ ਮਾਂ ਦਾ ਆਰਿਫ਼ਵਾਲ਼', 'ਆਜ਼ਾਦੀ ਦਾ ਲੇਖ' ਤੇ 'ਸਾਡਾ ਦੇਸ' ਵੀ ਵੰਡ ਦਾ ਇਸ ਦਰਦ ਨੂੰ ਬਾਖ਼ੂਬੀ ਬਿਆਨ ਕਰਦੀਆਂ ਹਨ। ਇਸ ਤਰ੍ਹਾਂ ਇਸ ਕਿਤਾਬੜੀ ਨੂੰ ਕਵਿਤਾ ਅਤੇ ਵਾਰਤਕ ਦਾ ਵਧੀਆ ਸੁਮੇਲ ਕਿਹਾ ਜਾ ਸਕਦਾ ਹੈ, ਜਿਸ ਵਿੱਚ ਲੇਖਿਕਾ ਸੁਰਿੰਦਰ ਗਿੱਲ ਜੈਪਾਲ ਵੱਲੋਂ 1947 ਦੀ 'ਖ਼ੂਨੀ ਵੰਡ' ਦਾ ਦਰਦ ਅਤੇ ਪੁਰਖ਼ਿਆਂ ਦੀ ਪੀੜਾ ਨੂੰ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਕਿਤਾਬ ਦੀ ਭੂਮਿਕਾ ਕਿਸੇ ਹੋਰ ਵੱਲੋਂ ਨਹੀਂ, ਸਗੋਂ ਲੇਖਿਕਾ ਦੀ ਬੇਟੀ ਸੰਗੀਤਾ ਤੂਰ ਵੱਲੋਂ ਸੰਖੇਪ ਪਰ ਬੜੇ ਭਾਵਪੂਰਤ ਸ਼ਬਦਾਂ ਵਿੱਚ ਲਿਖੀ ਗਈ ਹੈ।

ਉਹ ਕਹਿੰਦੀ ਹੈ :"ਇਹਦੇ ਵਿੱਚ ਮੇਰੀ ਮਾਂ ਦੇ ਬਚਪਨ ਦੇ ਉਹ ਟੋਟੇ ਹਨ ਜੋ ਉਨ੍ਹਾਂ ਦੇ ਪਰਿਵਾਰਾਂ ਦੇ ਵੰਡ-ਵਿਛੋੜੇ, ਤੋੜ-ਮਰੋੜੇ ਦਰਦਾਂ ਦੇ ਬਿਆਨ ਹਨ। ਕੁਝ ਨਕਸ਼ੇ ਹਨ ਜੋ ਪਰਿਵਾਰਾਂ ਦੀਆਂ 'ਸੰਤਾਲੀ' ਦੀ ਸਰਹੱਦ ਦੇ ਉਰਲੇ ਤੇ ਪਰਲੇ ਪਾਸੇ ਦੀਆਂ ਪੈੜਾਂ ਹਨ।" 'ਵੰਡ' ਦੇ ਦੁਖਾਂਤ ਨੂੰ ਅਤੀ-ਭਾਵੁਕ ਸ਼ਬਦਾਂ ਵਿੱਚ ਬਿਆਨ ਕਰਦੀ ਇਹ ਪੁਸਤਕ ਪੰਜਾਬੀ ਪਾਠਕਾਂ ਦੇ ਸਨਮੁਖ ਕਰਨ 'ਤੇ ਮੈਂ ਸੁਰਿੰਦਰ ਗਿੱਲ ਜੈਪਾਨ ਨੂੰ ਉਨ੍ਹਾਂ ਦੇ ਇਸ ਉਪਰਾਲੇ ਲਈ ਹਾਰਦਿਕ ਮੁਬਾਰਬਾਦ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਅੱਗੋਂ ਵੀ ਉਸ ਦੀ ਕਲਮ ਅਜਿਹੇ ਸਾਰਥਿਕ ਉਪਰਾਲੇ ਕਰਦੀ ਰਹੇਗੀ।









# ਕਵਾਂਟਮ ਅਮਰਤਾ
## (ਵਿਗਿਆਨ, ਦਰਸ਼ਨ ਜਾਂ ਇੱਕ ਦਿਲਚਸਪ ਭਰਮ?)



ਮਨੁੱਖੀ ਸਭਿਆਚਾਰ ਦੇ ਆਰੰਭ ਤੋਂ ਹੀ ਮਨੁੱਖ ਇੱਕ ਅਜਿਹੇ ਪ੍ਰਸ਼ਨ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰਦਾ ਆਇਆ ਹੈ, ਜਿਸ ਦਾ ਜਵਾਬ ਅਜੇ ਵੀ ਰਹੱਸਵਾਦੀ ਬਣਿਆ ਹੋਇਆ ਹੈ—ਮੌਤ ਤੋਂ ਬਾਅਦ ਕੀ ਹੁੰਦਾ ਹੈ? ਇਸ ਸਵਾਲ ਦਾ ਜਵਾਬ ਲੱਭਣ ਲਈ ਧਰਮ, ਦਰਸ਼ਨ ਸ਼ਾਸਤਰ ਅਤੇ ਵਿਗਿਆਨ ਨੇ ਆਪਣੇ-ਆਪਣੇ ਤਰੀਕੇ ਨਾਲ ਅਨੇਕਾਂ ਸਿਧਾਂਤ ਪੇਸ਼ ਕੀਤੇ ਹਨ। ਆਧੁਨਿਕ ਵਿਗਿਆਨ ਵਿੱਚ ਉੱਭਰੀਆਂ ਸਭ ਤੋਂ ਦਿਲਚਸਪ ਧਾਰਨਾਵਾਂ ਵਿੱਚੋਂ ਇੱਕ ਹੈ "ਕਵਾਂਟਮ ਅਮਰਤਾ (Quantum Immortality)"। ਇਸ ਵਿਚਾਰ ਨੇ ਵਿਗਿਆਨੀਆਂ, ਦਾਰਸ਼ਨਿਕਾਂ ਅਤੇ ਵਿਗਿਆਨਕ ਕਲਪਨਾ (Science Fiction) ਦੇ ਲੇਖਕਾਂ ਦਾ ਧਿਆਨ ਬਰਾਬਰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਪਰ ਕੀ ਇਹ ਅਸਲ ਵਿੱਚ ਵਿਗਿਆਨ ਹੈ ਜਾਂ ਸਿਰਫ਼ ਕਵਾਂਟਮ ਭੌਤਿਕੀ ਦੀ ਇੱਕ ਰੋਮਾਂਚਕ ਵਿਆਖਿਆ?

ਕਵਾਂਟਮ ਅਮਰਤਾ ਕੋਈ ਸਥਾਪਿਤ ਵਿਗਿਆਨਕ ਸੱਚਾਈ ਨਹੀਂ ਹੈ। ਇਹ ਇੱਕ ਵਿਚਾਰ-ਪ੍ਰਯੋਗ (Thought Experiment) ਹੈ, ਜੋ ਕਵਾਂਟਮ ਮਕੈਨਿਕਸ ਦੀ "ਮੈਨੀ ਵਰਲਡਜ਼ ਇੰਟਰਪ੍ਰੀਟੇਸ਼ਨ (Many-Worlds Interpretation)" ਤੋਂ ਜਨਮ ਲੈਂਦਾ ਹੈ। ਇਸ ਵਿਆਖਿਆ ਅਨੁਸਾਰ ਹਰ ਕਵਾਂਟਮ ਘਟਨਾ ਨਾਲ ਬ੍ਰਹਿਮੰਡ ਕਈ ਸੰਭਾਵਿਤ ਹਕੀਕਤਾਂ ਵਿੱਚ ਵੰਡ ਜਾਂਦਾ ਹੈ। ਭਾਵ, ਭਵਿੱਖ ਸਿਰਫ਼ ਇੱਕ ਨਹੀਂ ਹੁੰਦਾ, ਸਗੋਂ ਬੇਅੰਤ ਸੰਭਾਵਨਾਵਾਂ ਇੱਕੋ ਸਮੇਂ ਮੌਜੂਦ ਹੋ ਸਕਦੀਆਂ ਹਨ।

ਇਸ ਸਿਧਾਂਤ ਦੇ ਸਮਰੱਥਕਾਂ ਦਾ ਮੰਨਣਾ ਹੈ ਕਿ ਜਦੋਂ ਵੀ ਕੋਈ ਜੀਵਨ-ਮੌਤ ਵਾਲੀ ਸਥਿਤੀ ਪੈਦਾ ਹੁੰਦੀ ਹੈ, ਤਾਂ ਚੇਤਨਾ ਉਸੇ ਬ੍ਰਹਿਮੰਡ ਵਿੱਚ ਜਾਰੀ ਰਹਿੰਦੀ ਹੈ ਜਿੱਥੇ ਵਿਅਕਤੀ ਬੱਚ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਵਿਅਕਤੀ ਆਪਣੇ ਅਨੁਭਵ ਅਨੁਸਾਰ ਕਦੇ ਆਪਣੀ ਮੌਤ ਦਾ ਅਹਿਸਾਸ ਨਹੀਂ ਕਰਦਾ, ਕਿਉਂਕਿ ਉਸ ਦੀ ਚੇਤਨਾ ਹਮੇਸ਼ਾਂ ਉਸ ਹਕੀਕਤ ਵਿੱਚ ਅੱਗੇ ਵੱਧਦੀ ਹੈ ਜਿੱਥੇ ਉਹ ਜੀਵਿਤ ਰਹਿੰਦਾ ਹੈ। ਹਾਲਾਂਕਿ ਕਿਸੇ ਹੋਰ ਸਮਾਨਾਂਤਰ ਬ੍ਰਹਿਮੰਡ ਵਿੱਚ ਲੋਕ ਉਸ ਦੀ ਮੌਤ ਦੇ ਗਵਾਹ ਹੋ ਸਕਦੇ ਹਨ।

ਇਹ ਵਿਚਾਰ ਸੁਣਨ ਵਿੱਚ ਜਿੰਨਾ ਅਦਭੁੱਤ ਲੱਗਦਾ ਹੈ, ਉਹਨਾਂ ਹੀ ਅਨੁਮਾਨਾਂ 'ਤੇ ਆਧਾਰਿਤ ਵੀ ਹੈ। ਅਜੇ ਤੱਕ ਕੋਈ ਵੀ ਪ੍ਰਯੋਗਾਤਮਕ ਸਬੂਤ ਇਹ ਸਾਬਤ ਨਹੀਂ ਕਰ ਸਕਿਆ ਕਿ ਸਮਾਨਾਂਤਰ ਬ੍ਰਹਿਮੰਡਾਂ ਦੀ ਹੋਂਦ ਹੈ ਜਾਂ ਮਨੁੱਖੀ ਚੇਤਨਾ ਇੱਕ ਬ੍ਰਹਿਮੰਡ ਤੋਂ ਦੂਜੇ ਵਿੱਚ ਜਾ ਸਕਦੀ ਹੈ। ਇਸੇ ਲਈ ਜ਼ਿਆਦਾਤਰ ਭੌਤਿਕ ਵਿਗਿਆਨੀ ਕਵਾਂਟਮ ਅਮਰਤਾ ਨੂੰ ਵਿਗਿਆਨਕ ਸੱਚਾਈ ਦੀ ਬਜਾਏ ਇੱਕ ਦਿਲਚਸਪ ਦਾਰਸ਼ਨਿਕ ਸੰਭਾਵਨਾ ਮੰਨਦੇ ਹਨ।

ਇਸ ਧਾਰਨਾ ਦੀ ਲੋਕਪ੍ਰਿਯਤਾ ਦਾ ਇੱਕ ਕਾਰਨ ਇਹ ਵੀ ਹੈ ਕਿ ਇਹ ਮਨੁੱਖੀ ਚੇਤਨਾ ਦੀ ਸਮਝ ਨੂੰ ਚੁਣੌਤੀ ਦਿੰਦੀ ਹੈ। ਅੱਜ ਵੀ ਵਿਗਿਆਨ ਇਹ ਪੂਰੀ ਤਰ੍ਹਾਂ ਨਹੀਂ ਸਮਝ ਸਕਿਆ ਕਿ ਚੇਤਨਾ ਮਨੁੱਖੀ ਦਿਮਾਗ ਵਿੱਚ ਕਿਵੇਂ ਪੈਦਾ ਹੁੰਦੀ ਹੈ। ਜਦੋਂ ਤੱਕ ਇਸ ਮੂਲ ਪ੍ਰਸ਼ਨ ਦਾ ਜਵਾਬ ਨਹੀਂ ਮਿਲਦਾ, ਤਦ ਤੱਕ ਚੇਤਨਾ ਨੂੰ ਕਵਾਂਟਮ ਭੌਤਿਕੀ ਨਾਲ ਜੋੜਨਾ ਕੇਵਲ ਇੱਕ ਸਿਧਾਂਤ ਹੀ ਰਹੇਗਾ।

ਮਨੋਵਿਗਿਆਨਕ ਪੱਖ ਤੋਂ ਵੇਖਿਆ ਜਾਵੇ ਤਾਂ ਕਵਾਂਟਮ ਅਮਰਤਾ ਮਨੁੱਖ ਦੀ ਸਭ ਤੋਂ ਮਜ਼ਬੂਤ ਪ੍ਰਵਿਰਤੀ—ਜੀਉਂਦੇ ਰਹਿਣ ਦੀ ਇੱਛਾ—ਨੂੰ ਸੰਬੋਧਿਤ ਕਰਦੀ ਹੈ। ਮੌਤ ਦਾ ਡਰ ਮਨੁੱਖੀ ਮਨ ਵਿੱਚ ਡੂੰਘਾਈ ਨਾਲ ਵੱਸਿਆ ਹੋਇਆ ਹੈ। ਇਸ ਲਈ ਕੋਈ ਵੀ ਅਜਿਹਾ ਸਿਧਾਂਤ ਜੋ ਇਹ ਸੰਕੇਤ ਦੇਵੇ ਕਿ ਸ਼ਾਇਦ ਮੌਤ ਦਾ ਅਨੁਭਵ ਕਦੇ ਨਹੀਂ ਹੋਵੇਗਾ, ਲੋਕਾਂ ਨੂੰ ਸੁਭਾਵਿਕ ਤੌਰ 'ਤੇ ਆਪਣੇ ਵੱਲ ਖਿੱਚਦਾ ਹੈ। ਪਰ ਮਨੋਵਿਗਿਆਨਕ ਆਕਰਸ਼ਣ ਨੂੰ ਕਦੇ ਵੀ ਵਿਗਿਆਨਕ ਸਬੂਤ ਨਹੀਂ ਮੰਨਿਆ ਜਾ ਸਕਦਾ।

ਇਸ ਧਾਰਨਾ ਦਾ ਇੱਕ ਹੋਰ ਪੱਖ ਇਸ ਦੀ ਗਲਤ ਵਿਆਖਿਆ ਹੈ। ਕੁਝ ਲੋਕ ਇਹ ਮੰਨ ਲੈਂਦੇ ਹਨ ਕਿ ਕਵਾਂਟਮ ਅਮਰਤਾ ਦਾ ਅਰਥ ਹੈ ਕਿ ਮਨੁੱਖ ਕਿਸੇ ਵੀ ਹਾਲਤ ਵਿੱਚ ਨਹੀਂ ਮਰ ਸਕਦਾ। ਇਹ ਨਾ ਸਿਰਫ਼ ਵਿਗਿਆਨਕ ਤੌਰ 'ਤੇ ਗਲਤ ਹੈ, ਸਗੋਂ ਬਹੁਤ ਖ਼ਤਰਨਾਕ ਵੀ ਹੈ। ਇਸ ਵਿਚਾਰ ਨੂੰ ਕਦੇ ਵੀ ਜੋਖ਼ਿਮ ਭਰੇ ਜਾਂ ਲਾਪਰਵਾਹ ਵਿਉਹਾਰ ਦਾ ਆਧਾਰ ਨਹੀਂ ਬਣਾਇਆ ਜਾਣਾ ਚਾਹੀਦਾ।

ਇਹ ਸੱਚ ਹੈ ਕਿ ਕਵਾਂਟਮ ਮਕੈਨਿਕਸ ਨੇ ਸੂਖਮ ਕਣਾਂ ਦੇ ਵਿਉਹਾਰ ਨੂੰ ਸਮਝਣ ਵਿੱਚ ਅਦਭੁੱਤ ਸਫ਼ਲਤਾ ਹਾਸਲ ਕੀਤੀ ਹੈ ਅਤੇ ਇਸ ਦੇ ਆਧਾਰ 'ਤੇ ਸੈਮੀਕੰਡਕਟਰ, ਲੇਜ਼ਰ ਅਤੇ ਕਵਾਂਟਮ ਕੰਪਿਊਟਿੰਗ ਵਰਗੀਆਂ ਕ੍ਰਾਂਤੀਕਾਰੀ ਤਕਨੀਕਾਂ ਵਿਕਸਿਤ ਹੋਈਆਂ ਹਨ। ਪਰ ਇਨ੍ਹਾਂ ਸਿਧਾਂਤਾਂ ਨੂੰ ਸਿੱਧੇ ਤੌਰ 'ਤੇ ਮਨੁੱਖੀ ਚੇਤਨਾ ਜਾਂ ਅਮਰਤਾ ਨਾਲ ਜੋੜਨਾ ਮੌਜੂਦਾ ਵਿਗਿਆਨਕ ਸਬੂਤਾਂ ਤੋਂ ਕਾਫ਼ੀ ਅੱਗੇ ਦੀ ਗੱਲ ਹੈ।

ਦਾਰਸ਼ਨਿਕ ਪੱਖ ਤੋਂ ਕਵਾਂਟਮ ਅਮਰਤਾ ਕਈ ਡੂੰਘੇ ਪ੍ਰਸ਼ਨ ਖੜ੍ਹੇ ਕਰਦੀ ਹੈ। ਜੇਕਰ ਸਾਡੇ ਅਨੇਕਾਂ ਰੂਪ ਵੱਖ-ਵੱਖ ਬ੍ਰਹਿਮੰਡਾਂ ਵਿੱਚ ਮੌਜੂਦ ਹਨ, ਤਾਂ ਅਸਲ "ਮੈਂ" ਕੌਣ ਹਾਂ? ਕੀ ਸਾਡੀ ਪਛਾਣ ਸਿਰਫ਼ ਬੇਅੰਤ ਸੰਭਾਵਨਾਵਾਂ ਵਿੱਚੋਂ ਇੱਕ ਹੈ? ਕੀ ਚੇਤਨਾ ਸਰੀਰ ਅਤੇ ਦਿਮਾਗ ਤੋਂ ਸੁਤੰਤਰ ਤੌਰ 'ਤੇ ਵੀ ਮੌਜੂਦ ਰਹਿ ਸਕਦੀ ਹੈ? ਇਹ ਸਾਰੇ ਪ੍ਰਸ਼ਨ ਅਜੇ ਵੀ ਖ਼ੋਜ ਅਤੇ ਵਿਚਾਰ-ਵਟਾਂਦਰੇ ਦਾ ਵਿਸ਼ਾ ਹਨ।

ਧਾਰਮਿਕ ਪਰੰਪਰਾਵਾਂ ਵੀ ਮੌਤ ਤੋਂ ਬਾਅਦ ਦੇ ਜੀਵਨ ਬਾਰੇ ਵੱਖ-ਵੱਖ ਵਿਚਾਰ ਪੇਸ਼ ਕਰਦੀਆਂ ਹਨ। ਕਈ ਧਰਮ ਆਤਮਾ ਦੀ ਅਮਰਤਾ, ਪੁਨਰਜਨਮ ਜਾਂ ਸਦੀਵੀ ਪਰਲੋਕ ਵਿੱਚ ਵਿਸ਼ਵਾਸ ਰੱਖਦੇ ਹਨ। ਪਰ ਕਵਾਂਟਮ ਅਮਰਤਾ ਇਨ੍ਹਾਂ ਧਾਰਨਾਵਾਂ ਤੋਂ ਵੱਖਰੀ ਹੈ, ਕਿਉਂਕਿ ਇਹ ਅਧਿਆਤਮਿਕ ਵਿਸ਼ਵਾਸਾਂ ਦੀ ਬਜਾਏ ਕਵਾਂਟਮ ਭੌਤਿਕੀ ਦੀ ਇੱਕ ਵਿਆਖਿਆ 'ਤੇ ਆਧਾਰਿਤ ਹੈ।

ਆਧੁਨਿਕ ਨਿਊਰੋਸਾਇੰਸ ਇਸ ਵਿਸ਼ੇ 'ਤੇ ਹੋਰ ਵੀ ਸਾਵਧਾਨ ਰਵੱਈਆ ਅਪਣਾਉਂਦੀ ਹੈ। ਵਿਗਿਆਨਕ ਖੋਜਾਂ ਦਰਸਾਉਂਦੀਆਂ ਹਨ ਕਿ ਚੇਤਨਾ ਅਤੇ ਦਿਮਾਗੀ ਕਿਰਿਆਵਾਂ ਦਾ ਆਪਸੀ ਸੰਬੰਧ ਬਹੁਤ ਗੂੜ੍ਹਾ ਹੈ। ਜਦੋਂ ਦਿਮਾਗ ਦੀ ਕਿਰਿਆ ਸਥਾਈ ਤੌਰ 'ਤੇ ਬੰਦ ਹੋ ਜਾਂਦੀ ਹੈ, ਤਾਂ ਮੌਜੂਦਾ ਡਾਕਟਰੀ ਸਬੂਤਾਂ ਅਨੁਸਾਰ ਚੇਤਨਾ ਵੀ ਸਮਾਪਤ ਹੋ ਜਾਂਦੀ ਹੈ। ਅਜੇ ਤੱਕ ਕੋਈ ਅਜਿਹਾ ਵਿਗਿਆਨਕ ਅਧਿਐਨ ਸਾਹਮਣੇ ਨਹੀਂ ਆਇਆ ਜੋ ਇਹ ਸਾਬਤ ਕਰ ਸਕੇ ਕਿ ਜੀਵ-ਵਿਗਿਆਨਕ ਮੌਤ ਤੋਂ ਬਾਅਦ ਚੇਤਨਾ ਕਿਸੇ ਹੋਰ ਬ੍ਰਹਿਮੰਡ ਵਿੱਚ ਜਾਰੀ ਰਹਿੰਦੀ ਹੈ।

ਫਿਰ ਵੀ, ਵਿਗਿਆਨ ਦੀ ਤਰੱਕੀ ਹਮੇਸ਼ਾਂ ਨਵੇਂ ਅਤੇ ਸਾਹਸੀ ਵਿਚਾਰਾਂ ਨਾਲ ਹੀ ਹੋਈ ਹੈ। ਕਈ ਅਜਿਹੇ ਵਿਚਾਰ, ਜੋ ਕਦੇ ਅਸੰਭਵ ਮੰਨੇ ਜਾਂਦੇ ਸਨ, ਬਾਅਦ ਵਿੱਚ ਸਬੂਤਾਂ ਦੇ ਆਧਾਰ 'ਤੇ ਸਵੀਕਾਰ ਕੀਤੇ ਗਏ। ਇਸ ਲਈ ਕਵਾਂਟਮ ਅਮਰਤਾ ਨੂੰ ਸਿਰਫ਼ ਇਸ ਲਈ ਰੱਦ ਨਹੀਂ ਕੀਤਾ ਜਾ ਸਕਦਾ ਕਿ ਇਹ ਅਸਾਧਾਰਣ ਲੱਗਦੀ ਹੈ। ਪਰ ਇਹ ਵੀ ਉਤਨਾ ਹੀ ਸੱਚ ਹੈ ਕਿ ਅਸਾਧਾਰਣ ਦਾਅਵਿਆਂ ਲਈ ਅਸਾਧਾਰਣ ਸਬੂਤਾਂ ਦੀ ਲੋੜ ਹੁੰਦੀ ਹੈ। ਜਦੋਂ ਤੱਕ ਅਜਿਹੇ ਸਬੂਤ ਨਹੀਂ ਮਿਲਦੇ, ਇਸ ਨੂੰ ਇੱਕ ਦਿਲਚਸਪ ਪਰਿਕਲਪਨਾ ਹੀ ਮੰਨਿਆ ਜਾਣਾ ਚਾਹੀਦਾ ਹੈ।

ਇਹ ਵਿਚਾਰ ਸਾਨੂੰ ਇੱਕ ਹੋਰ ਮਹੱਤਵਪੂਰਨ ਸਬਕ ਵੀ ਸਿਖਾਉਂਦਾ ਹੈ। ਮੌਤ ਤੋਂ ਬਾਅਦ ਕੀ ਹੁੰਦਾ ਹੈ, ਇਸ ਬਾਰੇ ਨਿਸ਼ਚਿਤ ਜਵਾਬ ਲੱਭਣ ਦੀ ਬਜਾਏ ਮਨੁੱਖ ਲਈ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਉਹ ਆਪਣਾ ਮੌਜੂਦਾ ਜੀਵਨ ਅਰਥਪੂਰਨ, ਦਇਆਲੂ ਅਤੇ ਉਦੇਸ਼ਪੂਰਨ ਬਣਾਏ। ਚਾਹੇ ਚੇਤਨਾ ਮੌਤ ਨਾਲ ਸਮਾਪਤ ਹੋ ਜਾਵੇ, ਅਧਿਆਤਮਿਕ ਰੂਪ ਵਿੱਚ ਜਾਰੀ ਰਹੇ ਜਾਂ ਕਿਸੇ ਅਣਜਾਣ ਭੌਤਿਕ ਪ੍ਰਕਿਰਿਆ ਰਾਹੀਂ ਅੱਗੇ ਵਧੇ—ਸਭ ਤੋਂ ਵੱਧ ਮਹੱਤਵ ਸਾਡੇ ਮੌਜੂਦਾ ਕਰਮਾਂ ਦਾ ਹੀ ਹੈ।

ਕਵਾਂਟਮ ਅਮਰਤਾ ਆਧੁਨਿਕ ਕਵਾਂਟਮ ਭੌਤਿਕੀ ਦੀਆਂ ਸਭ ਤੋਂ ਰੌਚਕ ਧਾਰਨਾਵਾਂ ਵਿੱਚੋਂ ਇੱਕ ਹੈ। ਇਹ ਵਿਗਿਆਨ, ਦਰਸ਼ਨ ਸ਼ਾਸਤਰ ਅਤੇ ਮਨੋਵਿਗਿਆਨ ਨੂੰ ਇੱਕ ਅਜਿਹੇ ਵਿਚਾਰ ਵਿੱਚ ਜੋੜਦੀ ਹੈ ਜੋ ਮਨੁੱਖ ਨੂੰ ਆਪਣੀ ਹੋਂਦ ਬਾਰੇ ਡੂੰਘਾਈ ਨਾਲ ਸੋਚਣ ਲਈ ਪ੍ਰੇਰਿਤ ਕਰਦਾ ਹੈ। ਪਰ ਮੌਜੂਦਾ ਸਮੇਂ ਤੱਕ ਇਸ ਦੇ ਹੱਕ ਵਿੱਚ ਕੋਈ ਭਰੋਸੇਯੋਗ ਵਿਗਿਆਨਕ ਸਬੂਤ ਉਪਲੱਬਧ ਨਹੀਂ ਹਨ। ਇਸ ਲਈ ਇਸ ਨੂੰ ਸਥਾਪਿਤ ਵਿਗਿਆਨਕ ਸਿਧਾਂਤ ਦੀ ਬਜਾਏ ਇੱਕ ਦਿਲਚਸਪ ਬੌਧਿਕ ਕਲਪਨਾ ਵਜੋਂ ਹੀ ਦੇਖਣਾ ਚਾਹੀਦਾ ਹੈ।

ਸ਼ਾਇਦ ਕਵਾਂਟਮ ਅਮਰਤਾ ਦਾ ਸਭ ਤੋਂ ਵੱਡਾ ਸੰਦੇਸ਼ ਇਹ ਨਹੀਂ ਕਿ ਮਨੁੱਖ ਕਦੇ ਨਹੀਂ ਮਰਦਾ, ਸਗੋਂ ਇਹ ਹੈ ਕਿ ਚੇਤਨਾ ਅਤੇ ਬ੍ਰਹਿਮੰਡ ਦੇ ਰਹੱਸ ਅਜੇ ਵੀ ਸਾਡੀ ਸਮਝ ਤੋਂ ਕਿਤੇ ਵੱਧ ਡੂੰਘੇ ਹਨ। ਵਿਗਿਆਨ ਦੀ ਅਸਲ ਤਾਕਤ ਤੱਥਾਂ ਦੀ ਨਿਰਪੱਖ ਜਾਂਚ ਅਤੇ ਠੋਸ ਸਬੂਤਾਂ ਵਿੱਚ ਹੈ, ਨਾ ਕਿ ਇੱਛਾਵਾਂ ਜਾਂ ਕਲਪਨਾਵਾਂ ਵਿੱਚ। ਜਦੋਂ ਤੱਕ ਮਜ਼ਬੂਤ ਵਿਗਿਆਨਕ ਸਬੂਤ ਉਪਲੱਬਧ ਨਹੀਂ ਹੁੰਦੇ, ਤਦ ਤੱਕ ਕਵਾਂਟਮ ਅਮਰਤਾ ਨੂੰ ਇੱਕ ਰੌਚਕ ਵਿਚਾਰ ਵਜੋਂ ਹੀ ਮੰਨਣਾ ਚਾਹੀਦਾ ਹੈ, ਜੋ ਸਾਨੂੰ ਹਕੀਕਤ ਬਾਰੇ ਨਵੇਂ ਪ੍ਰਸ਼ਨ ਪੁੱਛਣ ਲਈ ਪ੍ਰੇਰਿਤ ਕਰਦਾ ਹੈ, ਪਰ ਨਾਲ ਹੀ ਵਿਗਿਆਨਕ ਸੋਚ ਨਾਲ ਜੁੜੇ ਰਹਿਣ ਦੀ ਵੀ ਸਿੱਖਿਆ ਦਿੰਦਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਰੋਮ ਹਵਾਈ ਅੱਡੇ ਦੀਆਂ ਰੌਣਕਾਂ




ਏਆਈ ਗਲੋਬਲ ਮੀਡੀਆ: (ਡਾ ਅਨਿਲ ਧੀਰ. ਸੋਸ਼ਲ ਐਕਟੀਵਿਸਟ. ਲੇਖਕ "ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ": ਰੋਮ ਫਿਉਮੀਚੀਨੋ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਲਿਓਨਾਰਡੋ ਦੇ ਵਿੰਚੀ ਇੰਟਰਨੈਸ਼ਨਲ ਹਵਾਈ ਅੱਡੇ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਇਹ ਇਟਲੀ ਦਾ ਸੱਭ ਤੋਂ ਵੱਡਾ ਵਿਅਸਤ ਹਵਾਈ ਅੱਡਾ ਹੈ। ਇਹ ਰੋਮ ਸ਼ਹਿਰ ਤੋਂ ਲਗਭਗ 30 ਕਿਲੋਮੀਟਰ ਦੂਰ ਸਥਿਤ ਹੈ ਅਤੇ ਹਰ ਸਾਲ ਕਰੋੜਾਂ ਯਾਤਰੀਆਂ ਦੀ ਆਵਾਜਾਈ ਦਾ ਕੇਂਦਰ ਬਣਦਾ ਹੈ। ਇਹ ਹਵਾਈ ਅੱਡਾ ਯੂਰਪ, ਏਸ਼ੀਆ, ਉੱਤਰੀ -ਦਖਣੀ ਅਮਰੀਕਾ, ਅਫਰੀਕਾ ਅਤੇ ਮੱਧ ਪੂਰਬ ਸਮੇਤ ਦੁਨੀਆ ਦੇ ਅਨੇਕਾਂ ਦੇਸ਼ਾਂ ਨਾਲ ਸਿੱਧਾ ਹਵਾਈ ਸੰਪਰਕ ਪ੍ਰਦਾਨ ਕਰਦਾ ਹੈ।

ਰੋਮ ਐਫਸੀਓ ਸਿਰਫ ਇੱਕ ਆਮ ਹਵਾਈ ਅੱਡਾ ਨਹੀਂ ਹੈ, ਸਗੋਂ ਇਹ ਇਟਲੀ ਦੀ ਕਲਾ, ਸੱਭਿਆਚਾਰ, ਆਧੁਨਿਕਤਾ ਅਤੇ ਮਹਿਮਾਨਨਵਾਜ਼ੀ ਦਾ ਪ੍ਰਤੀਕ ਹੈ। ਇੱਥੇ ਯਾਤਰੀਆਂ ਨੂੰ ਵਿਸ਼ਵ ਪੱਧਰੀ ਸੁਰੱਖਿਆ, ਸ਼ਾਨਦਾਰ ਖਰੀਦਦਾਰੀ, ਟੇਸਟੀ ਭੋਜਨ ਅਤੇ ਆਰਾਮਦਾਇਕ ਮਾਹੌਲ ਵੀ ਮਹਿਸੂਸ ਹੁੰਦਾ ਹੈ।

ਰੋਮ ਫਿਊਮੀਚੀਨੋ ਹਵਾਈ ਅੱਡੇ ਦੀ ਸ਼ੁਰੂਆਤ 1961 'ਚ ਕੀਤੀ ਗਈ ਸੀ। ਇਸ ਦਾ ਨਾਮ ਮਹਾਨ ਇਟਾਲੀਅਨ ਵਿਗਿਆਨੀ, ਚਿੱਤਰਕਾਰ ਅਤੇ ਖੋਜਕਾਰ ਲਿਓਨਾਰਡੋ ਦਾ ਵਿੰਚੀ ਦੇ ਸਨਮਾਨ 'ਚ ਰੱਖਿਆ ਗਿਆ। ਸਮੇਂ ਦੇ ਨਾਲ ਇਸ ਹਵਾਈ ਅੱਡੇ ਦਾ ਲਗਾਤਾਰ ਵਿਸਥਾਰ ਕੀਤਾ ਗਿਆ ਅਤੇ ਅੱਜ ਇਹ ਯੂਰਪ ਦੇ ਸੱਭ ਤੋਂ ਓੁੱਚ ਦਰਜੇ ਦੇ ਹਵਾਈ ਅੱਡਿਆਂ ਵਿੱਚੋ ਇੱਕ ਹੈ।

ਹਵਾਈ ਅੱਡੇ 'ਚ ਕਈ ਆਧੁਨਿਕ ਟਰਮੀਨਲ ਹਨ ਜੋ ਘਰੇਲੂ ਅਤੇ ਇੰਟਰਨੈਸ਼ਨਲ ਉਡਾਣਾਂ ਲਈ ਵਰਤੇ ਜਾਂਦੇ ਹਨ। ਵਿਸ਼ਾਲ ਚੈੱਕ-ਇਨ ਹਾਲ, ਡਿਜ਼ੀਟਲ ਜਾਣਕਾਰੀ ਸਕਰੀਨਾਂ, ਆਟੋਮੈਟਿਕ ਬੈਗੇਜ ਸਿਸਟਮ ਅਤੇ ਸਵੈ-ਚੈੱਕ-ਇਨ ਕਿਓਸਕ ਯਾਤਰੀਆਂ ਦੀ ਯਾਤਰਾ ਨੂੰ ਤੇਜ਼ ਅਤੇ ਸੁਵਿਧਾਜਨਕ ਬਣਾਉਂਦੇ ਹਨ।

ਰੋਮ ਐਫਸੀਓ ਹਵਾਈ ਅੱਡਾ ਖਰੀਦਦਾਰੀ ਲਈ ਵੀ ਮਸ਼ਹੂਰ ਹੈ। ਇੱਥੇ ਦੁਨੀਆ ਦੇ ਮਸ਼ਹੂਰ ਫੈਸ਼ਨ ਬ੍ਰਾਂਡ, ਇੱਤਰ, ਕਾਸਮੈਟਿਕਸ, ਘੜੀਆਂ, ਹੈਂਡਬੈਗ, ਗਹਿਣੇ, ਸਨਗਲਾਸ, ਚਾਕਲੇਟ, ਕੌਫੀ, ਇਟਾਲੀਅਨ ਵਾਈਨ, ਜੈਤੂਨ ਦਾ ਤੇਲ, ਓਤੇ ਹੋਰ ਯਾਦਗਾਰੀ ਚੀਜ਼ਾਂ ਮਿਲ ਜਾਂਦੀਆਂ ਹਨ। ਡਊਟੀ-ਫ੍ਰੀ ਖਰੀਦਦਾਰੀ ਕਈ ਪ੍ਰੋਡਕਟ ਟੈਕਸ-ਮੁਕਤ ਕੀਮਤਾਂ 'ਤੇ ਮਿਲਦੇ ਹਨ। ਜਿਸ ਨਾਲ ਯਾਤਰੀਆਂ ਨੂੰ ਵੱਧੀਆ ਕੀਮਤ 'ਚ ਚੰਗੀ ਕੁਆਲਿਟੀ ਮਿਲ ਜਾਂਦੀ ਹੈ।

ਇਸ ਹਵਾਈ ਅੱਡੇ 'ਤੇ ਵੱਖ-ਵੱਖ ਕਿਸਮ ਦਾ ਭੋਜਨ ਮਿਲ ਜਾਂਦਾ ਹੈ। ਇੱਥੇ ਅਸਲੀ ਇਟਾਲੀਅਨਪੀਜ਼ਾ, ਪਾਸਤਾ, ਰਿਸਟੋ, ਜੈਲਾਟੋ, ਪਨੀਨੀ, ਸਲਾਦ, ਸਮੁੰਦਰੀ ਭੋਜਨ, ਮਿੱਠੀਆਂ ਚੀਜ਼ਾਂ, ਅਤੇ ਹਾਈ ਕੁਅਲਿਟੀ ਕੌਫੀ, ਦਾ ਆਨੰਦ ਲਿਆ ਜਾ ਸਕਦਾ ਹੈ। ਸ਼ਾਕਾਹਾਰੀ, ਵੀਗਨ ਅਤੇ ਗਲੂਟਨ-ਫ੍ਰੀ ਭੋਜਨ ਵੀ ਮਿਲ ਜਾਂਦਾ ਹੈ।

ਰੋਮ ਐਫਸੀਓ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਇਸ ਦੀਆਂ ਕਲਾ ਪ੍ਰਦਰਸ਼ਨੀਆਂ ਹਨ। ਟਰਮੀਨਲਾਂ 'ਚ ਇਤਿਹਾਸਕ ਚਿੱਤਰਕਲਾਵਾਂ, ਮੂਰਤੀਆਂ ਅਤੇ ਪ੍ਰਾਚੀਨਰੋਮ ਨਾਲ ਸੰਬੰਧਿਤ ਪ੍ਰਦਰਸ਼ਨ ਲਗਾਏ ਜਾਂਦੇ ਹਨ, ਜੋ ਯਾਤਰੀਆਂ ਨੂੰ ਇਟਲੀ ਦੀ ਸੰਸਕ੍ਰਿਤਿਕ ਵਿਰਾਸਤ ਨਾਲ ਜਾਣੂ ਕਰਾਉਂਦੇ ਹਨ। ਹਵਾਈ ਅੱਡੇ 'ਚ ਕਈ ਪ੍ਰੀਮੀਅਮ ਲਾਉਂਜ ਹਨ ਜਿੱਥੇ ਆਰਾਮਦਾਇਕ ਬੈਠਣ ਦਾ ਪ੍ਰਬੰਧ, ਮੁਫਤ ਭੋਜਨ, ਸਨੈਕਸ, ਸਾਫਟ ਡ੍ਰਿੰਕਸ, ਤੇਜ਼ ਵਾਈ-ਫਾਈ, ਸ਼ਾਵਰ ਸਹੂਲਤ, ਕੰਮ ਕਰਨ ਲਈ ਸ਼ਾਂਤ ਮਾਹੌਲ, ਅਤੇ ਮੋਬਾਈਲ ਚਾਰਜਿੰਗ ਦੀ ਸਹੂਲਤ ਵੀ ਹੈ।

ਬੱਚਿਆਂ ਲਈਖੇਡ ਏਰੀਆ, ਬੇਬੀ ਕੇਅਰ ਰੂਮ, ਸਟ੍ਰੋਲਰ ਸਹੂਲਤ, ਪਰਿਵਾਰਕ ਆਰਾਮ ਏਰੀਆ,ਉਪਲੱਬਧ ਹਨ। ਇਹ ਸਹੂਲਤਾਂ ਛੋਟੇ ਬੱਚਿਆਂ ਨਾਲ ਯਾਤਰਾ ਕਰਨ ਵਾਲੇ ਪਰਿਵਾਰਾਂ ਲਈ ਫਾਇਦੇਮ'ਦ ਹੈ। ਬਜ਼ੁਰਗਾਂ, ਦਿਵਿਆਂਗ ਯਾਤਰੀਆਂ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲਿਆਂ ਲਈ ਵੀਲਚੇਅਰ, ਸਮਰਪਿਤ ਹੈਲਪ ਕਰਮਚਾਰੀ, ਲਿਫਟਾਂ 'ਤੇ ਰੈਂਪ ਉਪਲਬਧ ਹਨ। ਰੋਮ ਸ਼ਹਿਰ ਤੱਕ ਪਹੁੰਚਣ ਲਈ ਲਿਓਨਾਰਡੋ ਐਕਸਪ੍ਰੈਸ ਟ੍ਰੇਨ ਸੱਭ ਤੋਂ ਤੇਜ਼ ਸਾਧਨ ਹੈ। ਇਸ ਤੋਂ ਇਲਾਵਾ ਟੈਕਸੀ, ਬੱਸ, ਕਾਰ ਕਿਰਾਏ 'ਤੇ ਲੈਣ ਦੀ ਸਹੂਲਤ ਅਤੇ ਨਿਜੀ ਟ੍ਰਾਂਸਫਰ ਵੀ ਉਪਲਬਧ ਹਨ। ਮੁਫਤ ਵਾਈ-ਫਾਈ, ਮੋਬਾਇਲ ਚਾਰਜਿੰਗ ਸਟੇਸ਼ਨ, ਡਿਜੀਟਲ ਫਲਾਈਟ ਜਾਣਕਾਰੀ, ਸਵੈ-ਚੈ-ਇਨ ਮਸ਼ੀਨਾਂ ਅਤੇ ਔਨਲਾਈਨ ਸੇਵਾਵਾਂ ਯਾਤਰਾ ਨੂੰ ਹੋਰ ਵੀ ਆਸਾਨ ਬਣਾਉਂਦੀਆਂ ਹਨ।

ਰੋਮ ਐਫਸੀਓ ਆਪਣੀ ਓੁੱਚ ਪੱਧਰੀ ਸੁਰੱਖਿਆ ਸਿਸਟਮ ਅਤੇ ਸਫਾਈ ਲਈ ਜਾਣਿਆ ਜਾਂਦਾ ਹੈ। ਆਧੁਨਿਕ ਸਕੈਨਿੰਗ ਤਕਨੀਕਾਂ, ਟ੍ਰੇਨਡ ਸੁਰੱਖਿਆ ਕਰਮਚਾਰੀ ਅਤੇ ਸਾਫ-ਸੁਥਰੇ ਟਰਮੀਨਲ ਯਾਤਰੀਆਂ ਨੂੰ ਸੇਫਟੀ ਅਤੇ ਆਰਾਮਦਾਇਕਅਨੁਭਵ ਦਿੰਦੇ ਹਨ। ਕਾਰੋਬਾਰੀ ਯਾਤਰੀਆਂ ਲਈ ਮੀਟਿੰਗ ਖੇਤਰ, ਬਿਜ਼ਨਸ ਲਾਉਂਜ, ਉੱਚ-ਗਤੀ ਇੰਟਰਨੈੱਟ ਅਤੇ ਸ਼ਾਂਤ ਕਾਰਜ ਸਥਾਨ ਉਪਲਬਧ ਹਨ, ਜਿਸ ਨਾਲ ਉਹ ਆਪਣਾ ਕੰਮ ਆਸਾਨੀ ਨਾਲ ਜਾਰੀ ਰੱਖ ਸਕਦੇ ਹਨ। ਹਵਾਈ ਅੱਡਾ ਉਰਜਾ ਦੀ ਬਚਤ, ਕਚਰਾ ਪ੍ਰਬੰਧਨ, ਪਾਣੀ ਦੀ ਸੰਭਾਲ ਅਤੇ ਕਾਰਬਨ ਨਿਕਾਸ ਘਟਾਉਣ ਲਈ ਕਈ ਟਿਕਾਊ ਪਹਿਲਕਦਮੀਆਂ 'ਤੇ ਕੰਮ ਕਰ ਰਿਹਾ ਹੈ।

**ਖਿਆਲ ਰੱਖੋ:**

- ਉਡਾਣ ਤੋਂ ਘੱਟੋ-ਘੱਟ 3 ਘੰਟੇ ਪਹਿਲਾਂ ਹਵਾਈ ਅੱਡੇ 'ਤੇ ਪਹੁੰਚਣ ਦੀ ਲੋੜ ਹੁੰਦੀ ਹੈ।
- ਆਪਣਾ ਪਾਸਪੋਰਟ ਅਤੇ ਟ੍ਰੈਵਲ ਦਸਤਵੇਜ਼ ਪਹਿਲਾਂ ਹੀ ਤਿਆਰ ਰੱਖੋ।
- ਲੰਬਾ ਲੇਓਵਰ ਦੀ ਹਾਲਤ 'ਚ ਲਾਉਂਜ ਦੀ ਸਹੂਲਤ ਦਾ ਲਾਭ ਲਿਆ ਜਾ ਸਕਦਾ ਹੈ।
- ਮੋਬਾਈਲ ਚਾਰਜਰ ਅਤੇ ਪਾਵਰ ਬੈਂਕ ਆਪਣੇ ਨਾਲ ਰੱਖੋ।
- ਰੇਲ ਅਤੇ ਟੈਕਸੀ ਦੀ ਸਹੀ ਜਾਣਕਾਰੀ ਰੱਖੋ।
- ਡਿਊਟੀ-ਫ੍ਰੀ 'ਤੇ ਖਰੀਦਦਾਰੀ ਪ੍ਰਾਪਰ ਸਮਾਂ ਰੱਖੋ। ਅਗਲੀ ਬਾਰ ਕਿਸੇ ਹੋਰ ਵਿਸ਼ੇ 'ਤੇ ਇਟਲੀ ਬਾਰੇ ਚਰਚਾ ਕਰਾਂਗੇ।















# ਰਾਸ਼ੀਫਲ



**ਮੇਖ ਰਾਸ਼ੀ:** ਤੁਸੀਂ ਪੂਰੀ ਤਰ੍ਹਾਂ ਕੰਮ ਅਤੇ ਸਮਾਜਿਕ ਵਚਨਬੱਧਤਾਵਾਂ ਨਾਲ ਘਿਰੇ ਹੋਏ ਹੋ। ਇਸ ਸਮੇਂ ਦੇ ਬਾਰੇ ਹੈ ਕਿ ਤੁਸੀਂ ਆਪਣੇ ਕੰਮ ਤੋਂ ਬ੍ਰੇਕ ਲਈ ਹੈ ਅਤੇ ਆਪਣੇ ਆਪ ਲਈ ਮਜ਼ਾ ਜਾਂ ਕੁਝ ਕੀਤਾ ਹੈ। ਤੁਹਾਨੂੰ ਤੁਹਾਡੀ ਤੰਦਰੁਸਤੀ 'ਤੇ ਧਿਆਨ ਦੇਣ ਦੀ ਲੋੜ ਹੈ।

**ਵ੍ਰਿਸ਼ਭ ਰਾਸ਼ੀ:** ਅੱਜ, ਤੁਸੀਂ ਸਮੱਸਿਆ ਵਿੱਚੋਂ ਬਾਹਰ ਆਉਣ ਦੀ ਕੋਸ਼ਿਸ਼ ਕਰ ਰਹੇ ਹੋ ਸਕਦੇ ਹੋ। ਤੁਸੀਂ ਕਿਸੇ ਦੂਜੇ ਦੀ ਗਲਤੀ ਲਈ ਆਪਣੇ ਆਪ ਨੂੰ ਦੋਸ਼ੀ ਠਹਿਰਾ ਸਕਦੇ ਹੋ। ਸ਼ਾਮ ਨੂੰ ਚੀਜ਼ਾਂ ਪ੍ਰੇਸ਼ਾਨੀਦਾਇਕ ਹੋ ਸਕਦੀਆਂ ਹਨ, ਅਤੇ ਤੁਹਾਡੀ ਊਰਜਾ ਦੇ ਪੱਧਰ ਹੇਠਾਂ ਜਾ ਸਕਦੇ ਹਨ। ਤੁਹਾਨੂੰ ਇਸ ਦੌਰਾਨ ਸ਼ਾਂਤ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।

**ਮਿਥੁਨ ਰਾਸ਼ੀ:** ਤੁਸੀਂ ਆਪਣੀਆਂ ਪੂੰਜੀਆਂ ਅਤੇ ਸਾਂਝੀਆਂ ਸੰਪਤੀਆਂ ਬਾਰੇ ਚਿੰਤਿਤ ਹੋ ਸਕਦੇ ਹੋ। ਨਾਲ ਹੀ, ਅੱਜ ਤੁਸੀਂ ਥੋੜ੍ਹੇ ਚਿੜਚਿੜੇ ਹੋਵੋਗੇ। ਇੱਥੋਂ ਤੱਕ ਕਿ ਸਭ ਤੋਂ ਜ਼ਿਆਦਾ ਗੈਰ-ਜ਼ਰੂਰੀ ਸਮੱਸਿਆਵਾਂ ਤੁਹਾਡੇ ਮੂਡ ਨੂੰ ਖਰਾਬ ਕਰਨਗੀਆਂ। ਤੁਸੀਂ ਪੈਸੇ ਸੰਬੰਧੀ ਮਾਮਲਿਆਂ ਵਿੱਚ ਸੰਭਾਵਿਤ ਤੌਰ ਤੇ ਜੋਖਮ ਲਓਗੇ। ਤੁਹਾਨੂੰ ਸ਼ਾਂਤੀ ਬਣਾਏ ਰੱਖਣ ਅਤੇ ਆਪਣੀ ਆਕਰਸ਼ਕ ਸ਼ਖਸੀਅਤ 'ਤੇ ਵਾਪਸ ਆਉਣ ਦੀ ਸਲਾਹ ਦਿੱਤੀ ਜਾਂਦੀ ਹੈ।

**ਕਰਕ ਰਾਸ਼ੀ:** ਅੱਜ, ਤੁਸੀਂ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੈਸੇ ਦੀ ਵਰਤੋਂ ਕਰੋਗੇ। ਜੇ ਕੋਈ ਅਜਿਹੀ ਚੀਜ਼ ਹੈ ਜਿਸ ਨੂੰ ਤੁਹਾਡੀਆਂ ਲੋੜਾਂ ਦੇ ਅਨੁਸਾਰ ਬਦਲਣ ਦੀ ਜ਼ਰੂਰਤ ਹੈ ਤਾਂ ਤੁਸੀਂ ਇਸ ਨੂੰ ਬਦਲਣ ਲਈ ਥੋੜ੍ਹਾ ਪੈਸਾ ਵਰਤੋਗੇ। ਤੁਹਾਡੇ ਪਿਆਰੇ ਤੁਹਾਡੇ ਵਿੱਤੀ ਲਾਭਾਂ ਦਾ ਜਸ਼ਨ ਮਨਾਉਣਗੇ ਅਤੇ ਇਸ ਪ੍ਰਕਿਰਿਆ ਵਿੱਚ ਇਸ ਨੂੰ ਥੋੜ੍ਹਾ ਹੋਰ ਖਰਚਣਗੇ। ਜੇ ਆ ਰਹੇ ਪੈਸੇ ਦੀ ਕੋਈ ਸੀਮਾ ਹੈ ਤਾਂ ਤੁਹਾਡੇ ਹੱਥੋਂ ਜਾ ਰਹੇ ਪੈਸੇ ਦੀ ਯਕੀਨਨ ਕੋਈ ਸੀਮਾ ਨਹੀਂ ਹੈ।

**ਸਿੰਘ ਰਾਸ਼ੀ:** ਤੁਸੀਂ ਆਪਣੇ ਵਿਅਸਤ ਸ਼ਡਿਊਲ ਵਿੱਚ ਅੱਗੇ ਰਹਿਣ ਦੀ ਕੋਸ਼ਿਸ਼ ਕਰਦੇ ਹੋਏ ਥੋੜ੍ਹੇ ਤਣਾਅ ਦਾ ਅਨੁਭਵ ਕਰ ਸਕਦੇ ਹੋ। ਤੁਹਾਨੂੰ ਆਪਣੀ ਮਾਨਸਿਕ ਅਤੇ ਸਰੀਰਕ ਸਿਹਤ ਬਣਾ ਕੇ ਰੱਖਣ ਦੀ ਲੋੜ ਹੈ। ਜ਼ਰੂਰੀ ਬੈਠਕਾਂ ਦਾ ਅੰਤ ਸਫਲਤਾਪੂਰਵਕ ਹੋਵੇਗਾ, ਪਰ ਉਹ ਦਿਨ ਦੇ ਅੰਤ 'ਤੇ ਤੁਹਾਨੂੰ ਥਕਾ ਸਕਦੀਆਂ ਹਨ। ਸੁਲਝਣ ਲਈ ਤਰੀਕੇ ਲੱਭੋ।

**ਕੰਨਿਆ ਰਾਸ਼ੀ:** ਜਦੋਂ ਸਿਹਤ ਦੇ ਮਾਮਲਿਆਂ ਦੀ ਗੱਲ ਆਉਂਦੀ ਹੈ ਤਾਂ ਇਸ ਨੂੰ ਨਜ਼ਰਅੰਦਾਜ਼ ਨਾ ਕਰੋ। ਅੱਜ ਤੁਸੀਂ ਉਹਨਾਂ ਪੁਰਾਣੇ ਜ਼ਖਮਾਂ ਪ੍ਰਤੀ ਧਿਆਨ ਦੇਣ ਲਈ ਤਿਆਰ ਲੱਗ ਰਹੇ ਹੋ। ਹਾਲਾਂਕਿ, ਸ਼ਾਂਤੀ ਅਤੇ ਖੁਸ਼ਹਾਲੀ ਅੱਜ ਦੇ ਦਿਨ ਦੇ ਮੁੱਖ ਢੰਗ ਨਾਲ ਹਨ। ਤੁਹਾਨੂੰ ਆਪਣੇ ਆਪ ਨੂੰ ਚਾਰਜ ਕਰਨ ਲਈ - ਅੱਜ ਮਜ਼ੇ ਅਤੇ ਮਨੋਰੰਜਨ ਵਿੱਚ ਸਮਾਂ ਲਗਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

**ਤੁਲਾ ਰਾਸ਼ੀ:** ਜੇ ਕਦੇ ਵੀ ਅਜਿਹਾ ਸਮਾਂ ਹੈ ਜਦੋਂ ਤੁਹਾਡੇ ਮਿਹਨਤੀ ਸੁਭਾਅ ਨੇ ਤੁਹਾਡੇ ਅੰਦਰ ਦੀ ਆਵਾਜ਼ ਸੁਣਨੀ ਹੈ ਤਾਂ ਉਹ ਅੱਜ ਹੈ। ਨਵੇਂ ਵਪਾਰ ਉੱਦਮ ਸ਼ੁਰੂ ਕਰਨ ਲਈ ਇਸ ਨੂੰ ਇੱਕ ਸਕਾਰਾਤਮਕ ਦਿਨ ਬੁਲਾਓ, ਖਾਸ ਤੌਰ ਤੇ ਫਰੀਲਾਂਸਰਾਂ ਲਈ। ਜਦੋਂ ਤੁਸੀਂ ਆਪਣੇ ਅੰਦਰ ਦੀ ਆਵਾਜ਼ ਨੂੰ ਸੁਣਦੇ ਹੋ ਅਤੇ ਇਸ ਨੂੰ ਸੋਚ ਦਾ ਸਹਾਰਾ ਦਿੰਦੇ ਹੋ ਤਾਂ ਗਲਤ ਹੋਣਾ ਕਾਫੀ ਮੁਸ਼ਕਿਲ ਹੋ ਜਾਂਦਾ ਹੈ। ਸਵੇਰ ਦੀ ਸਖਤ ਮਿਹਨਤ ਅਤੇ ਦੁਪਹਿਰ ਦਾ ਤਣਾਅ ਤੁਹਾਨੂੰ ਸ਼ਾਮ ਨੂੰ ਆਨੰਦ ਦੇਵੇਗਾ। ਜੋ ਤੁਸੀਂ ਕਰਦੇ ਹੋ ਬਸ ਉਸਦਾ ਆਨੰਦ ਮਾਣੋ।

**ਵ੍ਰਿਸ਼ਚਿਕ ਰਾਸ਼ੀ:** ਇਹ ਵਪਾਰ ਕਰਨ ਦਾ ਸਮਾਂ ਹੈ, ਅਤੇ ਤੁਸੀਂ ਨਵਾਂ ਉਤਪਾਦ ਜਾਰੀ ਕਰਕੇ ਆਪਣੇ ਵਿਰੋਧੀਆਂ ਨੂੰ ਹੈਰਾਨ ਕਰ ਦਿਓਗੇ। ਹਾਲਾਂਕਿ, ਸਿਤਾਰੇ ਲਾਭਦਾਇਕ ਸਥਿਤੀ ਵਿੱਚ ਨਹੀਂ ਹਨ, ਜੋ ਇਹ ਸੰਕੇਤ ਦਿੰਦਾ ਹੈ ਕਿ ਤੁਹਾਨੂੰ ਕੁਝ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਪਣਾ ਸਮਾਂ ਲਓ, ਮੁਸ਼ਕਿਲਾਂ ਨੂੰ ਹੱਲ ਕਰੋ ਅਤੇ ਬਹੁਤ ਧੂਮਧਾਮ ਅਤੇ ਜਸ਼ਨ ਨਾਲ ਆਪਣਾ ਉਤਪਾਦ ਲਾਂਚ ਕਰੋ।

**ਧਨੁ ਰਾਸ਼ੀ:** ਤੁਹਾਡੇ ਅੰਦਰਲਾ ਬੁੱਧੀਮਾਨ ਅੱਜ ਹਾਵੀ ਰਹੇਗਾ। ਤੁਸੀਂ ਮਨ ਦੀ ਸ਼ਾਂਤੀ ਲਈ ਸੰਭਾਵਿਤ ਤੌਰ ਤੇ ਧਿਆਨ ਲਗਾਓਗੇ। ਅੱਜ ਤੁਸੀਂ ਸਮਝਦਾਰ ਅਤੇ ਖੁਸ਼ ਹੋਵੋਗੇ, ਤੁਸੀਂ ਸੰਭਾਵਿਤ ਤੌਰ ਤੇ ਆਪਣੇ ਆਲੇ-ਦੁਆਲੇ ਪਿਆਰ ਦਾ ਸੰਦੇਸ਼ ਦਿਓਗੇ।

**ਮਕਰ ਰਾਸ਼ੀ:** ਰਿਸ਼ਤੇ ਬਾਰੇ ਕੁਝ ਰਾਜ਼ਾਂ ਦਾ ਪ੍ਰਗਟ ਹੋਣਾ ਤੁਹਾਡਾ ਧਿਆਨ ਖਿੱਚੇਗਾ; ਤੁਹਾਨੂੰ ਇਹ ਲੁਭਾਵਨਾ ਲੱਗੇਗਾ ਅਤੇ ਤੁਸੀਂ ਰਹੱਸ ਨੂੰ ਹੱਲ ਕਰਨ ਲਈ ਕਾਫੀ ਸਮਾਂ ਬਿਤਾਓਗੇ। ਇਸ ਤੋਂ ਇਲਾਵਾ, ਤੁਹਾਡੀ ਪ੍ਰਭਾਵੀ ਸੰਚਾਰ ਸ਼ਕਤੀ ਗਲਤਫਹਿਮੀ ਦੇ ਕਾਰਨ ਹੋਏ ਤਕਰਾਰਾਂ ਨੂੰ ਸੁਲਝਾਉਣ ਵਿੱਚ ਮਦਦ ਕਰੇਗੀ। ਇਸ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ, ਆਪਣੇ ਵਿਰੋਧੀਆਂ ਦੀਆਂ ਗਤੀਵਿਧੀਆਂ ਪ੍ਰਤੀ ਹੁਸ਼ਿਆਰ ਰਹਿਣਾ ਤੁਹਾਨੂੰ ਮੁਕਾਬਲੇ ਵਿੱਚ ਅੱਗੇ ਰਹਿਣ ਵਿੱਚ ਮਦਦ ਕਰੇਗਾ।

**ਕੁੰਭ ਰਾਸ਼ੀ:** ਤੁਹਾਡੇ ਸੰਚਾਰ ਕੌਸ਼ਲ ਅੱਜ ਕਮਾਲ ਕਰਨਗੇ। ਤੁਹਾਡੀ ਬੋਲਣ ਦੀ ਸ਼ਕਤੀ ਅਤੇ ਤੁਹਾਨੂੰ ਇਨਾਮ ਦਵਾਏਗੀ ਅਤੇ ਬੈਠਕਾਂ ਵਿੱਚ ਬਹੁਤ ਲਾਭਦਾਇਕ ਸਾਬਿਤ ਹੋ ਸਕਦੀ ਹੈ। ਅਸਲ ਵਿੱਚ, ਤੁਹਾਡੀਆਂ ਸਾਰੀਆਂ ਦਲੀਲਾਂ ਬਹੁਤ ਪ੍ਰੇਰਨਾਦਾਇਕ ਲੱਗਣਗੀਆਂ। ਤਰਕੀਬ ਉਦੋਂ ਉਲਟ ਵਿੱਚ ਨਾ ਪੈਣਾ ਜਦੋਂ ਲੋਕ ਤੁਹਾਡੇ ਨਾਲ ਸਹਿਮਤ ਨਹੀਂ ਹੁੰਦੇ ਹਨ।

**ਮੀਨ ਰਾਸ਼ੀ:** ਆਪਣੇ ਗੁਆਂਢੀ ਨੂੰ ਪਿਆਰ ਕਰੋ' ਇੱਕ ਈਸ਼ਵਰੀ ਆਦੇਸ਼ ਹੈ ਜਿਸ ਨੂੰ ਅਸਲ ਵਿੱਚ ਇਹ ਵਿਚਾਰ ਕਰਦੇ ਹੋਏ ਕਿ ਕਿਵੇਂ ਧਾਰਮਿਕ ਹਵਾਲੇ ਅੱਜ ਤੁਹਾਨੂੰ ਗੰਭੀਰ ਹੋ ਕੇ ਸੋਚਣ ਲਈ ਵਿਚਾਰ ਦਿੰਦੇ ਹਨ, ਜਿਸ ਨੂੰ ਤੁਸੀਂ ਲਾਗੂ ਕਰ ਸਕਦੇ ਹੋ। ਅਧਿਆਤਮਕ ਕੰਮ ਤੁਹਾਨੂੰ ਵਿਅਸਤ ਰੱਖਣਗੇ। ਤੁਸੀਂ ਆਪਣੇ ਆਪ ਨੂੰ ਧਾਰਮਿਕ ਮਹੱਤਤਾ ਦੀਆਂ ਥਾਂਵਾਂ 'ਤੇ ਜਾਂਦੇ ਪਾ ਸਕਦੇ ਹੋ।

# "ਔਰਤ ਦੀ ਸ਼ਕਤੀ" (ਇੱਕ ਸੱਚੀ ਕਹਾਣੀ)



ਜਦ ਨਵਦੀਪ ਨੂੰ ਪਹਿਲੀ ਰਾਤ ਪਤਾ ਲੱਗਾ ਕਿ ਉਸਦਾ ਪਤੀ ਕੁਲਬੀਰ ਨਸ਼ਾ ਲੈਂਦਾ ਹੈ ਤਾਂ ਉਸ ਨੂੰ ਆਪਣੀ ਦੁਨੀਆ ਉਜੜ ਗਈ ਜਾਪੀ, ਉਸ ਨੇ ਸਵੇਰੇ ਆਪਣੇ ਮਾਤਾ-ਪਿਤਾ ਨੂੰ ਦੱਸਿਆ ਤਾਂ ਉਹ ਵੀ ਚਿੰਤਤ ਹੋ ਗਏ। ਨਵਦੀਪ ਨੇ ਕੁਲਬੀਰ ਦੀ ਮਾਤਾ ਨੂੰ ਪੁੱਛਿਆ ਕਿ ਜੇਕਰ ਤੁਹਾਨੂੰ ਪਤਾ ਸੀ ਕਿ ਕੁਲਬੀਰ ਨਸ਼ਾ ਲੈਂਦਾ ਸੀ ਤਾਂ ਤੁਸੀਂ ਉਸ ਦਾ ਵਿਆਹ ਕਿਉਂ ਕੀਤਾ...?

ਮਾਤਾ ਬੋਲੀ, ਅਸੀਂ ਕੁਲਬੀਰ ਨੂੰ ਬਹੁਤ ਸਮਝਾਇਆ, ਉਸਦਾ ਕਈ ਵਾਰ ਇਲਾਜ ਵੀ ਕਰਵਾਇਆ ਪਰ ਉਹ ਨਸ਼ਾ ਲੈਣ ਤੋਂ ਨਹੀਂ ਹਟਿਆ। ਅਸੀਂ ਸੋਚਿਆ ਜੇ ਇਸ ਦਾ ਵਿਆਹ ਕਰ ਦਿਆਂਗੇ ਤਾਂ ਇਹ ਆਪਣੇ ਆਪ ਹਟ ਜਾਵੇਗਾ। ਨਵਦੀਪ ਕਹਿਣ ਲੱਗੀ, ਇਹ ਤਾਂ ਬੇਗਾਨੀਆਂ ਧੀਆਂ ਦਾ ਗਲ ਘੁੱਟਣ ਵਾਲੀ ਗੱਲ ਹੈ। ਨਵਦੀਪ ਸੋਚਾਂ ਵਿਚ ਡੁੱਬ ਗਈ। ਹੁਣ ਉਸ ਕੋਲ ਦੋ ਰਸਤੇ ਸਨ। ਕੁਲਬੀਰ ਦਾ ਇਲਾਜ ਕਰਵਾਏ ਜਾਂ ਤਲਾਕ ਦੇਵੇ। ਨਵਦੀਪ ਬਹੁਤ ਬਹਾਦਰ ਤੇ ਹੋਣਹਾਰ ਲੜਕੀ ਸੀ। ਉਸਨੇ ਇਲਾਜ ਕਰਵਾਉਣ ਦਾ ਰਸਤਾ ਚੁਣਿਆ।

ਨਵਦੀਪ ਨੇ ਕਈਆਂ ਕਿਤਾਬਾਂ ਤੇ ਨੈੱਟ ਤੋਂ ਨਸ਼ਿਆਂ ਦੇ ਇਲਾਜ ਬਾਰੇ ਜਾਣਕਾਰੀ ਲਈ। ਉਸ ਨੇ ਸਿਆਣੇ ਡਾਕਟਰ ਦਾ ਪਤਾ ਕਰ ਲਿਆ। ਡਾਕਟਰ ਨੇ ਕੁਲਬੀਰ ਦੇ ਟੈਸਟ ਕਰਵਾਏ। ਡਾਕਟਰ ਨੇ ਨਵਦੀਪ ਨੂੰ ਵਿਸ਼ਵਾਸ ਦਿਵਾਇਆ ਕਿ ਦੂਸਰੀਆਂ ਬਿਮਾਰੀਆਂ ਵਾਂਗ ਨਸ਼ਾ ਵੀ ਬਿਮਾਰੀ ਹੈ ਤੇ ਸੌ ਫੀਸਦੀ ਇਲਾਜਯੋਗ ਹੈ ਪਰ ਇਸ ਬਿਮਾਰੀ ਵਿਚ ਮਰੀਜ਼ ਨੂੰ ਦਵਾਈ ਦੇ ਨਾਲ ਪਰਿਵਾਰ ਦੇ ਪਿਆਰ ਤੇ ਹਮਦਰਦੀ ਦੀ ਜ਼ਰੂਰਤ ਹੁੰਦੀ ਹੈ। ਪਿਆਰ ਨਾਲ ਪੂਰੀ ਦੁਨੀਆ ਨੂੰ ਜਿੱਤਿਆ ਜਾ ਸਕਦਾ ਹੈ, ਨਸ਼ਾ ਤਾਂ ਮਾਮੂਲੀ ਚੀਜ਼ ਹੈ। ਔਰਤ ਪਿਆਰ ਦੀ ਮੂਰਤ ਹੈ, ਉਸ ਨੂੰ ਪਰਮਾਤਮਾ ਨੇ ਪਿਆਰ ਤੇ ਧੀਰਜ ਦੀ ਅਥਾਹ ਸ਼ਕਤੀ ਬਖਸ਼ਿਸ਼ ਕੀਤੀ ਹੈ। ਔਰਤ ਭਾਵੇਂ ਭੈਣ, ਪਤਨੀ ਜਾਂ ਮਾਂ ਹੋਵੇ, ਸਭ ਤੋਂ ਵੱਧ ਮਦਦਗਾਰ ਸਾਬਿਤ ਹੁੰਦੀ ਹੈ। ਡਾਕਟਰ ਦੀਆਂ ਗੱਲਾਂ ਦਾ ਨਵਦੀਪ ਦੇ ਮਨ 'ਤੇ ਡੂੰਘਾ ਅਸਰ ਹੋਇਆ। ਉਸ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਕੁਲਬੀਰ ਨੂੰ ਨਸ਼ਿਆਂ ਤੋਂ ਬਾਹਰ ਕੱਢਣ ਵਿਚ ਸਫਲ ਹੋ ਜਾਵੇਗੀ। ਇਲਾਜ ਸ਼ੁਰੂ ਹੋਇਆ।

ਕੁਲਬੀਰ ਨੂੰ ਹਸਪਤਾਲ ਦਾ ਕਮਰਾ ਜੇਲ੍ਹ ਦੇ ਕਮਰੇ ਵਾਂਗ ਲੱਗ ਰਿਹਾ ਸੀ। ਉਸ ਨੂੰ ਨਸ਼ੇ ਦੀ ਤੋੜ ਲੱਗ ਰਹੀ ਸੀ। ਉਸ ਨੂੰ ਨੀਂਦ ਨਹੀਂ ਸੀ ਆ ਰਹੀ ਤੇ ਇਕੱਲਾਪਣ ਮਹਿਸੂਸ ਹੋ ਰਿਹਾ ਸੀ। ਉਹ ਘਰ ਜਾਣ ਦੀ ਜ਼ਿੱਦ ਕਰ ਰਿਹਾ ਸੀ। ਨਵਦੀਪ ਹੌਂਸਲੇ ਤੋਂ ਕੰਮ ਲੈ ਰਹੀ ਸੀ। ਉਹ ਕੁਲਬੀਰ ਨੂੰ ਪਿਆਰ ਨਾਲ ਪਲੋਸਦੀ, ਉਸ ਦਾ ਮੱਥਾ ਚੁੰਮ ਕੇ ਉਸ ਨੂੰ ਆਪਣੇ ਪਿਆਰ ਦਾ ਅਹਿਸਾਸ ਕਰਵਾਉਂਦੀ ਤੇ ਪਰਮਾਤਮਾ ਅੱਗੇ ਉਸ ਦੀ ਨਸ਼ਿਆਂ ਤੋਂ ਮੁਕਤੀ ਲਈ ਹੱਥ ਜੋੜ ਕੇ ਦੁਆ ਕਰਦੀ। ਹੌਲੀ-ਹੌਲੀ ਦੁਆ ਤੇ ਦਵਾ ਦਾ ਅਸਰ ਹੋਣ ਲੱਗਾ। ਉਹ ਠੀਕ ਮਹਿਸੂਸ ਕਰ ਰਿਹਾ ਸੀ। ਨਵਦੀਪ ਹੁਣ ਬੇਹੱਦ ਖੁਸ਼ ਸੀ ਤੇ ਪਰਮਾਤਮਾ ਦਾ ਧੰਨਵਾਦ ਕਰ ਰਹੀ ਸੀ। ਹਸਪਤਾਲ ਵਿਚ ਮਨੋਵਿਗਿਆਨੀ ਹਰ ਰੋਜ਼ ਦੋ ਘੰਟੇ ਦੀ ਬੈਠਕ ਵਿਚ ਮਰੀਜ਼ਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਉਨ੍ਹਾਂ ਦੇ ਘਰਵਾਲਿਆਂ ਨੂੰ ਮਰੀਜ਼ਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਬਾਰੇ ਸਿੱਖਿਆ ਦਿੰਦੇ ਸਨ। ਨਵਦੀਪ ਤੇ ਕੁਲਬੀਰ ਨੇ ਇਸ ਬੈਠਕ ਵਿਚ ਕਈ ਮਹੱਤਵਪੂਰਨ ਗੱਲਾਂ ਸਿੱਖੀਆਂ। ਮਰੀਜ਼ ਨਾਲ ਕਿਹੜੀ ਗੱਲ ਕਦੋਂ ਤੇ ਕਿਵੇਂ ਕਰਨੀ ਹੈ, ਉਸ ਨਾਲ ਹਮੇਸ਼ਾ ਪਿਆਰ ਨਾਲ ਪੇਸ਼ ਆਉਣਾ ਹੈ, ਉਸ ਨੂੰ ਕਦੇ ਨਸ਼ਿਆਂ ਦੇ ਮਾੜੇ ਦਿਨ ਯਾਦ ਕਰਵਾ ਕੇ ਤਾਅਨੇ-ਮਿਹਣੇ ਨਹੀਂ ਮਾਰਨੇ ਤੇ ਨਾ ਹੀ ਮਾੜੇ ਸ਼ਬਦ ਜਿਵੇਂ ਅਮਲੀ, ਨਸ਼ੇੜੀ ਆਦਿ ਬੋਲਣੇ ਹਨ, ਕਦੇ ਸ਼ੱਕ ਨਹੀਂ ਕਰਨਾ, ਨਸ਼ਿਆਂ ਨੂੰ ਉਸਦੀ ਮਾੜੀ ਆਦਤ ਵਜੋਂ ਨਹੀਂ ਬਲਕਿ ਬਿਮਾਰੀ ਵਜੋਂ ਸਵੀਕਾਰਨਾ ਹੈ, ਉਸਦੀ ਹਰ ਜਾਇਜ਼ ਗੱਲ ਮੰਨਣੀ ਹੈ, ਚੰਗੀਆਂ ਗੱਲਾਂ ਲਈ ਤਾਰੀਫ਼ ਕਰ ਕੇ ਉਸਦੀ ਹਮੇਸ਼ਾ ਹੌਂਸਲਾ ਅਫਜ਼ਾਈ ਕਰਨੀ ਹੈ।

ਨਵਦੀਪ ਨੇ ਡਾਕਟਰ ਕੋਲੋਂ ਘਰ ਜਾਣ ਦੀ ਇਜਾਜ਼ਤ ਮੰਗੀ। ਡਾਕਟਰ ਚਾਹੁੰਦਾ ਸੀ ਕਿ ਉਹ ਦੋਵੇਂ ਠੀਕ ਹੋਏ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਕੁਝ ਦਿਨ ਬਿਤਾਉਣ। ਕੁਲਬੀਰ ਨੂੰ ਇਨ੍ਹਾਂ ਮਰੀਜ਼ਾਂ ਨਾਲ ਰਹਿ ਕੇ ਇਹ ਅਹਿਸਾਸ ਹੋਵੇਗਾ ਕਿ ਨਸ਼ਿਆਂ ਤੋਂ ਬਗੈਰ ਜ਼ਿੰਦਗੀ ਬਹੁਤ ਜ਼ਿਆਦਾ ਖੁਸ਼ਹਾਲ ਹੈ। ਉਸ ਦਾ ਮਨੋਬਲ ਹੋਰ ਵਧੇਗਾ। ਨਵਦੀਪ ਨੂੰ ਇਨ੍ਹਾਂ ਪਰਿਵਾਰਾਂ ਕੋਲੋਂ ਹੋਰ ਜ਼ਿਆਦਾ ਸਿਖਣ ਦਾ ਮੌਕਾ ਮਿਲੇਗਾ। ਇਸ ਵਾਸਤੇ ਡਾਕਟਰ ਨੇ ਨਵਦੀਪ ਦੀ ਸਹਿਮਤੀ ਚਾਹੀ। ਨਵਦੀਪ ਨੇ ਤੁਰੰਤ ਸਹਿਮਤੀ ਦੇ ਦਿੱਤੀ। ਕੁਲਬੀਰ ਠੀਕ ਹੋਏ ਮਰੀਜ਼ਾਂ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਉਨ੍ਹਾਂ ਨਾਲ ਰਹਿ ਕੇ ਉਸਦਾ ਮਨੋਬਲ ਹੋਰ ਵਧ ਗਿਆ। ਜਦ ਮਰੀਜ਼ ਤੇ ਉਨ੍ਹਾਂ ਦੇ ਘਰਵਾਲੇ ਆਪਸ ਵਿਚ ਮੁਸ਼ਕਿਲਾਂ ਸਾਂਝੀਆਂ ਕਰਦੇ ਤਾਂ ਸਭ ਨੂੰ ਆਪੋ ਆਪਣਾ ਦਰਦ ਘੱਟ ਲੱਗਦਾ ਤੇ ਹੌਂਸਲਾ ਮਿਲਦਾ।

ਹੁਣ ਕੁਲਬੀਰ ਬਿਲਕੁਲ ਠੀਕ ਸੀ। ਡਾਕਟਰ ਨੇ ਉਨ੍ਹਾਂ ਨੂੰ ਘਰ ਜਾਣ ਦੀ ਇਜਾਜ਼ਤ ਦੇ ਦਿੱਤੀ ਤੇ ਹਦਾਇਤ ਕੀਤੀ ਕਿ ਉਨ੍ਹਾਂ ਨੇ ਇਥੇ ਰਹਿ ਕੇ ਜੋ ਸਿੱਖਿਆ ਹੈ ਉਸ ਨੂੰ ਘਰ ਜਾ ਕੇ ਵੀ ਅਮਲ ਵਿਚ ਲਿਆਉਣ ਤੇ ਜਦੋਂ ਵੀ ਉਹ ਚੈੱਕਅਪ ਵਾਸਤੇ ਆਉਣ ਤਾਂ ਮਨੋਵਿਗਿਆਨੀਆਂ ਦੀ ਬੈਠਕ ਵਿਚ ਜ਼ਰੂਰ ਹਿੱਸਾ ਲੈਣ। ਨਵਦੀਪ ਡਾਕਟਰ ਦੇ ਕਹੇ ਅਨੁਸਾਰ ਕੁਲਬੀਰ ਨੂੰ ਚੈੱਕ-ਅੱਪ ਵਾਸਤੇ ਲੈ ਕੇ ਆਉਂਦੀ। ਹੌਲੀ- ਹੌਲੀ ਉਸ ਦੀ ਦਵਾਈ ਘਟ ਕੇ ਬੰਦ ਹੋ ਗਈ ਸੀ। ਇਕ ਸਾਲ ਤੋਂ ਉਸ ਨੇ ਕਿਸੇ ਤਰ੍ਹਾਂ ਨਸ਼ਾ ਨਹੀਂ ਸੀ ਲਿਆ। ਨਵਦੀਪ ਨੇ ਕੁਲਬੀਰ ਦੇ ਨਸ਼ਿਆਂ ਨੂੰ ਛੱਡਣ ਵਾਲੇ ਦਿਨ ਨੂੰ ਉਸਦੇ 'ਜਨਮ ਦਿਨ' ਦੀ ਖੁਸ਼ੀ ਵਜੋਂ ਮਨਾਇਆ।

ਦੋਵੇਂ ਬੇਹੱਦ ਖੁਸ਼ ਸਨ। ਅੱਜ ਨਵਦੀਪ ਨੂੰ ਡਾਕਟਰ ਦੇ ਕਹੇ ਹੋਏ ਇਹ ਸ਼ਬਦ ਯਾਦ ਆ ਰਹੇ ਸਨ ਕਿ ਔਰਤ ਪਿਆਰ ਦੀ ਮੂਰਤ ਹੈ, ਉਸ ਨੂੰ ਪਰਮਾਤਮਾ ਨੇ ਪਿਆਰ ਤੇ ਧੀਰਜ ਦੀ ਅਥਾਹ ਸ਼ਕਤੀ ਬਖਸ਼ਿਸ਼ ਕੀਤੀ ਹੈ। ਔਰਤ ਭਾਵੇਂ ਭੈਣ, ਪਤਨੀ ਜਾਂ ਮਾਂ ਹੋਵੇ, ਸਭ ਤੋਂ ਵਧ ਮਦਦਗਾਰ ਸਾਬਿਤ ਹੁੰਦੀ ਹੈ। ਨਵਦੀਪ ਨੂੰ ਸ਼ਕਤੀਸ਼ਾਲੀ ਔਰਤ ਹੋਣ ਦਾ ਮਾਣ ਮਹਿਸੂਸ ਹੋ ਰਿਹਾ ਸੀ ਤੇ ਅੱਜ ਨਵਦੀਪ ਬਹੁਤ ਹੀ ਖੁਸ਼ਹਾਲ ਜ਼ਿੰਦਗੀ ਜੀਅ ਰਹੀ ਹੈ..।

ਸੋ ਦੋਸਤੋ ਜੇ ਚਾਹੇ ਤਾਂ ਔਰਤ ਕੀ ਨਹੀਂ ਕਰ ਸਕਦੀ, ਅੱਜ ਦੇ ਦੌਰ ਵਿਚ ਔਰਤ ਕਿਸੀ ਵੀ ਖੇਤਰ ਚ ਮਰਦ ਨਾਲੋਂ ਪਿੱਛੇ ਨਹੀਂ ਹੈ..ਸੋ ਕਿਸੇ ਮੁਸੀਬਤ ਤੇ ਘਬਰਾਉਣਾ ਨਹੀਂ ਚਾਹੀਦਾ, ਸਾਨੂੰ ਹਰ ਔਰਤ ਚਾਹੇ ਉਹ ਮਾਂ, ਭੈਣ, ਪਤਨੀ, ਬੇਟੀ ਜਾਂ ਦੋਸਤ ਹੀ ਕਿਉਂ ਨਾ ਹੋਵੇ ਸਭ ਦੀ ਇਜ਼ੱਤ ਕਰਨੀ ਚਾਹੀਦੀ ਹੈ ਤੇ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ, ਔਰਤ ਨੂੰ ਜ਼ਿੰਦਗੀ ਚ ਅੱਗੇ ਵਧਣ ਲਈ ਹੌਂਸਲਾ ਦੇਣਾ ਚਾਹੀਦਾ ਹੈ- ਧੰਨਵਾਦ ਜੀ !!

ਸਤਵੀਰ ਸੱਤੀ

# ਵਿਅੰਗ- ਜਦੋਂ ਮੈਂ ਕਾਲਜੀਏਟ ਬਣਿਆ

ਜਦ ਮੈਂ ਰਿੜ੍ਹ ਖਿੜ ਕੇ ਦੱਸਵੀ ਪਾਸ ਕਰ ਗਿਆ ਤਾਂ ਮੇਰੇ ਸਿਰ ਤੇ ਕਾਲਜੀਏਟ ਬਣਨ ਦਾ ਭੂਤ ਸਵਾਰ ਹੋ ਗਿਆ। ਬਸਾਂ ਵਿੱਚ ਸਫਰ ਕਰਦੇ ਕਾਲਜੀਏਟਾਂ ਨੂੰ ਮੈਂ ਰੋਜ ਵੇਖਦਾ। ਕਿੰਨੇ ਸ਼ੁਕੀਨ, ਕੱਛ 'ਚ ਲੰਡੀ ਜਿਹੀ ਕਾਪੀ, ਕੰਡਕਟਰ ਨੇੜ ਆਉਣ ਦੇ ਮੋਬ ਕੰਨਾਂ ਨੂੰ ਲਾ ਲੈਣਾ ਆਦਿ।

ਮੈਂ ਮਾਂ ਤੋਂ ਦਾਖਲੇ ਲਈ ਪੈਸੇ ਦੀ ਮੰਗ ਕੀਤੀ, ਉਹ ਕਹਿੰਦੀ ਮੇਰੇ ਕੋਲ ਤਾਂ ਪੰਜੀ ਨਹੀਂ। ਮੈਂ ਬੁੜੀ ਦੀ ਵੱਖੀ ਵਿੱਚ ਪੋਲੇ ਪੋਲੇ ਦੋ ਘਸੁੰਨ ਜੜ ਦਿੱਤੇ, ਉਹ ਕਹਿੰਦੀ ਲੈ ਪੁੱਤ ਆਹ ਮੇਰੇ ਕੰਨਾਂ ਦੀਆਂ ਵਾਲੀਆਂ ਲੈਜਾ। ਮੈਂ ਉਸ ਦੀਆਂ ਵਾਲੀਆਂ ਖਿੱਚ ਕੇ ਮੱਦੀ ਸੁਨਿਆਰੇ ਨੂੰ ਵੇਚ ਕੇ ਕਾਲਜ ਦਾਖਲਾ ਲੈ ਲਿਆ।

ਜਦ ਬਾਪੂ ਨੂੰ ਪਤਾ ਲੱਗਾ ਕਿ ਟੀਟੂ ਨੇ ਕਾਲਜ ਦਾਖਲਾ ਲੈ ਲਿਆ ਹੈ ਤਾਂ ਉਸ ਨੇ ਮਾਂ ਨੂੰ ਘੂਰਿਆ ਤੇ ਵਾਲੀਆਂ ਬਾਬਤ ਪੁੱਛਿਆ। ਮਾਂ ਕਹਿੰਦੀ, " ਅੱਜ ਕੱਲ ਲੁਟੇਰੇ ਬੁੜੀਆਂ ਦੀਆਂ ਵਾਲੀਆਂ ਤੇ ਪਰਸ ਝਪਟ ਰਹੇ ਹਨ, ਇਸ ਕਰਕੇ ਮੈਂ ਲਾਹ ਕੇ ਕਿਤੇ ਦੱਬ ਦਿੱਤੀਆਂ ਹਨ, ਤੂੰ ਫਿਕਰ ਨਾ ਕਰ। ਪਰ ਬਾਪੂ ਨੂੰ ਕੀ ਪਤਾ ਸੀ ਕਿ ਲੁਟੇਰਾ ਤਾਂ ਸਾਹਮਣੇ ਖੜਾ ਹੈ।

ਮੈਂ ਹਫਤੇ ਵਿੱਚ ਪੂਰਾ ਕਾਲਜੀਏਟ ਬਣ ਗਿਆ ਤੇ ਜਰੂਰੀ ਟ੍ਰੇਨਿੰਗ ਲੈ ਲਈ, ਤੇਜ਼ ਜਾਂਦੀ ਬੱਸ ਚੋ ਕਿਵੇਂ ਉਤਰਨਾ ਚੜਨਾ ਹੈ, ਨਾ ਰੁੱਕਣ ਤੇ ਬੱਸ ਦੇ ਸ਼ੀਸ਼ੇ ਕਿਵੇਂ ਭੰਨਣੇ ਹੈ, ਕੰਡਕਟਰ ਨੂੰ ਕਿੰਨਾ ਕੁ ਕੁੱਟਣਾ ਹੈ, ਬਜੁਰਗਾਂ ਤੋਂ ਸ਼ੀਟ ਕਿਵੇਂ ਖੋਹਣੀ ਹੈ। ਹੁਣ ਅਸੀਂ ਲੋਕਾਂ ਨਾਲ ਲੜਾਈਆਂ ਕਰਨਾ ਵੀ ਸਿੱਖ ਗਏ, ਜੇ ਕੋਈ ਸਾਡੇ ਤੇ ਕਾਬੂ ਪੈ ਜਾਂਦਾ ਤਾਂ ਅਸੀਂ ਹੋਰ ਲੜਾਕੂ ਮੁੰਡੇ ਬੁਲਾ ਲੈਂਦੇ। ਇਸ ਤਰਾਂ ਮੈ ਕਈ ਬਦਮਾਸ਼ਾਂ ਨੂੰ ਕੁੱਟ ਚੁੱਕਾ ਸੀ।

ਪਰ ਇੱਕ ਦਿਨ ਅਸੀਂ ਦਹੀਂ ਦੇ ਭੁਲੇਖੇ ਕਪਾਹ ਖਾ ਬੈਠੇ; ਅਸੀਂ ਗਿੱਟੇ ਭੰਨਾਂ ਦੇ ਤੋਤੇ ਨਾਲ ਪੰਗਾ ਲੈ ਬੈਠੇ। ਜਦ ਸਾਡੀਆਂ ਹਾਕੀਆਂ ਚੱਲਣ ਲੱਗੀਆਂ ਤਾਂ ਤੋਤੇ ਦਾ ਵੱਡਾ ਭਰਾ ਜਬਰਜੰਗ ਅਚਾਨਕ ਆ ਗਿਆ ਜੋ ਫੌਜ ਵਿੱਚ ਪੀਟੀ ਤੇ ਬੌਕਸਿੰਗ ਦਾ ਖਿਡਾਰੀ ਸੀ ਤੇ ਛੁੱਟੀ ਆਇਆ ਹੋਇਆ ਸੀ, ਉਹ ਦੋ ਜਾਣੇ ਤੇ ਅਸੀਂ ਦੱਸ ਜਾਣੇ।

ਇਕੱਲੇ ਫੌਜੀ ਨੇ ਪੀਟੀ ਦੇ ਦਾਅ ਪੇਚਾਂ ਨਾਲ ਸਾਥੋਂ ਹਾਕੀ ਖੋਹ ਕੇ ਐਸੀ ਡਾਂਗ ਵਾਂਗ ਵਾਹੀ ਕਿ ਸਾਡੀਆਂ ਬਾਹਾਂ ਭੰਨ ਕੇ ਬੰਗਣੇ ਪੁਆ ਦਿੱਤੈ। ਮੇਰੇ ਤਾਂ ਕੰਜਰ ਦੇ ਫੌਜੀ ਨੇ ਗੋਡੇ ਗਿੱਟੇ ਕੰਡਮ ਕਰ ਦਿੱਤੇ।, ਹੁਣ ਮੈਂ ਮੰਜੇ ਤੇ ਪਿਆ ਸੋਚ ਰਿਹਾ ਸੀ ਕਿ ਇਹ ਬਦਮਾਸ਼ ਪੁਣਾ ਛੱਡ ਹੀ ਦੇਈਏ।

ਰਸੋਈ 'ਚ ਬੈਠੇ ਬੇਬੇ ਤੇ ਬਾਪੂ ਮੇਰੀਆਂ ਸੱਟਾਂ ਤੇ ਬੰਨਣ ਲਈ ਲੋਗੜ ਤੱਤਾ ਕਰ ਰਹੇ ਸਨ ਤੇ ਘੁੱਸਰ ਮੁੱਕਰ ਵੀ। ਮੈਨੂੰ ਤਾਂ ਬੱਸ ਐਨਾ ਸੁਣਿਆ, ਬਾਪੂ ਆਖ ਰਿਹਾ ਸੀ ਧੰਨ ਕੁਰੇ ਮੈਂ ਤਾਂ ਅੱਜ ਰੱਜ ਕੇ ਰੋਟੀ ਖਾਧੀ ਹੈ, ਮਾਂ ਆਖ ਰਹੀ ਸੀ, "ਸੌਂਹ ਛਿੱਤਰਾਂ ਵਾਲੇ ਬਾਬਿਆਂ ਦੀ ਮੈਂ ਤਾਂ ਆਪ"। ਮੈਂ ਭੁੱਖਾ ਪਿਆ ਹੂੰਗੇ ਤੇ ਹੂੰਗਾ ਮਾਰ ਰਿਹਾ ਸੀ " ਹਾਏ ਉਏ ਫੌਜੀਆ ਮੇਰੇ ਹੌਲੀ ਡਾਂਗ ਵਾਹ ਲੈਂਦਾ, ਹਾਏ"।

Sarwan Singh Patang

# -ਜੋੜੀਆਂ ਜੱਗ ਥੋੜ੍ਹੀਆਂ-



ਮਿੱਤੀ ਭਾਬੀ ਨੇ ਆਪਣੇ ਜੁੜਵਾਂ ਪੁੱਤਰ ਇੱਕ ਹੀ ਘਰ ਵਿਆਹੇ। ਖ਼ੂਬਸੂਰਤੀ ਵਿੱਚ ਦੋਵੇਂ ਭੈਣਾਂ ਇੱਕ ਦੂਜੀ ਤੋਂ ਘੱਟ ਨਹੀਂ ਸਨ, ਪਰ ਸੀਰਤ ਵਿੱਚ ਦੋਵੇਂ ਹੀ ਵੱਖ-ਵੱਖ। ਨਿੱਕੀ ਬੜੀ ਹੀ ਹਲੀਮੀ ਅਤੇ ਸਾਦਗੀ ਪਸੰਦ ਕੁੜੀ ਸੀ, ਜਦਕਿ ਮਿੰਟੀ ਬੜੀ ਹੀ ਜ਼ਿੰਦਾਦਿਲ, ਹੱਸਮੁੱਖ ਅਤੇ ਫੈਸ਼ਨਪ੍ਰਸਤ। ਕੁਆਰੇ ਹੁੰਦੇ ਵੀ ਹਰ ਸੂਟ ਨਾਲ ਮਿਲਦੀਆਂ ਚੂੜੀਆਂ, ਚੁੰਮਕਿਆਂ, ਪਰਸ ਤੇ ਸੈਂਡਲ ਮੇਚ ਕੇ ਪਾਉਂਦੀ।

ਸਹੁਰੇ ਘਰ ਨਿੱਕੀ ਦਾ ਘਰਵਾਲ਼ਾ ਚਾਹੁੰਦਾ ਕਿ ਉਹ ਹਰ ਵੇਲੇ ਬੰਨਸੰਵਰ ਕੇ ਰਹੇ । ਅਕਸਰ ਉਹ, ਉਸ ਲਈ ਫੁੱਲਾਂ ਦਾ ਗਜਰਾ ਤੇ ਚੂੜੀਆਂ ਲਿਆਉਣੀਆਂ ਨਾ ਭੁੱਲਦਾ। ਪਰ ਨਿੱਕੀ ਵੱਲੋਂ ਕੋਈ ਖ਼ਾਸ ਹੁੰਗਾਰਾ ਨਾ ਮਿਲਦਾ ਤੇ ਉਹ ਉਦਾਸ ਹੋ ਜਾਂਦਾ ।

ਦੂਜੇ ਪਾਸੇ ਮਿੰਟੀ ਦੇ ਘਰਵਾਲੇ ਨੂੰ ਇਨ੍ਹਾਂ ਬੇਕਾਰ ਦੀਆਂ ਚੀਜ਼ਾਂ ਵਿੱਚ ਕੋਈ ਦਿੱਲਚਸਪੀ ਨਹੀਂ ਸੀ। ਇੱਕ ਦਿਨ ਜਦੋਂ ਨਿੱਕੀ ਪਤੀ ਨਾਲ ਫਿਲਮ ਵੇਖਣ ਗਈ ਤਾਂ ਮਿੰਟੀ ਕਿਸੇ ਕੰਮ ਕਾਰਨ ਉਸਦੇ ਕਮਰੇ ਚ ਗਈ, ਅਲਮਾਰੀ ਵਿੱਚ ਟੰਗੇ ਹੈਂਗਰ ਵਿੱਚ ਵਨਸੁਵੰਨੀਆਂ ਚੂੜੀਆਂ ਹਸਰਤ ਨਾਲ ਦੇਖ ਰਹੀ ਸੀ ਤੇ ਇੰਨੇਂ ਵਿੱਚ ਉਸ ਦੀ ਸੱਸ ਆ ਗਈ। ਸਿਆਣੀਆਂ ਅੱਖਾਂ ਤੋਂ ਉਸਦੀ ਉਦਾਸੀ ਛਿਪੀ ਨਾ ਰਹੀ । ਅੱਗੇ ਵੀ ਉਸਨੇ ਕਈ ਵਾਰ ਮਿੰਟੀ ਨੂੰ ਇਹ ਗੀਤ ਗੁਣਗੁਣਾਉਂਦੇ ਸੁਣਿਆਂ ਸੀ ---

ਦੁਨੀਆਂ ਮੇਂ ਐਸਾ ਕਹਾਂ ਸੱਭ ਕਾ ਨਸੀਬ ਹੈ,
ਕੋਈ ਕੋਈ ਆਪਣੇ ਪਿਆ ਕੇ ਕਰੀਬ ਹੈ।

ਮਿੱਤੀ ਭਾਬੀ ਦੱਸਿਆ ਕਿ ਉਹ ਓਸੇ ਵੇਲੇ ਬਜ਼ਾਰ ਗਈ ਤੇ ਦੋ-ਦੋ ਦਰਜ਼ਨ ਰੰਗ- ਬਿਰੰਗੀਆਂ ਚੂੜੀਆਂ ਖ਼ਰੀਦ ਲਿਆਈ। ਸੋਚਦੀ ਰਹੀ ਕਿ ਕਿਸੇ ਨੇ ਠੀਕ ਹੀ ਕਿਹਾ ਹੈ ਕਿ-ਜੋੜੀਆਂ ਜੱਗ ਥੋੜ੍ਹੀਆਂ। ਆਪਣੇ ਵੱਡੇ ਪੁੱਤਰ ਨੂੰ ਕਹਿਣ ਲੱਗੀ,-" ਕਾਕਾ! ਨਵੀਆਂ ਵਹੁਟੀਆਂ ਦੀਆਂ ਝਾਂਜਰਾਂ ਤੇ ਚੂੜੀਆਂ ਦੀ ਛਣਕਾਰ ਨਾਲ ਹੀ ਘਰ ਸ਼ੋਭਦੇ ਨੇਂ ।

ਪੇਪਰ ਦੀ ਤਿਆਰੀ ਦੇ ਨਾਲ ਨਾਲ, ਤੂੰ ਪਤਨੀ ਦਾ ਧਿਆਨ ਵੀ ਰੱਖਿਆ ਕਰ। ਲੈ ਉਸ ਨੂੰ ਇਹ ਵੰਗਾਂ ਫੜਾਇਆ। ਪਤੀ ਦੇ ਹੱਥੀਂ ਚੂੜੀਆਂ ਵੇਖ ਮਿੰਟੀ ਨੇ ਆਪਣਾ ਹੱਥ ਅੱਗੇ ਵਧਾ ਦਿੱਤਾ। ਉਸਦੀ ਅੱਖਾਂ ਦੀ ਸ਼ੋਖੀ, ਚੰਚਲਤਾ ਤੇ ਖੁਸ਼ੀ ਨਾਲ ਗੁਲਾਬੀ ਹੁੰਦੀਆਂ ਗੱਲਾਂ ਨੂੰ ਵੇਖ ਉਸਦੇ ਪਤੀ ਨੇ ਹਰੀਆਂ ਵੰਗਾਂ ਨਾਲ ਉਸਦੀਆਂ ਬਾਹਵਾਂ ਭਰ ਦਿੱਤੀਆਂ। ਮਿੱਤੀ ਭਾਬੀ ਦੀ ਤਰਕੀਬ ਕੰਮ ਕਰ ਗਈ।

ਲਿਖਤ-ਨਿਸ਼ਾ ਮਣੀ

# ਬਹੁਤ ਮੁਸ਼ਕਿਲ ਹੈ 'ਸਰਬੀ' ਹੋਣਾ

ਕਿਸੇ ਨੇ ਕਿਹਾ, ਬੜਾ ਮੁਸ਼ਕਿਲ ਹੈ ਪਰਬਤ ਹੋਣਾ।
ਬਰਫ਼ ਦੀ ਸਫੈਦ ਚਾਦਰ ਓੜ੍ਹ ਕੇ ਬਿਨਾ ਕਰਵਟ ਬਦਲੇ
ਕਰੋੜਾਂ ਸਾਲ ਧਰਤੀ ਤੇ ਲੇਟੇ ਰਹਿਣਾ
ਬੜਾ ਮੁਸ਼ਕਿਲ ਹੈ ਪਰਬਤ ਹੋਣਾ।
ਪਰ ਮੈਂ ਕਹਿੰਦਾ ਹਾਂ ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ
ਮਾਂ ਬਾਪ ਭਰਾ ਭੈਣਾਂ ਤੋਂ ਰਿਸ਼ਤਾ ਤੋੜ ਕੇ
ਉਮਰ ਭਰ ਦਾ ਰਿਸ਼ਤਾ ਮੇਰੇ ਨਾਲ ਜੋੜ ਕੇ
ਕੇਵਲ ਤਿੰਨ ਕਪੜਿਆਂ ਵਿਚ ਦੁਲਹਨ ਬਣ ਕੇ ਮੇਰੇ ਘਰ ਆਉਣਾ
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।
ਸੁਹਰੇ ਘਰ ਸੱਸ ਨਣਦਾਂ ਦੇ ਮਿਹਣੇ ਸਹਿਣਾ
ਸ਼ਰੀਕਾਂ ਦੇ ਤਾਨ੍ਹੇ ਸਹਿਣਾ ਬੁਲ ਸੀਅ ਲੈਣੇ ਕੁਝ ਨਾ ਕਹਿਣਾ
ਪਰਦੇ ਪਿਛੇ ਖੜੋ ਕੇ ਰੋ ਲੈਣਾ
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।
ਤੂੰ ਨਾ ਮੰਗੇ ਮਹਿਲ ਚੁਬਾਰੇ
ਖੁਸ਼ੀ ਖੁਸ਼ੀ ਤੂੰ ਦਿਨ ਗੁਜਾਰੇ
ਰਹਿ ਕੇ ਮੇਰੇ ਨਾਲ ਵਿਚ ਛੰਨਾਂ ਢਾਰੇ
ਕੀ ਲੈਣਾ ਵਡਿਆਂ ਬਣ ਕੇ, ਇਹੀ ਅਲਾਪ ਸਦਾ ਅਲਾਉਣਾ
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।
ਉਧੜੀ ਚੁੰਨੀ ਉਧੜਿਆ ਝੱਗਾ
ਸਲਵਾਰ ਉਤੇ ਕਿਤੇ ਕਟ ਜੇ ਲਗਾ
ਸੂਈ ਧਾਗਾ ਲੈ ਕੇ ਆਪੇ ਸੀਅ ਲੈਣਾ
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।
ਮੈਂ ਜਦ ਵੀ ਤੇਰਾ ਹਾਲ ਸੀ ਪੁਛਦਾ
ਤੂੰ ਸਦਾ ਇਕੋ ਜਵਾਬ ਸੀ ਦਿਤਾ
"ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਿਣਾ"
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।
ਬਿਰਧ ਆਸ਼ਰਮ ਬੇ-ਆਸਰਿਆਂ ਕੋਲ ਜਾ ਕੇ
ਬੇ-ਆਸਰਿਆਂ ਦਾ ਦੁਖ ਦਰਦ ਵੰਡਾ ਕੇ
ਸ਼ਾਲ, ਸਵੈਟਰ, ਜਰਸੀ ਤੇ ਕੰਬਲ ਵੰਡ ਆਉਣਾ
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।
ਸੜਕ ਕਿਨਾਰੇ ਫੁਟ-ਪਾਥ ਤੇ ਜਦੋਂ ਸੀ ਚਲਦੀ
ਨਿਆਸਰਿਆਂ ਨੂੰ ਜਾਵੇਂ ਹਾੱਸੇ ਵੰਡਦੀ
ਟਾਫੀ ਚਾਕਲੇਟ ਬਿਸਕੁਟ ਦੇ ਕੇ ਰੋਂਦੇ ਬਚਿਆਂ ਨੂੰ ਚੁਪ ਕਰਾਉਣਾ
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।
ਕੀ ਪੁਛਦੇ ਹੋ 'ਸਰਬੀ' ਬਾਰੇ ਉਹ 'ਰੁਖਾਂ ਦੀ ਜੀਰਾਂਦ'
ਉਹ ਸਬਰ ਸੰਤੋਖ ਦੀ ਮੂਰਤ ਮੰਨ ਵਿਚ ਨਾ ਰਖੋ ਸੰਸੇ ਅਤੇ ਭਰਾਂਦ
ਨਾ ਸੁਖ ਵਿਚ ਹਸਣਾ ਨਾ ਦੁਖ ਵਿਚ ਰੋਣਾ
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।
ਅੰਤ ਸਮਾਂ ਜਦ ਆਇਆ
ਅੰਤਾਂ ਦਾ ਦੁਖ ਹੰਡਾਇਆ
ਰਬ ਦੀ ਰਜ਼ਾ ਵਿਚ ਸੀਸ ਨਿਵਾਇਆ
ਸੌਂ ਗਈ ਹੁਣ ਨੀਂਦ ਸਦੀਵੀ
ਨੀਲੇ ਗਗਨ ਦੀ ਓੜ੍ਹ ਕੇ ਚਾਦਰ ਅਤੇ ਬਣਾਕੇ ਧਰਤ ਵਿਛਾਉਣਾ
ਬੜਾ ਮੁਸ਼ਕਿਲ ਹੈ 'ਸਰਬੀ' ਹੋਣਾ।



ਨੋਟ: ਲੇਖਕ ਆਪਣੀ ਪਤਨੀ ਸਰਬਜੀਤ ਕੌਰ ਨੂੰ ਪਿਆਰ ਨਾਲ 'ਸਰਬੀ' ਕਹਿ ਕੇ ਬੁਲਾਉਂਦਾ ਸੀ। ਇਸ ਕਰਕੇ ਇਸ ਕਵਿਤਾ ਵਿਚ ਸਰਬਜੀਤ ਨੂੰ 'ਸਰਬੀ' ਕਹਿ ਕੇ ਸੰਬੋਧਨ ਕੀਤਾ ਹੈ।

-ਗੁਰਮੀਤ ਸਿੰਘ

# ਮਿੰਨੀ ਕਹਾਣੀ- ਉਦਾਸੀ ਤੋਂ ਪਾਰ

ਗੋਰਾ ਰੰਗ, ਛੋਟਾ ਕੱਦ ਤੇ ਸਿਰ ਦੇ ਅੱਗੇ ਵੱਲ ਹੌਲਾ ਜਿਹਾ ਗੰਜ—ਉਮਰ ਮਸਾਂ ਚੌਵੀ-ਪੱਚੀ ਸਾਲ। ਉਹ ਇੱਕ ਨਿੱਜੀ ਬੈਂਕ ਵਿੱਚ ਰਿਕਵਰੀ ਅਫ਼ਸਰ ਸੀ। ਉਸ ਦਿਨ ਵੀ ਉਹ ਕਿਸ਼ਤਾਂ ਬਕਾਇਆ ਛੱਡ ਬੈਠੇ ਗਾਹਕਾਂ ਦੀ ਭਾਲ ਵਿੱਚ ਨਿਕਲਿਆ ਹੋਇਆ ਸੀ।

ਗੱਲਾਂ-ਗੱਲਾਂ ਵਿੱਚ ਉਹ ਅਚਾਨਕ ਬੋਲ ਪਿਆ,

"ਸੱਚ ਦੱਸਾਂ ਸਰ, ਇਹ ਕੰਮ ਮੇਰੇ ਮਨ ਦਾ ਨਹੀਂ। ਹਰ ਸਵੇਰ ਘਰੋਂ ਨਿਕਲਦਾ ਹਾਂ, ਪਰ ਇੰਝ ਲੱਗਦਾ ਹੈ ਜਿਵੇਂ ਆਪਣੇ ਆਪ ਨੂੰ ਹੀ ਘਸੀਟ ਰਿਹਾ ਹੋਵਾਂ।"

ਉਸ ਦੇ ਚਿਹਰੇ ਉੱਤੇ ਉਦਾਸੀ ਦੀ ਧੁੰਦ ਸਾਫ਼ ਦਿਸ ਰਹੀ ਸੀ।

ਮੈਂ ਪੁੱਛਿਆ, "ਕੀ ਗੱਲ ਹੈ? ਬਹੁਤ ਪ੍ਰੇਸ਼ਾਨ ਲੱਗਦੇ ਹੋ।"

ਉਹ ਫਿੱਕਾ ਜਿਹਾ ਹੱਸਿਆ, "ਪੇਟ ਹਮੇਸ਼ਾ ਖ਼ਰਾਬ ਰਹਿੰਦਾ ਹੈ। ਬਿਹਾਰ ਤੋਂ ਤਬਾਦਲਾ ਹੋ ਕੇ ਇੱਥੇ ਆਇਆ ਹਾਂ। ਇੱਕ ਦੁਕਾਨਦਾਰ ਦੇ ਘਰ ਕਿਰਾਏ ਦੇ ਕਮਰੇ ਵਿੱਚ ਰਹਿੰਦਾ ਹਾਂ। ਨਾ ਵੇਲੇ ਸਿਰ ਰੋਟੀ ਮਿਲਦੀ ਹੈ, ਨਾ ਨੀਂਦ ਪੂਰੀ ਹੁੰਦੀ ਹੈ। ਦਿਨ ਭਰ ਲੋਕਾਂ ਦੀਆਂ ਗਾਲ੍ਹਾਂ ਸੁਣੋ, ਸ਼ਾਮ ਨੂੰ ਮੈਨੇਜਰ ਦੀਆਂ ਝਿੜਕਾਂ। ਮਨ ਹਰ ਵੇਲੇ ਭਾਰਾ ਰਹਿੰਦਾ ਹੈ।"

ਮੈਂ ਕਿਹਾ, "ਸਰੀਰ ਦੀ ਬਿਮਾਰੀ ਦਾ ਇਲਾਜ ਦਵਾਈ ਕਰ ਦੇਵੇਗੀ, ਪਰ ਮਨ ਦੀ ਥਕਾਵਟ ਦਾ ਇਲਾਜ ਕੌਣ ਕਰੇਗਾ?"

ਉਹ ਡੂੰਘਾ ਸਾਹ ਭਰ ਕੇ ਬੋਲਿਆ, "ਡਾਕਟਰ ਨੇ ਵੀ ਇਹੀ ਆਖਿਆ ਸੀ। ਕਈ ਵਾਰ ਤਾਂ ਜੀ ਕਰਦਾ ਹੈ ਨੌਕਰੀ ਛੱਡ ਕੇ ਘਰ ਵਾਪਸ ਚਲਾ ਜਾਵਾਂ।"

"ਪਰ ਕੀ ਭੱਜ ਜਾਣਾ ਹੀ ਹੱਲ ਹੈ?" ਮੈਂ ਸ਼ਾਂਤ ਸੁਰ ਵਿੱਚ ਪੁੱਛਿਆ। "ਅੱਜ ਦੇ ਵੇਲੇ ਬੇਰੁਜ਼ਗਾਰੀ ਕਈ ਵਾਰ ਇਸ ਤੋਂ ਵੀ ਵੱਡੀ ਸਜ਼ਾ ਬਣ ਜਾਂਦੀ ਹੈ। ਸਮੱਸਿਆ ਤੇਰੀ ਇਕੱਲੀ ਨਹੀਂ; ਉਸ ਪ੍ਰਬੰਧ ਦੀ ਹੈ ਜੋ ਬੰਦੇ ਨੂੰ ਟੀਚਿਆਂ ਦੀ ਮਸ਼ੀਨ ਬਣਾ ਦਿੰਦਾ ਹੈ।"

ਉਹ ਕੁਝ ਪਲ ਚੁੱਪ ਰਿਹਾ। ਫਿਰ ਹੌਲੀ ਜਿਹੀ ਆਵਾਜ਼ ਵਿੱਚ ਬੋਲਿਆ, "ਸਹੀ ਆਖਦੇ ਹੋ ਸਰ... ਟਾਰਗੇਟਾਂ ਦੇ ਚੱਕਰ ਵਿੱਚ ਇਨਸਾਨ, ਇਨਸਾਨ ਨਹੀਂ ਰਹਿੰਦਾ।"

ਮੈਂ ਉਸ ਦੇ ਮੋਢੇ 'ਤੇ ਹੱਥ ਰੱਖਿਆ, "ਇਸ ਲਈ ਭੱਜਣ ਦੀ ਨਹੀਂ, ਆਪਣੇ ਆਪ ਨੂੰ ਸੰਭਾਲ ਕੇ ਲੜਨ ਦੀ ਲੋੜ ਹੈ। ਆਪਣੀ ਸਿਹਤ ਤੇ ਸਵੈ-ਮਾਣ ਦੀ ਕੀਮਤ 'ਤੇ ਕੋਈ ਵੀ ਨੌਕਰੀ ਨਹੀਂ ਹੋਣੀ ਚਾਹੀਦੀ। ਜਾਗਦੀ ਚੇਤਨਾ ਹੀ ਨਿਰਾਸ਼ਾ ਦਾ ਪਹਿਲਾ ਇਲਾਜ ਹੈ।"

ਉਸ ਨੇ ਆਪਣੇ ਮੋਢੇ 'ਤੇ ਟੰਗੇ ਬੈਗ ਦਾ ਫੀਤਾ ਕੱਸਿਆ। ਹੁਣ ਉਸ ਦੇ ਚਿਹਰੇ 'ਤੇ ਉਦਾਸੀ ਦੀ ਥਾਂ ਇੱਕ ਨਵੀਂ ਸਮਝ ਦੀ ਰੌਸ਼ਨੀ ਸੀ।

ਤੁਰਦਿਆਂ-ਤੁਰਦਿਆਂ ਉਹ ਮੁਸਕਰਾ ਕੇ ਬੋਲਿਆ, "ਲੱਗਦਾ ਹੈ, ਸਰ, ਹੁਣ ਸਿਰਫ਼ ਪੇਟ ਦੀ ਨਹੀਂ, ਸੋਚ ਦੀ ਦਵਾਈ ਵੀ ਲੈਣੀ ਪਵੇਗੀ। ਬਿਮਾਰ ਮਨ ਨਾਲ ਹਾਰ ਮੰਨਣ ਨਾਲੋਂ ਜਾਗਦੀ ਜ਼ਮੀਰ ਨਾਲ ਜੀਣਾ ਚੰਗਾ ਹੈ।"

# ਔਰਤ ਤੇਰੀ ਇਹੀ ਕਹਾਣੀ

ਚਾਹੇ ਸਮਾਂ ਬਦਲ ਗਿਆ ਫਿਰ ਵੀ ਹਾਲਾਤਾ ਨਾਲ ਸਮਝੋਤਾ ਕਰਨਾ ਸਿਦਕ ਸਬਰ ਰੱਖਣਾ ਤੇ ਜੀਵੀ ਜਾਣੀ ਜ਼ਿੰਦਗੀ...ਔਰਤ ਦਾ ਬਸ ਇਹੀ ਰੂਪ ਹੈ ਅਸਲ ਵਿੱਚ ਬਹੁਤੀ ਥਾਈ....ਪੇਕੇ ਪਰਦੇਸੀ ਹੋ ਜਾਵਣ ਤਾ ਧੀਆਂ ਦਾ ਕੋਈ ਜਿਉਣ ਨਹੀ ਹੁੰਦਾ...ਅੱਜ ਗੁਰਮੀਤੋ ਨੇ ਜਾਣਾ ਸੀ ਡਾਕਟਰ ਕੋਲੇ ..ਕਈ ਦਿਨਾਂ ਤੋ ਤਬੀਅਤ ਠੀਕ ਨਹੀ ਸੀ ਪਰ ਰੁਝੇਵਿਆ ਕਰਕੇ ਨਹੀ ਸੀ ਗਈ...ਢਿੱਡ 'ਚ ਅਕਸਰ ਪੀੜ ਹੁੰਦੀ ਰਹਿੰਦੀ ਸੀ...ਪਰ ਸੱਸ ਕੋਈ ਬਹੁਤ ਧਿਆਨ ਨਹੀ ਸੀ ਦੇਂਦੀ...ਸਾਰਾ ਦਿਨ ਘਰ ਦਾ ਕੰਮ ਕਰਦੀ ਰਹਿੰਦੀ...ਘਰਵਾਲਾ ਸਮਝਦਾ ਤੇ ਸੀ ਪਰ ਮਾਂ ਪਿਉ ਨੂੰ ਕੁੱਝ ਕਹਿਣ ਦੀ ਹਿੰਮਤ ਉਸ ਦੀ ਕਦੇ ਨਾ ਹੋਈ...

ਅਕਸਰ ਜਦੋ ਉਸ ਨੇ ਕਿੱਤੇ ਜਾਣਾ ਹੁੰਦਾ ਤਾ ਉਸ ਦੀ ਨਨਾਣ ਜੋ ਨੇੜੇ ਹੀ ਵਿਆਹੀ ਹੋਈ ਸੀ ਆ ਜਾਦੀ ਤੇ ਉਸ ਦਾ ਜਾਣਾ ਧਰੇ ਦਾ ਧਰਿਆ ਰਹਿ ਜਾਦਾ ਜਾ ਸੱਸ ਸਿਰ ਪੀੜ ਦਾ ਬਹਾਨਾ ਬਣਾ ਲੈਦੀ ਜਾ ਸਹੁਰਾ ਪੁੱਤ ਨੂੰ ਅਪਣਾ ਜਰੂਰੀ ਕੰਮ ਦੱਸ ਕੇ ਨਾਲ ਲੈ ਤੁਰਦਾ ...ਗੁਰਮੀਤੋ ਅੱਜ ਅਰਦਾਸਾ ਕਰ ਰਹੀ ਸੀ ਕੇ ਅੱਜ ਨਾ ਕੋਈ ਆਏ ਅੱਜ ਤਾ ਡਾਕਟਰ ਨੂੰ ਦਿਖਾ ਹੀ ਆਵਾ ਉਸਨੇ ਅਜੇ ਘਰ ਦਾ ਕੰਮ ਮੁਕਾਇਆ ਹੀ ਸੀ ਤੇ ਤਿਆਰ ਹੋ ਰਹੀ ਸੀ ..ਘਰ ਵਾਲਾ ਵੀ ਪੱਗ ਬੰਨ ਰਿਹਾ ਸੀ।

ਐਨੇ ਨੂੰ ਸੱਸ ਭੱਜੀ ਭੱਜੀ ਆਈ ਨੀ ਕੁੜੇ ਰਾਣੀ ਆ ਰਹੀ ਹੈ ਵੇ ਪੁੱਤ ਤੁਸੀ ਫਿਰ ਕਿਸੇ ਦਿਨ ਚਲੇ ਜਾਇਉ ...ਜੁਆਕਾ ਨੂੰ ਛੁੱਟਿਆ ਹੋਈਆ ਨੇ ਦੱਸ ਪੰਦਰਾਂ ਦਿਨ ਰਹਿਣਗੇ ..ਨਿਸਾਨ ਸਿਉ (ਜਵਾਈ) ਨੇ ਵੀ ਆਉਣਾ ਨਾਲੇ ਅੱਜ ਕੁੱਕੜ ਲੈ ਆਵੀ ਤੇ ਜੁਆਵਾ ਲਈ ਮਿਠਾਈ ਤੇ ਫਰੂਟ ਲੈ ਆ ..ਰਾਣੀ ਨੂੰ ਆਇਸਕਰੀਮ ਬਹੁਤ ਪਸੰਦ ਉਹ ਵੀ ਲੈ ਆ ..ਨੀ ਗੁਰਮੀਤੋ ਧਰਲਾ ਨੀ ਚਾਹ ਬਸ ਉਹ ਪਹੁੰਚੇ ਖੜੇ ..ਗੁਰਮੀਤੋ ਦੀਆ ਅੱਖਾਂ ਪਾਣੀ ਨਾਲ ਭਰ ਗਈਆ ਤੇ ਅਪਣੇ ਪਤੀ ਵੱਲ ਵੇਖਣ ਲੱਗ ਗਈ ਉਹ ਸਭ ਸਮਝਦਾ ਸੀ...।

ਅੱਜ ਉਸ ਨੇ ਹਿੰਮਤ ਕਰ ਹੀ ਲਈ ...ਬੀਬੀ ਅਜੇ ਰਾਣੀ ਐਤਵਾਰ ਹੀ ਤਾਂ ਮਿਲ ਕੇ ਗਈ ਹੈ ਕਲ੍ਹ ਆ ਜਾਵੇ ਅੱਜ ਅਸਾਨੂੰ ਦਵਾਈ ਲੈ ਆਉਣ ਦਿਉ। ਨਹੀਂ ਤਾਂ ਕੋਈ ਗੱਲ ਨਹੀ ਉਹ ਆ ਜਾਵੇ ਅਸੀਂ ਛੇਤੀ ਮੁੜ ਆਵਾਗੇ ਡਾਕਟਰ ਕੋਲੋਂ ਤੁਸੀ ਚਾਹ ਪਿਆਉ ਉਹਨਾਂ ਨੂੰ ਮੈ ਮਿਠਾਈ ਲਿਆ ਦੇਨਾ ਹਾਂ। ਸੱਸ ਨੂੰ ਜਿਵੇ ਸੱਤੀ ਕੱਪੜੀ ਅੱਗ ਲੱਗ ਗਈ...ਮੇਰੀ ਧੀ ਤਾਂ ਤੁਹਾਨੂੰ ਚੰਗੀ ਹੀ ਨਹੀਂ ਲੱਗਦੀ ਆਉਂਦੀ ...ਨਾ ਏਦੇ ਕਿਹੜੇ ਪੇਕੇ ਏਥੇ ਨੇ ਜਿਹੜਾ ਏਨੇ ਜਾਣਾ ਕਿੱਤੇ...ਡਾਕਟਰ ਕੋਲ ਫਿਰ ਚਲੇ ਜਾਇਉ ਮਰ ਤਾਂ ਨਹੀਂ ਚੱਲੀ ਹੁਣੇ...ਸੱਸ ਨੇ ਪੂਰਾ ਕਲੇਸ਼ ਪਾ ਦਿੱਤਾ...ਬੇਬਸ ਅੱਖਾਂ ਨਾਲ ਗੁਰਮੀਤੋ ਵੱਲ ਤਕਦਾ ਮਨ ਮਸੋਸ ਉਸ ਦਾ ਪਤੀ ਤੁਰ ਪਿਆ ਬਾਜਾਰ ਨੂੰ....।



ਗੁਰਮੀਤੋ ਦੇ ਵਿਆਹ ਨੂੰ ਕਈ ਸਾਲ ਹੋ ਗਏ ਸਨ ਤੇ ਮਾਪੇ ਜਲਦੀ ਹੀ ਵਿਆਹ ਤੋ ਬਾਅਦ ਵੀਰ ਕੋਲ ਵਿਦੇਸ਼ ਜਾ ਵੱਸੇ ਸਨ ਜੋ ਕਦੀ 5-4 ਸਾਲੀ ਆਉਂਦੇ ਸੀ ਸੱਸ ਡਾਹਡੀ ਸੀ ਕਦੇ ਬਾਹਰ ਦਾ ਬੂਹਾ ਘੱਟ ਹੀ ਵਿਖਾਉਦੀ ਸੀ। ਲੋਕੀ ਤਾਂ ਮੂੰਹ 'ਤੇ ਕਹਿ ਦੇਦੇ ਸੀ ਨੂੰਹ ਨੂੰ ਤਾ ਬਿੰਦਰੋ ਤੂੰ ਘੜੇ ਚ ਪਾ ਰੱਖਿਆ ਕਿਤੇ ਧੁੱਪ ਤਾ ਲਗਾ ਲਿਆ ਕਰ। ਪਰ ਉਹ ਅਕਸਰ ਆਖ ਦੇਦੀ ਜਿਨਾਂ ਚਿਰ ਮੈਂ ਬੈਠੀ ਇਸਦਾ ਕੋਈ ਕੰਮ ਨਹੀਂ ਸਾਕ ਸਕੀਰੀ 'ਚ ਜਾਣ ਦਾ ਵੀ ...ਤੁਸੀ ਚੁੱਪ ਬੈਠੀਆ ਰਹੋ....ਉਹ ਅਕਸਰ ਜੀਤੇ ਨੂੰ ਲੈ ਆਪ ਤੁਰ ਜਾਂਦੀ ਸੀ ਤੇ ਜੀਤਾ ਕਦੇ ਕੁੱਝ ਵੀ ਨਾ ਕਹਿ ਸਕਦਾ...।

ਕਦੀ-ਕਦੀ ਗੁਰਮੀਤੋ ਨੂੰ ਆਪਣਾ ਆਪ ਉਸ ਸਿੱਧੇ ਜਿਹੇ ਇਨਸਾਨ ਵਰਗਾ ਲਗਦਾ ਜੋ ਪਹਿਲੀ ਵਾਰੀ ਆਪਣੇ ਦੇਸ਼ ਤੋਂ ਕੰਮ ਦੀ ਤਲਾਸ਼ 'ਚ ਆਇਆ ਹੋਵੇ ਤੇ ਸਟੇਸ਼ਨ 'ਤੇ ਉਤਰਦਿਆਂ ਹੀ ਕੋਈ ਅੜਬ ਜੱਟ ਜਬਰਦਸਤੀ ਆਪਣੇ ਨਾਲ ਲੈ ਜਾਵੇ ਤੇ ਜਿੱਥੇ ਉਹ ਸਾਰੀ ਉਮਰ ਬਿਨਾਂ ਤਨਖਾਹੋ ਬਿਨਾਂ ਛੁੱਟੀ ਦੇ ਰੋਟੀ ਦੇ ਸਿਰ ਹੀ ਕੱਟ ਦੇਵੇ...ਤੇ ਕਦੀ ਕਦੀ ਉਸ ਨੂੰ ਅਪਣਾ ਆਪ ਕਦੇਸਣ ਵਰਗਾ ਲਗਦਾ ਜਿਸ ਦਾ ਕੋਈ ਪਿੱਛਾ ਹੀ ਨਹੀ ਹੁੰਦਾ...।

ਉਸ ਅੱਜ ਫਿਰ ਕਲੇਸ ਦੇ ਡਰੋ ਕੱਪੜੇ ਬਦਲ ਲਏ ਤੇ ਗੈਸ ਤੇ ਚਾਹ ਧਰ ਲਈ ਤੇ ਅੱਥਰੂ ਪੂੰਝਦੀ ਬਾਬਲ ਨੂੰ ਚੇਤੇ ਕਰਦੀ ਮੇਹਣਾ ਦੇਂਦੀ ਏ ਵੇ ਬਾਬਲਾ ਚੰਗੀ ਸਜਾ ਦਿੱਤੀ ਜੇ ਮੈਨੂੰ ....ਆਪ ਤਾ ਤੁਰ ਗਏ ਹੋ ਪਰਦੇਸ ਤੇ ਮੈ ਤਤੜੀ ਏਥੇ ਵਿਛੋੜਾ ਝੱਲਦੀ ਹਾ ਨਿੱਤ ਦਿਨ... ਏਨੇ ਨੂੰ ਕਾਰ ਦਾ ਹੌਰਨ ਵੱਜਾ ਤੇ ਸੱਸ ਨੇ ਭੱਜ ਕੇ ਬੂਹਾ ਖੋਲਿਆ ਤੇ ਗੁਰਮੀਤੋ ਵੀ ਖਿਆਲਾ ਦੀ ਦੁਨੀਆ ਚੋ ਨਿਕਲ ਚਾਈ ਚਾਈ ਮੁਸਕਾਨ ਮੁੱਖ ਤੇ ਲਿਆ ਅੱਗੇ ਹੋਕੇ ਨਨਾਣ ਨੂੰ ਮਿਲੀ....ਸ਼ੱਚ ਹੀ ਹੈ ਔਰਤ ਨੂੰ ਚਲਿੱਤਰੀ ਕਹਿੰਦੇ ਨੇ (ਚਲਿੱਤਰੀ ਭਾਵ ਜੋ ਕਈ ਕਿਰਦਾਰ ਨਿਭਾਉਦਾ ਹੋਵੇ)ਅਪਣੇ ਸੁੱਖ ਦੁੱਖ ਭੁੱਲ ਸਮੇਂ ਦੇ ਮੁਤਾਬਕ ਢਾਲ ਲੈ ਦੀ ਹੈ ਆਪਣਾ ਆਪ ਇਹੀ ਤਾਂ ਹੁੰਦੀ ਹੈ ਔਰਤ !!

Naturedeep Kahlon







# ਕ੍ਰਿਕਟਰ ਅਰਸ਼ਦੀਪ ਸਿੰਘ ਵੱਲੋਂ ਸਮਰੀਨ ਨਾਲ ਰਿਸ਼ਤੇ 'ਤੇ ਮੋਹਰ



ਭਾਰਤੀ ਕ੍ਰਿਕਟ ਟੀਮ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੇ ਆਖ਼ਰਕਾਰ ਮਾਡਲ ਤੇ ਅਦਾਕਾਰਾ ਸਮਰੀਨ ਕੌਰ ਨਾਲ ਆਪਣੇ ਰਿਸ਼ਤੇ ਨੂੰ ਜਨਤਕ ਕਰ ਦਿੱਤਾ ਹੈ। ਅਰਸ਼ਦੀਪ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਸਮਰੀਨ ਕੌਰ ਨਾਲ ਦੋ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜਿਸ ਵਿੱਚ ਦੋਵੇਂ ਇਕੱਠੇ ਨਜ਼ਰ ਆ ਰਹੇ ਹਨ। ਅਰਸ਼ਦੀਪ ਨੇ ਇਨ੍ਹਾਂ ਤਸਵੀਰਾਂ ਦਾ ਕੈਪਸ਼ਨ " Person" (ਮਾਈ ਪਰਸਨ) ਲਿਖਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਦੇ ਰਿਸ਼ਤੇ 'ਤੇ ਅਧਿਕਾਰਤ ਤੌਰ 'ਤੇ ਮੋਹਰ ਲੱਗ ਗਈ ਹੈ।

ਅਰਸ਼ਦੀਪ ਅਤੇ ਸਮਰੀਨ ਪਹਿਲੀ ਵਾਰ ਅਪਰੈਲ 2026 ਵਿੱਚ ਉਸ ਸਮੇਂ ਸੁਰਖੀਆਂ ਵਿੱਚ ਆਏ ਸਨ ਜਦੋਂ ਆਈ.ਪੀ.ਐੱਲ. (IPL) ਦੌਰਾਨ ਸਨੈਪਚੈਟ ਅਤੇ ਸੋਸ਼ਲ ਮੀਡੀਆ 'ਤੇ ਕੁਝ ਤਸਵੀਰਾਂ ਵਾਇਰਲ ਹੋਈਆਂ ਸਨ। ਉਸ ਸਮੇਂ ਪੰਜਾਬ ਕਿੰਗਜ਼ ਦੇ ਮੈਚਾਂ ਦੌਰਾਨ ਅਰਸ਼ਦੀਪ ਨੂੰ ਦਿੱਲੀ, ਚੰਡੀਗੜ੍ਹ ਅਤੇ ਧਰਮਸ਼ਾਲਾ ਸਮੇਤ ਵੱਖ-ਵੱਖ ਥਾਵਾਂ 'ਤੇ ਸਮਰੀਨ ਨਾਲ ਦੇਖਿਆ ਗਿਆ ਸੀ।

ਇੰਨਾ ਹੀ ਨਹੀਂ, ਮੁੰਬਈ ਦੇ ਵਾਨਖੇੜੇ ਸਟੇਡੀਅਮ ਵਿੱਚ ਮੈਚਾਂ ਦੌਰਾਨ ਸਮਰੀਨ ਨੂੰ ਟੀਮ ਦਾ ਸਮਰਥਨ ਕਰਦਿਆਂ ਵੀ ਦੇਖਿਆ ਗਿਆ ਸੀ ਅਤੇ ਦੋਵਾਂ ਦੀ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਕਰਨ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਸਨ। ਹਾਲਾਂਕਿ ਇਸ ਸਭ ਦੇ ਬਾਵਜੂਦ, ਪਿਛਲੇ ਤਿੰਨ ਮਹੀਨਿਆਂ ਤੋਂ ਸੋਸ਼ਲ ਮੀਡੀਆ 'ਤੇ ਲਗਾਤਾਰ ਚਰਚਾ ਹੋਣ ਦੇ ਬਾਵਜੂਦ ਅਰਸ਼ਦੀਪ ਸਿੰਘ ਨੇ ਕਦੇ ਵੀ ਜਨਤਕ ਤੌਰ 'ਤੇ ਇਸ ਬਾਰੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਸੀ ਅਤੇ ਨਾ ਹੀ ਮੀਡੀਆ ਵਿੱਚ ਇਸ ਦੀ ਪੁਸ਼ਟੀ ਕੀਤੀ ਸੀ

ਪਰ ਹੁਣ ਖੁਦ ਕ੍ਰਿਕਟਰ ਵੱਲੋਂ ਪੋਸਟ ਸਾਂਝੀ ਕਰਨ ਤੋਂ ਬਾਅਦ ਸਾਰੀਆਂ ਅਫਵਾਹਾਂ 'ਤੇ ਵਿਰਾਮ ਲੱਗ ਗਿਆ ਹੈ। ਇਸ ਤੋਂ ਬਾਅਦ ਪ੍ਰਸ਼ੰਸਕਾਂ ਨੇ ਵਧਾਈਆਂ ਦਿੱਤੀਆਂ ਹਨ।

ਸਮਰੀਨ ਕੌਰ ਇੱਕ ਅਦਾਕਾਰਾ ਅਤੇ ਮਾਡਲ ਹੈ, ਜਿਸ ਦਾ ਜਨਮ 7 ਸਤੰਬਰ 1999 ਨੂੰ ਜੰਮੂ-ਕਸ਼ਮੀਰ 'ਚ ਇੱਕ ਪੜ੍ਹੇ-ਲਿਖੇ ਪਰਿਵਾਰ ਵਿੱਚ ਹੋਇਆ ਸੀ। ਉਸ ਨੇ ਪੁਣੇ ਦੇ ਸਿੰਬਾਇਓਸਿਸ ਕਾਲਜ ਤੋਂ ਬੀ ਕਾਮ (ਆਨਰਜ਼) ਦੀ ਪੜ੍ਹਾਈ ਕੀਤੀ ਅਤੇ ਇਸ ਤੋਂ ਬਾਅਦ ਚੰਡੀਗੜ੍ਹ ਤੋਂ ਆਪਣੀ ਐੱਮ ਬੀ ਏ (MBA) ਦੀ ਡਿਗਰੀ ਪੂਰੀ ਕੀਤੀ।

ਹਾਲਾਂਕਿ, ਸਾਲ 2018 ਵਿੱਚ ਸਮਰੀਨ ਦੀ ਜ਼ਿੰਦਗੀ ਵਿੱਚ ਵੱਡਾ ਮੋੜ ਆਇਆ, ਜਦੋਂ ਉਹ 'ਫੈਮਿਨਾ ਮਿਸ ਇੰਡੀਆ' ਮੁਕਾਬਲੇ ਵਿੱਚ ਸਟੇਟ ਫਾਈਨਲਿਸਟ ਚੁਣੀ ਗਈ। ਇਸ ਮੁਕਾਬਲੇ ਤੋਂ ਬਾਅਦ ਉਸ ਨੇ ਬਹੁਤ ਜਲਦੀ ਮਾਡਲਿੰਗ ਅਤੇ ਅਦਾਕਾਰੀ ਦੀ ਦੁਨੀਆ ਵਿੱਚ ਆਪਣੀ ਪਛਾਣ ਬਣਾ ਲਈ।

ਫਿਲਮਾਂ ਅਤੇ ਸੰਗੀਤਕ ਵੀਡੀਓਜ਼: ਸਮਰੀਨ ਨੇ ਰਣਵੀਰ ਸਿੰਘ ਦੀ ਫਿਲਮ '83', ਜ਼ੀ5 ਦੀ ਵੈੱਬ ਸੀਰੀਜ਼ 'ਨੇਲ ਪਾਲਿਸ਼' (Nail Polish) ਅਤੇ ਪੰਜਾਬੀ ਫਿਲਮ 'ਸਰਦਾਰ ਜੀ 2' ਵਿੱਚ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਹ ਬਾਦਸ਼ਾਹ, ਗੁਰੂ ਰੰਧਾਵਾ ਅਤੇ ਹੋਰ ਨਾਮਵਰ ਗਾਇਕਾਂ ਦੇ ਮਿਊਜ਼ਿਕ ਵੀਡੀਓਜ਼ ਵਿੱਚ ਵੀ ਨਜ਼ਰ ਆ ਚੁੱਕੀ ਹੈ।

# ਪਦਮ ਸ਼੍ਰੀ ਹੰਸ ਰਾਜ ਹੰਸ ਦੀ ਸ਼ਾਨਦਾਰ ਵਾਪਸੀ



ਚੰਡੀਗੜ੍ਹ: ਪੰਜਾਬੀ ਅਤੇ ਸੂਫ਼ੀ ਗਾਇਕੀ ਦੇ ਮਸ਼ਹੂਰ ਸਿਤਾਰੇ ਪਦਮ ਸ਼੍ਰੀ ਹੰਸ ਰਾਜ ਹੰਸ ਆਪਣੇ ਨਵੇਂ ਪੰਜਾਬੀ ਗੀਤ 'ਆਜਾ ਦੋਵੇਂ ਨੱਚੀਏ' ਨਾਲ ਇੱਕ ਵਾਰ ਫਿਰ ਸਰੋਤਿਆਂ ਦਾ ਦਿਲ ਜਿੱਤਣ ਲਈ ਤਿਆਰ ਹਨ। ਗੀਤ ਦਾ ਫਰਸਟ ਲੁੱਕ ਪੋਸਟਰ ਅਤੇ ਟੀਜ਼ਰ ਜਾਰੀ ਕਰ ਦਿੱਤਾ ਗਿਆ ਹੈ, ਜਿਸ ਨੇ ਰਿਲੀਜ਼ ਤੋਂ ਪਹਿਲਾਂ ਹੀ ਪ੍ਰਸ਼ੰਸਕਾਂ ਵਿੱਚ ਭਾਰੀ ਉਤਸ਼ਾਹ ਪੈਦਾ ਕਰ ਦਿੱਤਾ ਹੈ।

ਵੇਵਕਾਨੋ ਮਿਊਜ਼ਿਕ ਅਤੇ ਹਰਪ੍ਰੀਤ ਸੇਖੋਂ ਵੱਲੋਂ ਪੇਸ਼ ਕੀਤਾ ਜਾ ਰਿਹਾ ਇਹ ਗੀਤ ਪਿਆਰ, ਆਪਣਾਪਣ ਅਤੇ ਪੰਜਾਬੀ ਸੰਗੀਤ ਦੇ ਜਸ਼ਨ ਨੂੰ ਸਮਰਪਿਤ ਹੈ। ਇਸ ਪ੍ਰੋਜੈਕਟ ਦੀ ਖ਼ਾਸ ਗੱਲ ਇਹ ਹੈ ਕਿ ਯੁਵਰਾਜ ਹੰਸ ਪਹਿਲੀ ਵਾਰ ਆਪਣੇ ਪਿਤਾ ਹੰਸ ਰਾਜ ਹੰਸ ਦੇ ਕਿਸੇ ਮਿਊਜ਼ਿਕ ਪ੍ਰੋਜੈਕਟ ਵਿੱਚ ਨਜ਼ਰ ਆਉਣਗੇ। ਗੀਤ ਵਿੱਚ ਸਾਕਸ਼ੀ ਸ਼ਰਮਾ, ਹਰਪ੍ਰੀਤ ਸੇਖੋਂ, ਰਾਜ ਢਾਲੀਵਾਲ, ਅਰਸ਼ ਨਾਗਰਾ, ਸਰਤਾਜ ਸਿੱਧੂ, ਭੁਪਿੰਦਰ ਸਿੰਘ, ਸਿਮਰਨ ਵੜਾਇਚ, ਦਮਨ ਮਜੀਠੀਆ, ਸ਼ੀਤਲ ਬਹਿਲ, ਰੋਬਿਨ ਸਿੱਧੂ, ਮਨਦੀਪ ਸਿੱਧੂ ਅਤੇ ਜਸਲੀਨ ਸੰਧੂ ਵੀ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ।

ਗੀਤ ਦੇ ਬੋਲ ਹਰਪ੍ਰੀਤ ਸੇਖੋਂ ਨੇ ਲਿਖੇ ਹਨ, ਜਦਕਿ ਸੰਗੀਤ ਮਸ਼ਹੂਰ ਜੋੜੀ ਦੇਸੀ ਕ੍ਰੂ ਨੇ ਤਿਆਰ ਕੀਤਾ ਹੈ। ਮਿਊਜ਼ਿਕ ਵੀਡੀਓ ਦਾ ਨਿਰਦੇਸ਼ਨ ਬੌਬੀ ਬਾਜਵਾ ਨੇ ਕੀਤਾ ਹੈ ਅਤੇ ਸੰਪਾਦਨ ਹਰਮੀਤ ਐਸ. ਕਾਲੜਾ ਨੇ ਕੀਤਾ ਹੈ। ਇਸ ਪ੍ਰੋਜੈਕਟ ਦੇ ਨਿਰਮਾਤਾ ਬਲਵਿੰਦਰ ਸਿੰਘ ਅਤੇ ਅਰਸ਼ ਨਾਗਰਾ ਹਨ, ਜਦਕਿ ਇਸ ਦੀ ਕ੍ਰੀਏਟਿਵ ਡਾਇਰੈਕਸ਼ਨ ਹਰਪ੍ਰੀਤ ਸੇਖੋਂ ਨੇ ਸੰਭਾਲੀ ਹੈ। ਨਿਰਮਾਤਾਵਾਂ ਨੇ ਗੀਤ ਵਿੱਚ ਇੱਕ ਖ਼ਾਸ ਦੋਹਾ ਆਪਣੀ ਆਵਾਜ਼ ਵਿੱਚ ਗਾਉਣ ਲਈ ਪ੍ਰਸਿੱਧ ਗਾਇਕਾ ਗੁਰਲੇਜ਼ ਅਖ਼ਤਰ ਦਾ ਵਿਸ਼ੇਸ਼ ਧੰਨਵਾਦ ਕੀਤਾ ਹੈ। ਇਸ ਪ੍ਰੋਜੈਕਟ ਨੂੰ ਜੀ.ਐਸ. ਵਾਲੀਆ (ਸਿਡਨੀ ਹਾਈਟਸ) ਅਤੇ ਜੱਸ ਮੰਗਤ (ਮਿਹਰ ਬਾਈ ਜੱਸ ਮੰਗਤ) ਵੱਲੋਂ ਵਿਸ਼ੇਸ਼ ਸਹਿਯੋਗ ਪ੍ਰਾਪਤ ਹੋਇਆ ਹੈ। ਜਾਰੀ ਕੀਤੇ ਗਏ ਫਰਸਟ ਲੁੱਕ ਪੋਸਟਰ ਅਤੇ ਟੀਜ਼ਰ ਵਿੱਚ ਹੰਸ ਰਾਜ ਹੰਸ ਸ਼ਾਨਦਾਰ ਅੰਦਾਜ਼ ਵਿੱਚ ਨਜ਼ਰ ਆ ਰਹੇ ਹਨ, ਜੋ ਇੱਕ ਵੱਡੇ ਸੰਗੀਤਕ ਜਸ਼ਨ ਦੀ ਝਲਕ ਪੇਸ਼ ਕਰਦਾ ਹੈ। ਇਹ ਗੀਤ 29 ਜੁਲਾਈ 2026 ਨੂੰ ਵੇਵਕਾਨੋ ਮਿਊਜ਼ਿਕ ਦੇ ਬੈਨਰ ਹੇਠ ਰਿਲੀਜ਼ ਕੀਤਾ ਜਾਵੇਗਾ। ਗੀਤ ਦੇ ਲਾਂਚ ਸਮਾਗਮ ਦੇ ਸਥਾਨ ਦਾ ਐਲਾਨ ਜਲਦੀ ਕੀਤਾ ਜਾਵੇਗਾ।

ਪੰਜਾਬੀ ਸੰਗੀਤ ਦੇ ਪ੍ਰਸ਼ੰਸਕਾਂ ਅਤੇ ਹੰਸ ਰਾਜ ਹੰਸ ਦੇ ਚਾਹੁਣ ਵਾਲਿਆਂ ਨੂੰ ਇਸ ਗੀਤ ਦੀ ਬੇਸਬਰੀ ਨਾਲ ਉਡੀਕ ਹੈ, ਜਿਸ ਤੋਂ ਇੱਕ ਹੋਰ ਯਾਦਗਾਰ ਅਤੇ ਰੂਹ ਨੂੰ ਛੂਹ ਲੈਣ ਵਾਲੀ ਸੰਗੀਤਕ ਪੇਸ਼ਕਸ਼ ਦੀ ਉਮੀਦ ਕੀਤੀ ਜਾ ਰਹੀ ਹੈ।

# ਮੁੱਖ ਭੂਮਿਕਾ ਨਿਭਾ ਰਹੀ ਹਰਲੀਨ ਕੌਰ ਰੇਖੀ

ਟੀਵੀ ਅਦਾਕਾਰਾ ਹਰਲੀਨ ਕੌਰ ਰੇਖੀ ਇਸ ਸਮੇਂ ਸਟਾਰ ਭਾਰਤ ਦੇ ਸ਼ੋਅ 'ਕਾਮਧੇਨੂ ਗੌਮਾਤਾ' ਵਿੱਚ ਮੁੱਖ ਕਿਰਦਾਰ ਕਾਮਧੇਨੂ ਦੇਵੀ ਦੇ ਰੂਪ ਵਿੱਚ ਨਜ਼ਰ ਆ ਰਹੀ ਹੈ। ਇਸ ਸ਼ੋਅ ਦਾ ਨਿਰਮਾਣ ਪ੍ਰੇਮ ਸਾਗਰ ਅਤੇ ਸ਼ਿਵ ਸਾਗਰ ਆਪਣੇ ਬੈਨਰ ਸਾਗਰ ਵਰਲਡ ਮਲਟੀਮੀਡੀਆ ਹੇਠ ਕਰ ਰਹੇ ਹਨ। ਇਹ ਪਹਿਲੀ ਵਾਰ ਹੈ ਜਦੋਂ ਹਰਲੀਨ ਨੂੰ ਇੰਨੇ ਵੱਡੇ ਚੈਨਲ 'ਤੇ ਮੁੱਖ ਭੂਮਿਕਾ ਮਿਲੀ ਹੈ।

ਹਰਲੀਨ ਕਹਿੰਦੀ ਹੈ, ''ਮੈਂ ਸਤੰਬਰ ਵਿੱਚ ਇਸ ਭੂਮਿਕਾ ਲਈ ਆਡੀਸ਼ਨ ਦਿੱਤਾ ਸੀ, ਪਰ ਉਸ ਸਮੇਂ ਸਭ ਕੁਝ ਠੀਕ ਨਹੀਂ ਰਿਹਾ। ਲਗਭਗ ਸਾਢੇ ਤਿੰਨ ਮਹੀਨਿਆਂ ਬਾਅਦ, ਮੈਨੂੰ ਅਚਾਨਕ ਫੋਨ ਆਇਆ ਕਿ ਮੈਨੂੰ ਚੁਣਿਆ ਗਿਆ ਹੈ। ਮੈਂ ਬਹੁਤ ਖ਼ੁਸ਼ ਅਤੇ ਹੈਰਾਨ ਸੀ। ਲੁੱਕ ਟੈਸਟ ਦੌਰਾਨ, ਮੈਂ ਸੋਚਦੀ ਰਹੀ ਕਿ ਸ਼ੂਟਿੰਗ ਜਲਦੀ ਸ਼ੁਰੂ ਹੋਣੀ ਚਾਹੀਦੀ ਹੈ। ਸਾਡੇ ਕੰਮ ਵਿੱਚ ਕੁਝ ਵੀ ਪੱਕਾ ਨਹੀਂ ਹੈ ਜਦੋਂ ਤੱਕ ਤੁਸੀਂ ਸੈੱਟ 'ਤੇ ਨਹੀਂ ਪਹੁੰਚਦੇ।''

ਉਹ ਅੱਗੇ ਕਹਿੰਦੀ ਹੈ, ''ਜਦੋਂ ਮੈਂ ਪਹਿਲੀ ਵਾਰ ਪ੍ਰੇਮ ਸਾਗਰ ਸਰ ਨੂੰ ਮਿਲੀ, ਤਾਂ ਮੈਨੂੰ ਤੁਰੰਤ ਆਪਣੇਪਣ ਦਾ ਅਹਿਸਾਸ ਹੋਇਆ। ਉਹ ਮੇਰੇ ਲਈ ਇੱਕ ਮਾਰਗਦਰਸ਼ਕ ਵਾਂਗ ਬਣ ਗਏ। ਇਹ ਪਹਿਲੀ ਵਾਰ ਹੈ ਜਦੋਂ ਮੈਂ ਇੰਨੇ ਵੱਡੇ ਚੈਨਲ 'ਤੇ ਮੁੱਖ ਭੂਮਿਕਾ ਨਿਭਾ ਰਹੀ ਹਾਂ। ਇੰਡਸਟਰੀ ਵਿੱਚ 14-15 ਸਾਲ ਕੰਮ ਕਰਨ ਤੋਂ ਬਾਅਦ ਮੈਨੂੰ ਆਖਰਕਾਰ ਇਹ ਵੱਡਾ ਮੌਕਾ ਮਿਲਿਆ ਹੈ।''

ਆਪਣੇ ਕਿਰਦਾਰ ਦੀ ਤਿਆਰੀ ਬਾਰੇ ਗੱਲ ਕਰਦਿਆਂ ਹਰਲੀਨ ਕਹਿੰਦੀ ਹੈ, ''ਮੈਂ ਥੀਏਟਰ ਕਰ ਰਹੀ ਹਾਂ ਅਤੇ ਕਈ ਸਾਲਾਂ ਤੋਂ ਰਾਮਲੀਲਾ ਵੀ ਕਰ ਰਹੀ ਹਾਂ। ਇਸ ਲਈ ਮੇਰਾ ਸ਼ੁੱਧ ਹਿੰਦੀ ਦਾ ਆਧਾਰ ਸੀ, ਪਰ ਮੈਂ ਫਿਰ ਵੀ ਸਖ਼ਤ ਮਿਹਨਤ ਕੀਤੀ। ਮੈਂ ਪੂਰਾ ਸਟੋਰੀਬੋਰਡ ਮੰਗਿਆ ਅਤੇ ਕਈ ਐਪੀਸੋਡ ਪੜ੍ਹੇ। ਨਾਲ ਹੀ, ਮੈਂ ਰਚਨਾਤਮਕ ਟੀਮ ਤੋਂ ਸਲਾਹ ਲਈ ਤਾਂ ਜੋ ਮੈਂ ਕਿਰਦਾਰ ਦੀਆਂ ਬਾਰੀਕੀਆਂ ਨੂੰ ਸਮਝ ਸਕਾਂ।''

ਇੱਕ ਮਿਥਿਹਾਸਕ ਕਿਰਦਾਰ ਨਿਭਾਉਣ ਦੀਆਂ ਚੁਣੌਤੀਆਂ ਬਾਰੇ, ਉਹ ਕਹਿੰਦੀ ਹੈ, ''ਅਜਿਹੀਆਂ ਭੂਮਿਕਾਵਾਂ ਵਿੱਚ ਸਰੀਰਕ ਤਬਦੀਲੀ ਬਹੁਤ ਮਹੱਤਵਪੂਰਨ ਹੁੰਦੀ ਹੈ। ਹਰ ਕਿਰਦਾਰ ਦਾ ਰੂਪ ਅਤੇ ਸਰੀਰਕ ਭਾਸ਼ਾ ਵੱਖਰੀ ਹੋਣੀ ਚਾਹੀਦੀ ਹੈ। 'ਕਾਮਧੇਨੂ ਗੌਮਾਤਾ' ਲਈ ਮੈਨੂੰ ਹਰ ਰੋਜ਼ ਤਿਆਰ ਹੋਣ ਵਿੱਚ ਦੋ ਘੰਟੇ ਲੱਗਦੇ ਸਨ - ਪਹਿਰਾਵਾ, ਮੇਕਅਪ, ਗਹਿਣੇ, ਸਭ ਕੁਝ। ਨਾਲ ਹੀ ਭਾਸ਼ਾ ਸ਼ੁੱਧ ਹਿੰਦੀ ਹੋਣੀ ਚਾਹੀਦੀ ਹੈ। ਥੀਏਟਰ ਦੇ ਅਨੁਭਵ ਨੇ ਮੇਰੀ ਇਸ ਵਿੱਚ ਮਦਦ ਕੀਤੀ।''









# ਧੁੰਦ




ਵੀਰਵਾਰ ਨੂੰ ਸਾਡੇ ਇੱਥੇ ਬਹੁਤ ਸੰਘਣੀ ਧੁੰਦ ਪਈ ਸੀ। ਨਾ ਨਾ, ਉਨੀ ਨਹੀਂ ਕਿ ਹੱਥ ਨੂੰ ਹੱਥ ਨਾ ਦਿਸੇ। ਗਲੀ ਦੇ ਮੋੜ ਤੱਕ ਸਭ ਕੁਝ ਦਿਸਦਾ ਸੀ, ਪਰ ਇੰਨੀ ਧੁੰਦ ਇੱਥੇ ਕਦੇ-ਕਦਾਈਂ ਹੀ ਪੈਂਦੀ ਹੈ। ਇੱਥੇ ਤਾਂ ਠੰਡ ਵਿੱਚ ਵੀ ਮੌਸਮ ਅਕਸਰ ਸਾਫ਼ ਹੀ ਰਹਿੰਦਾ ਹੈ।

ਉਸ ਦਿਨ ਧੁੰਦ ਦੀ ਆੜ ਵਿੱਚ ਲੁਕਵੇਂ ਕੋਨਿਆਂ 'ਚ ਖੜ੍ਹੀ ਪੁਲਿਸ ਨੇ ਤੇਜ਼ ਰਫ਼ਤਾਰ ਵਾਲੇ ਵੀ ਬਹੁਤ ਦਬੋਚੇ। ਮੈਂ ਤਾਂ ਬਚ ਗਈ, ਕਿਉਂਕਿ ਮੈਂ ਮਿੱਥੀ ਰਫ਼ਤਾਰ ਤੋਂ ਉੱਪਰ ਬਹੁਤ ਘੱਟ ਜਾਂਦੀ ਹਾਂ, ਭਾਵੇਂ ਕੰਮ 'ਤੇ ਇੱਕ-ਦੋ ਮਿੰਟ ਲੇਟ ਹੀ ਕਿਉਂ ਨਾ ਹੋ ਜਾਵਾਂ। ਮੇਰਾ ਤਾਂ ਕੰਮ ਵੀ ਪੁਲਿਸ ਸਟੇਸ਼ਨ ਦੇ ਐਨ ਨਾਲ ਹੀ ਹੈ।

ਲੈ, ਗੱਲ ਤਾਂ ਕਿਸੇ ਹੋਰ ਹੀ ਪਾਸੇ ਤੁਰ ਪਈ। ਦੱਸਣ ਤਾਂ ਮੈਂ ਪੁਰਾਣੀ ਗੱਲ ਲੱਗੀ ਸੀ।

ਇਹ ਗੱਲ 2005 ਦੀ ਹੈ। ਮੈਂ ਬਾਰ੍ਹਵੀਂ ਜਮਾਤ ਵਿੱਚ ਸੀ। ਸਵੇਰੇ ਸੱਤ ਵਜੇ ਹਿਸਾਬ ਦੀ ਟਿਊਸ਼ਨ ਪੜ੍ਹਨ ਜਾਂਦੀ ਹੁੰਦੀ ਸੀ। ਸਿਆਲਾਂ ਦੇ ਦਿਨਾਂ ਵਿੱਚ ਉਸ ਵੇਲੇ ਧੁੰਦ ਅਤੇ ਹਨੇਰਾ ਜਿਹਾ ਹੀ ਹੁੰਦਾ ਸੀ। ਹੁਣ ਪੱਕਾ ਤਾਂ ਯਾਦ ਨਹੀਂ, ਪਰ ਹਿਸਾਬ ਵਾਲੇ ਸਰ ਦਾ ਘਰ ਪੁਰਾਣੇ ਬਾਜ਼ਾਰ ਵਿੱਚ ਸੀ। ਹਰ ਪੁਰਾਣੇ ਸ਼ਹਿਰ ਵਾਂਗ ਕੋਟਕਪੂਰੇ ਦੇ ਪੁਰਾਣੇ ਬਾਜ਼ਾਰ ਦੀਆਂ ਗਲੀਆਂ ਵੀ ਕਾਫ਼ੀ ਭੀੜੀਆਂ ਸਨ।

ਉਸ ਦਿਨ ਜਦੋਂ ਮੈਂ ਟਿਊਸ਼ਨ ਜਾ ਰਹੀ ਸੀ ਤਾਂ ਸਰ ਦੇ ਘਰ ਤੋਂ ਪਹਿਲਾਂ ਇੱਕ ਗਲੀ ਵਿੱਚ ਇੱਕ ਨੌਜਵਾਨ ਔਰਤ ਠੰਡ ਵਿੱਚ ਕੁੰਗੜਦੀ, ਗੋਦੀ ਵਿੱਚ ਨਿੱਕਾ ਜਿਹਾ ਜਵਾਕ ਚੁੱਕੀ, ਆਪਣੇ ਘਰ ਦੇ ਭੀੜੇ ਜਿਹੇ ਬਾਰ ਵਿੱਚ ਬੈਠੀ ਸੀ। ਧੁੰਦ ਕਰਕੇ ਉਹ ਮੈਨੂੰ ਨੇੜੇ ਜਾ ਕੇ ਹੀ ਦਿਸੀ। ਉਸਨੇ ਮੈਨੂੰ ਮਿੰਨਤਾਂ ਭਰੇ ਲਹਿਜ਼ੇ ਨਾਲ ਰੋਕ ਲਿਆ।

ਉਹ ਦੱਸਣ ਲੱਗੀ ਕਿ ਘਰ ਵਿੱਚੋਂ ਸਿਲੰਡਰ ਦੀ ਬਦਬੂ ਆ ਰਹੀ ਹੈ। ਘਰ ਵਿੱਚ ਅੱਜ ਸਿਰਫ਼ ਉਹ ਅਤੇ ਉਸਦੀ ਬਿਰਧ ਦਾਦੀ ਸੱਸ ਸਨ, ਜੋ ਚੱਲ-ਫਿਰ ਨਹੀਂ ਸਕਦੀ ਸੀ। ਉਸਨੂੰ ਸਿਲੰਡਰ ਬੰਦ ਕਰਨਾ ਨਹੀਂ ਆਉਂਦਾ ਸੀ, ਇਸ ਲਈ ਉਹ ਡਰਦੀ ਮਾਰੀ ਬਾਹਰ ਬੈਠੀ ਸੀ।

ਉਸਨੇ ਮੈਨੂੰ ਮਦਦ ਕਰਨ ਲਈ ਕਿਹਾ। ਮੇਰੀ ਸ਼ੁਰੂ ਤੋਂ ਹੀ ਆਦਤ ਰਹੀ ਹੈ ਕਿ ਜੇਕਰ ਕੋਈ ਮੇਰੇ ਤੋਂ ਮਦਦ ਮੰਗੇ ਤਾਂ ਮੈਂ ਆਪਣੀ ਵਿੱਤੋਂ ਬਾਹਰ ਜਾ ਕੇ ਵੀ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਭਾਵੇਂ ਮੈਨੂੰ ਵੀ ਪੂਰੀ ਤਰ੍ਹਾਂ ਨਹੀਂ ਪਤਾ ਸੀ ਕਿ ਸਿਲੰਡਰ ਦਾ ਵਾਲਵ ਕਿਵੇਂ ਬੰਦ ਕਰੀਦਾ ਹੈ, ਪਰ ਘਰ ਮੰਮੀ ਨੂੰ ਕਰਦੇ ਜ਼ਰੂਰ ਦੇਖਿਆ ਸੀ। ਮੈਂ ਸੋਚਿਆ, ਚਲੋ ਵਿਚਾਰੀ ਦੀ ਮਦਦ ਕਰ ਦਿੰਦੀ ਹਾਂ।

ਘਰ ਦਾ ਬਾਰ ਹੀ ਭੀੜਾ ਸੀ, ਅੰਦਰੋਂ ਠੀਕ-ਠਾਕ ਸੀ। ਇੱਕ ਕਮਰੇ ਵਿੱਚ ਦਾਦੀ ਪਈ ਸੀ ਤੇ ਉਸਨੇ ਥੋੜ੍ਹਾ ਅੰਦਰ ਹੋ ਕੇ ਰਸੋਈ ਵੱਲ ਇਸ਼ਾਰਾ ਕਰ ਦਿੱਤਾ। ਅਜੇ ਵੀ ਘੁਸਮੁਸਾ ਜਿਹਾ ਸੀ, ਪਰ ਬਾਹਰ ਜੱਗਦੀ ਲਾਈਟ ਦਾ ਚਾਨਣ ਅੰਦਰ ਆ ਰਿਹਾ ਸੀ। ਉਹ ਆਪ ਬਾਰ ਕੋਲ ਹੀ ਖੜ੍ਹੀ ਰਹੀ। ਮੈਂ ਅੰਦਰ ਜਾ ਕੇ ਸਿਲੰਡਰ ਬੰਦ ਕਰ ਦਿੱਤਾ। ਸਬੱਬੀ ਪਹਿਲੀ ਹੀ ਕੋਸ਼ਿਸ਼ ਵਿੱਚ ਬੰਦ ਹੋ ਗਿਆ। ਉਸਨੇ ਮੇਰਾ ਬਹੁਤ ਧੰਨਵਾਦ ਕੀਤਾ ਅਤੇ ਮੈਂ ਟਿਊਸ਼ਨ ਲਈ ਤੁਰ ਪਈ। ਉਹਨਾਂ ਦੇ ਘਰ ਦੇ ਅੰਦਰ ਵੜਦਿਆਂ ਤਾਂ ਮੈਨੂੰ ਬਿਲਕੁਲ ਵੀ ਡਰ ਨਹੀਂ ਲੱਗਾ। ਪਰ ਜਿਉਂ ਹੀ ਮੈਂ ਬਾਹਰ ਨਿਕਲੀ, ਮੈਂ ਸੱਚੀ ਡਰ ਗਈ। ਸੋਚਣ ਲੱਗੀ ਕਿ ਸੁੰਨਸਾਨ ਗਲੀ ਵਿੱਚ, ਜਿੱਥੇ ਕਿਸੇ ਨੂੰ ਪਤਾ ਵੀ ਨਹੀਂ, ਕਿਸੇ ਅਣਜਾਣ ਦੇ ਘਰ ਅੰਦਰ ਚਲੇ ਜਾਣਾ ਮੇਰੀ ਬਹਾਦਰੀ ਸੀ ਜਾਂ ਬੇਵਕੂਫ਼ੀ?

ਬਾਅਦ ਵਿੱਚ ਸੱਚੀ ਮੈਨੂੰ ਉਹ ਬਹਾਦਰੀ ਬੇਵਕੂਫ਼ੀ ਹੀ ਲੱਗੀ। ਦਿਲ ਡਰ ਗਿਆ ਕਿ ਜੇਕਰ ਅੰਦਰ ਕੋਈ ਹੋਰ ਹੁੰਦਾ? ਜੇਕਰ ਇਹ ਕਿਸੇ ਸਾਜ਼ਿਸ਼ ਦਾ ਹਿੱਸਾ ਹੁੰਦਾ? ਜੇਕਰ ਦਰਵਾਜ਼ਾ ਬੰਦ ਕਰ ਲੈਂਦੇ ਤਾਂ?

ਇੱਥੇ ਪਈ ਧੁੰਦ ਨੇ ਉਹ ਪੁਰਾਣੀ ਯਾਦ ਮੁੜ ਤਾਜ਼ਾ ਕਰਵਾ ਦਿੱਤੀ।

ਹੁਣ ਤਾਂ ਨਿੱਤ ਦਿਹਾੜੇ ਹੁੰਦੀਆਂ ਵਾਰਦਾਤਾਂ ਨੂੰ ਵੇਖ ਕੇ ਮੈਨੂੰ ਆਪਣੀ ਉਹ ਮਦਦ ਸੱਚੀ ਬੇਵਕੂਫ਼ੀ ਹੀ ਲੱਗਦੀ ਹੈ। ਮਦਦ ਕਰਨੀ ਅੱਜ ਵੀ ਮਾੜੀ ਗੱਲ ਨਹੀਂ ਲੱਗਦੀ, ਪਰ ਹੁਣ ਇੰਨੀ ਸਮਝ ਜ਼ਰੂਰ ਆ ਗਈ ਹੈ ਕਿ ਮਦਦ ਕਰਦਿਆਂ ਆਪਣੀ ਸੁਰੱਖਿਆ ਦਾ ਧਿਆਨ ਰੱਖਣਾ ਵੀ ਉੱਨਾ ਹੀ ਜ਼ਰੂਰੀ ਹੈ।

ਹੁਣ ਤਾਂ ਸੋਚ ਕੇ ਵੀ ਡਰ ਆਉਂਦਾ ਹੈ ਕਿ ਉਦੋਂ ਮੈਂ ਉਹ ਸਭ ਕਿਵੇਂ ਕਰ ਲਿਆ ਸੀ।

ਹਰਪ੍ਰੀਤ ਬਰਾੜ ਸਿੱਧੂ

# ਮਾਂ ਜਾਇਆ

ਹਲਵਾਈ ਵੱਲ ਗੇੜਾ ਮਾਰ ਆਈਂ, ਪਰਸੋਂ ਭੱਠੀ ਚੜ੍ਹਾਉਣੀ ਆਂ। ਉਹਨੂੰ ਦੱਸ ਦੇਵੀਂ ਕੇ ਚਾਰ ਸਿਲੰਡਰ ਭਰਾ ਲਏ 'ਤੇ ਸੁੱਕੀਆਂ ਲੱਕੜਾਂ ਦਾ ਵੀ ਪ੍ਰਬੰਧ ਕਰ ਲਿਆ। ਨਾਲੇ ਉਹ ਆਪਣੇ ਬਾਹਰਲੇ ਘਰ ਵਾਲਾ ਜਿਹੜਾ ਸਾਮਾਨ ਰੰਗ ਰੋਗਨ ਲਈ ਦਿੱਤਾ ਸੀ, ਸਾਰਾ ਨਵੀਂ ਕੋਠੀ ਵਿਚ ਲੈ ਆਇਓ।

ਘਰ ਧੀ ਦਾ ਵਿਆਹ ਧਰਿਆ ਹੋਇਆ ਸੀ,ਤੇ ਬੰਤ ਸਭ ਨੂੰ ਕੰਮ ਸਮਝਾ ਰਿਹਾ ਸੀ। ਰਾਜੇ ਪੁੱਤ ਜਲਦੀ ਸਾਮਾਨ ਲੱਦੋ, ਪਹਿਲਾਂ ਹੀ ਕੁਵੇਲਾ ਹੋਈ ਜਾਂਦਾ, ਨਾਲੇ ਵਾਟ ਵੀ ਦੂਰ ਦੀ ਆ। ਬਸ ਪਾਪਾ ਜੀ ਅਲਮਾਰੀ ਰਹਿ ਗਈ ਰੱਖਣ ਵਾਲੀ ਬਾਕੀ ਸਾਮਾਨ ਤਾਂ ਲੱਦ ਲਿਆ। ਚਾਰਾਂ ਦਿਨਾਂ ਬਾਅਦ ਆਨੰਦਕਾਰਜ ਸੀ ਧੀ ਦੇ 'ਤੇ ਅੱਜ ਹੀ ਸਾਰਾ ਸਾਮਾਨ ਸਹੁਰੇ ਘਰ ਭੇਜਣਾ ਸੀ। ਨਿੰਮ ਦੀ ਛਾਵੇਂ ਖੇਸਾਂ ਦੇ ਬੰਬਲ ਵੱਟ ਦੀ ਬੀਬੀ ਅੱਖਾਂ ਭਰੀ ਬੈਠੀ। ਬੰਤ ਸਿੰਘ ਨੇ ਦੇਖਿਆ ਤਾਂ ਦੌੜ ਬੀਬੀ ਕੋਲ ਜਾ ਬੈਠਾ।

ਬੀਬੀ ਕੀ ਗੱਲ ਰੋ ਕਿਉਂ ਰਹੀ ਏਂ।

ਤੈਨੂੰ ਤਾਂ ਸਗੋਂ ਖ਼ੁਸ਼ ਹੋਣਾ ਚਾਹੀਦਾ ਤੇਰੀ ਪੋਤੀ ਦਾ ਵਿਆਹ।

ਦੱਸ ਕੀ ਗੱਲ ਏ ਬੀਬੀ...



ਉਹ ਦੇਖ ਮੇਰਾ ਪੋਤਾ, ਕਿੰਨੇ ਚਾਵਾਂ ਨਾਲ ਆਪਣੀ ਭੈਣ ਦਾ ਸਾਮਾਨ ਲੱਦ ਰਿਹਾ ਏ ਉਹਦੇ ਸਹੁਰੇ ਲੈ ਕੇ ਜਾਣ ਲਈ 'ਤੇ ਬੀਬੀ ਦੇ ਚਿਹਰੇ 'ਤੇ ਖ਼ੁਸ਼ੀ ਜਿਹੀ ਆ ਗਈ 'ਤੇ ਦੂਜੇ ਪਲ ਫਿਰ ਹੰਝੂ ਵਹਿ ਤੁਰੇ। ਮੈਂ ਸਮਝ ਨਹੀਂ ਸੀ ਸਕਿਆ ,ਬੀਬੀ ਦਾ ਦਰਦ 'ਤੇ ਬੀਬੀ ਨੇ ਵੀ ਉਂਗਲ ਦਰਵਾਜ਼ੇ ਵੱਲ ਕਰ ਦਿੱਤੀ 'ਤੇ ਬੋਲੀ..ਉਹ ਵੇਖ ਪੁੱਤ, ਮੇਰਾ ਸੁੱਚਾ ਵੀਰ ਆ ਰਿਹਾ ਮੈਨੂੰ ਮਿਲਣ। ਭਾਵੇਂ ਸੁੱਚੇ ਵੀਰ ਨੂੰ ਮੁੱਕਿਆਂ ਵਰ੍ਹੇ ਬੀਤ ਗਏ,ਪਰ ਅੱਜ ਲੱਗਦਾ ਜਿਵੇਂ ਉਹ ਫੇਰ ਮੈਨੂੰ ਆਖ ਰਿਹਾ ਹੋਵੇ, ਭੈਣੇ ਮੈਂ ਆ ਗਿਆ। ਪੁੱਤ ਲਗਦਾ ਉਮਰ ਵਧ ਗਈ ਮੇਰੀ। ਮੈਂ ਦਰਵਾਜ਼ੇ ਵੱਲ ਤੱਕਿਆ ਤਾਂ ਅੰਦਰੋਂ ਧਾਹਾਂ ਨਿਕਲ ਗਈਆਂ, ਅੱਖੋਂ ਹੰਝੂ ਵਹਿ ਤੁਰੇ,ਉਸ ਰੱਬ ਦਾ ਸ਼ੁਕਰਾਨਾ ਕੀਤਾ। ਵਾਹ ਉਏ ਰੱਬਾ ਕਿੰਨੇ ਵੱਡੇ ਪਾਪ ਤੋਂ ਬਚਾ ਲਿਆ। ਹਲਵਾਈ ਨੇ ਤਾਂ ਕਿਹਾ ਸੀ ਕਿ ਆ ਟੁੱਟਿਆ ਭੱਜਿਆ ਸੰਦੂਕ ਤੁਸੀਂ ਕੀ ਕਰਨਾ, ਇਸ ਦੀ ਲੱਕੜ ਸੁੱਕੀ ਏ,ਏਸੇ ਨੂੰ ਹੀ ਵੱਢ ਲਵੋ, ਪਰ ਮੈਂ ਨਹੀਂ ਮੰਨਿਆ। ਬੀਬੀ ਅਕਸਰ ਦੱਸਦੀ ਹੁੰਦੀ ਸੀ ਕਿ ਇਹ ਸੰਦੂਕ ਸੁੱਚਾ ਵੀਰ ਬੜੇ ਚਾਵਾਂ ਨਾਲ ਇਸ ਘਰੇ ਛੱਡ ਕੇ ਗਿਆ ਸੀ 'ਤੇ ਉਹ ਬੀਬੀ ਦੇ ਸੰਦੂਕ ਨੂੰ ਮੈਂ ਰੰਗ ਰੋਗਨ ਕਰਵਾ ਅੱਜ ਨਵੀਂ ਕੋਠੀ ਵਿੱਚ ਰੱਖਣ ਲਈ ਕਿਹਾ ਸੀ। ਖੂੰਡੀ ਦੇ ਸਹਾਰੇ ਉੱਠ ਬੀਬੀ ਨੇ ਜਾਂ ਉਸ ਸੰਦੂਕ ਨੂੰ ਕਲਾਵੇ ਵਿੱਚ ਲੈ ਲਿਆ ਜਿਵੇਂ ਸੱਚੀ ਉਸ ਦਾ ਮਾਂ ਜਾਇਆ ਅੱਜ ਘਰ ਆ ਗਿਆ ਹੋਵੇ।

ਸੱਚਮੁੱਚ। ਜੋ ਚਲੇ ਜਾਂਦੇ ਨੇ' ਕਦੇ ਭੁਲਾਏ ਨਹੀਂ ਜਾਂਦੇ।

ਕੁਲਵੰਤ ਘੋਲੀਆ

## ਕਹਾਣੀ

# ਆਂਦਰਾਂ ਨੂੰ ਠਾਰ

ਮਾਂ ਦੇ ਅਖੀਰਲੇ ਬੋਲ ਸੀ ਕਿ ਲੜਿਉ ਨਾ, ਰਲ ਮਿਲ ਕੇ ਰਹਿਉ। ਸਾਰੀ ਉਮਰ ਮਾਂ ਦੀ ਐਂਵੇ ਨਿਕਲ ਗਈ ਪਹਿਲਾਂ ਦਾਦੀ ਦਾ ਦਬਾਅ ਝੱਲਿਆ ਤੇ ਫਿਰ ਨੂੰਹ ਦਾ। ਮਾਂ ਦੀਆਂ ਦਿੱਤੀਆਂ ਮੱਤਾਂ ਸਹੁਰੇ ਘਰ ਜਾ ਕੇ ਕੰਮ ਆਈਆਂ। ਮਾਂ ਅਕਸਰ ਆਖਦੀ ਕਿ ਨਣਾਨਾਂ ਨਾਲ ਬਣਾ ਕੇ ਰੱਖੀਦੀ , ਉਹ ਵੀ ਤਾਂ ਘਰ ਦਾ ਹਿੱਸਾ ਹੁੰਦੀਆਂ। ਆਵਦਿਆਂ ਨਾਲੋਂ ਟੁੱਟ ਕੇ ਕਿੱਥੇ ਸਰਦਾ ।

ਮੈਂ ਜਦੋਂ ਕੁਆਰੀ ਸੀ ਤਾਂ ਅਕਸਰ ਭਾਬੀ ਨਾਲ ਮੇਰੀ ਲੜ੍ਹਾਈ ਹੋ ਜਾਂਦੀ ਸੀ। ਗੱਲ ਇਹ ਸੀ ਕਿ ਉਸ ਚ ਈਗੋ ਬਹੁਤ ਸੀ। ਅਸੀਂ ਲੜ੍ਹ ਪੈਂਦੀਆਂ ਤਾਂ ਛੇ ਛੇ ਮਹੀਨੇ ਨਾ ਬੋਲਦੀਆਂ। ਕਦੇ ਬੁਲਾਉਣ ਦੀ ਕੋਸ਼ਿਸ਼ ਕਰਨਾ ਤਾਂ ਉਹਨੇ ਮੂੰਹ ਤੇ ਹੀ ਕਹਿ ਦੇਣਾ ਕਿ ਮੈਂ ਨਹੀਂ ਪਸੰਦ ਕਰਦੀ ਬੁਲਾਉਣਾ। ਸਾਲ ਚ ਮਸੀਂ ਦੋ ਕੁ ਮਹੀਨੇ ਚੱਜ ਨਾਲ ਬੋਲਦੀ। ਭਾਬੀ ਮੇਰੇ ਨਾਲ ਲੜ੍ਹਦੀ ਤਾਂ ਗੁੱਸਾ ਸਾਰਾ ਦੂਸਰੇ ਘਰਵਾਲਿਆਂ ਤੇ ਨਿਕਲਦਾ , ਮਾਂ ਨਾਲ ਸਿੱਧੇ ਮੂੰਹ ਨਾ ਬੋਲਦੀ ।

ਮਾਂ ਨੂੰ ਬੜਾ ਹੇਰਵਾ ਜਿਹਾ ਸੀ ਕਿ ਮੇਰੀ ਨੂੰਹ ਮੇਰੇ ਕੋਲ ਬੈਠੇ ਗੱਲਾਂ ਕਰੇ ਪਰ ਉਹ ਮਾਂ ਨੂੰ ਗੱਲਾਂ ਗੱਲਾਂ ਚ ਸੁਣਾਉਂਦੀ ਰਹਿੰਦੀ ਕਿ ਉਸਤੋਂ ਅਲਕਤ ਆਉਂਦੀ ਏ ਉਸਨੂੰ । ਮਾਂ ਕਦੇ ਕਦੇ ਹਿਰਖਦੀ ਮੇਰੇ ਕੋਲ ਆਖਦੀ ਕਿ ਜਿਹਦੇ ਨਾਲ ਵਿਆਹੀ ਆ , ਉਹ ਮੇਰਾ ਹੀ ਜੰਮਿਆ .. ਮੇਰੇ ਚੋ ਮੁਸ਼ਕ ਆਉਂਦਾ ਤਾਂ ਮੇਰੇ ਜੰਮੇ ਚੋ ਨਹੀਂ ਆਉਂਦਾ । ਮਾਂ ਦੀ ਐਡੀ ਹਿੰਮਤ ਹੀ ਨਹੀਂ ਸੀ ਨੂੰਹ ਮੂਹਰੇ ਕੁਛ ਬੋਲ ਸਕੇ , ਅਗਲੀ ਇੱਕ ਦੀਆਂ ਚਾਰ ਸੁਣਾਉਂਦੀ ਸੀ ਤੇ ਉੱਤੋਂ ਸਰਕਾਰੀ ਨੌਕਰੀ ਦੀ ਧੌਂਸ ਦਿਖਾਉਂਦੀ ਸੀ ।

ਸਮਾਂ ਬੀਤਿਆ ਤੇ ਮੇਰਾ ਵਿਆਹ ਹੋ ਗਿਆ ਜਾਂ ਕਹਿ ਲਵੋ ਕਿ ਮੇਰੀ ਜਾਨ ਤਾਂ ਛੁੱਟ ਗਈ ਪਰ ਉਹਨੇ ਮਿਹਣੇ ਦੇ ਦੇ ਕੇ ਮਾਂ ਜਰੂਰ ਕਮਲੀ ਕਰਤੀ ਸੀ । ਮਾਂ ਨੂੰ ਅਟੈਕ ਹੋਇਆ ਤਾਂ ਅਧਰੰਗ ਹੋ ਗਿਆ । ਹੁਣ ਮਾਂ ਸਾਡੇ ਗਈਆਂ ਤੋ ਅੱਖਾਂ ਭਰ ਲੈਂਦੀ , ਹੱਥ ਫੜ੍ਹ ਚੁੰਮਦੀ । ਮਾਂ ਨੂੰ ਢਿੱਡੋਂ ਦੁੱਖ ਸੀ ਕਿ ਭਰਜਾਈ ਸਿੱਧੇ ਮੂੰਹ ਸਾਨੂੰ ਨਹੀਂ ਬੁਲਾਉਂਦੀ । ਰੱਖੜੀ ਤੇ ਗਈਆਂ ਤਾਂ ਵੀਰੇ ਨੂੰ ਕਹਿਣ ਲੱਗੀ ਕਿ ਹੁਣ ਆ ਗਈਆਂ ਮੂੰਹ ਚੱਕ ਕੇ ... ਪੈਸਿਆਂ ਦੀਆਂ ਭੁੱਖੀਆਂ । ਵੀਰਾ ਚੁੱਪ ਚਾਪ ਸੁਣ ਰਿਹਾ । ਕਹਿੰਦਾ ਵੀ ਕੀ ... ਪਤਾ ਸੀ ਕਿ ਜੇ ਮੂਹਰੋਂ ਕੁਛ ਕਹੂਗਾ ਤਾਂ ਅਗਲੀ ਚਾਰ ਹੋਰ ਸਣਾਊ । ਸਿਆਣਾ ਬੰਦਾ ਚੁੱਪ ਚ ਹੀ ਭਲਾਈ ਮੰਨਦਾ । ਵੀਰੇ ਦੇ ਰੱਖੜੀ ਬੰਨ੍ਹੀ ਤਾਂ ਉਹਨੇ 2100 ਰੁਪਏ ਹੱਥ ਚ ਫੜ੍ਹਾ ਦਿੱਤੇ । । ਮੈਂ ਉਹੀ ਪੈਸੇ ਭਤੀਜੀ ਨੂੰ ਦੇ ਦਿੱਤੇ ਕਿ ਸੂਟ ਬਣਾ ਲੀ । ਵੱਡੀ ਭੈਣ ਕਹਿੰਦੀ ਕਿ ਸ਼ਗਨਾਂ ਦੇ ਪੈਸੇ , ਮੈਂ ਨਹੀਂ ਮੋੜਦੀ । ਉਹਨੇ ਭਾਬੀ ਦੀ ਗੱਲ ਨਹੀਂ ਸੀ ਸੁਣੀ ਭੁੱਖੀਆਂ ਵਾਲੀ । ਮਾਂ ਮੰਜੇ ਤੇ ਪਈ ਸਭ ਦੇਖ ਰਹੀ ਸੀ , ਪਾਟੇ ਜਿਹੇ ਘਸਮੈਲੇ ਸਰਮਈ ਰੰਗ ਦੇ ਸਿਰਹਾਣੇ ਹੰਝੂ ਸੁੱਟ ਰਹੀ ਸੀ । ਜੋ ਕੁਛ ਮੈਂ ਪੇਕੀਂ ਹੰਢਾਇਆ ਸੀ ਤੇ ਮੈਂ ਨਹੀਂ ਕਦੇ ਵੀ ਚਾਹੁੰਦੀ ਕਿ ਮੇਰੀਆਂ ਨਣਾਨਾਂ ਐਂਵੇ ਮਹਿਸੂਸ ਕਰਨ । ਮੈਂ ਹਰ ਸੰਭਵ ਕੋਸ਼ਿਸ਼ ਕਰ ਰਹੀ ਸੀ ਕਿ ਉਹਨਾਂ ਨੂੰ ਪੇਕਾ ਘਰ ਬੇਗਾਨਾ ਕਦੇ ਨਾ ਲੱਗੇ । ਰੱਖੜੀ ਤੇ ਬਥੇਰਾ ਭਰਾ ਨੇ ਜ਼ੋਰ ਲਾਇਆ ਕਿ ਰਹਿ ਪੋ ਪਰ ਮੈਨੂੰ ਪਤਾ ਸੀ ਕਿ ਘਰ ਨਣਾਨ ਨੇ ਰੱਖੜੀ ਬੰਨ੍ਹਣ ਆਉਣਾ ਤੇ ਮੇਰੇ ਘਰਵਾਲੇ ਦਾ ਘਰੇ ਹੋਣਾ ਜ਼ਰੂਰੀ ਏ । ਅਸੀਂ ਸਹੁਰੇ ਪਿੰਡ ਵਾਪਿਸ ਮੁੜ ਗਏ। ਹਾਲੇ ਰਾਸਤੇ ਚ ਹੀ ਸਾਂ ਕਿ ਪਿੰਡੋਂ ਭਰਾ ਦਾ ਫ਼ੋਨ ਆਇਆ ਕਿ ਮਾਂ ਤੜਫ਼ ਰਹੀ ਹੋ ਗਈ , ਜਲਦੀ ਵਾਪਸ ਅ ਜਾ । ਘਰ ਗਏ ਤਾਂ ਮਾਂ ਆਖਰੀ ਸਾਹਾਂ ਤੇ ਸੀ। ਮੇਰੇ ਕੋਲ ਜਾਣ ਤੇ ਕਹਿੰਦੀ ਕਿ ਲੜਿਉ ਨਾ, ਰਲ ਮਿਲ ਕੇ ਰਹਿਉ। ਮਾਂ ਨੂੰ ਮੈਂ ਭਰੀਆਂ ਅੱਖਾਂ ਨਾਲ ਹੁੰਗਾਰਾ ਦਿੱਤਾ। ਪਿੱਛੇ ਖੜ੍ਹੀ ਭਰਜਾਈ ਦੀ ਐਨੀ ਕੁ ਆਵਾਜ਼ ਕੰਨ੍ਹੀ ਪਈ , "ਕਿਵੇਂ ਖੇਖਣ ਕਰਦੀਆਂ। " ਕਾਲਜਾ ਪਾਟ ਰਿਹਾ ਸੀ, ਮਾਂ ਦੂਰ ਹੋ ਰਹੀ ਸੀ। ਦੁਆ ਕਰ ਰਹੀ ਸੀ ਕਿ ਮਾਂ ਦੇ ਕੰਨੀ ਨਾ ਭਾਬੀ ਦੇ ਬੋਲ ਪਏ ਹੋਣ। ਮਾਂ ਅੱਖਾਂ ਮੀਚ ਗਈ ਤੇ ਮਾਂ ਧਾਹ ਮਾਰ ਵੀਰੇ ਨੂੰ ਚਿੰਬੜ ਗਈ। ਖੂਨ ਖੂਨ ਦਾ ਸਕਾ ਹੁੰਦਾ ਤੇ ਵੀਰੇ ਨਾਲ ਤਾਂ ਕਿਸੇ ਦੀ ਕੋਈ ਲੜ੍ਹਾਈ ਹੀ ਨਹੀਂ ਸੀ। ਉਸ ਵੇਲੇ ਵੀਰੇ ਦਾ ਦਰਦ ਅਸੀਂ ਭੈਣਾਂ ਹੀ ਸਮਝ ਸਕਦੀਆਂ ਸੀ ਤੇ ਸਾਡਾ ਦਰਦ ਉਹ। ਕੁੱਖ ਜੋ ਸਾਂਝੀ ਸੀ।



ਮਾਂ ਦੇ ਬੋਲ ਪੁਗਾਉਣ ਲਈ ਪੇਕਾ ਘਰ ਕਦੇ ਨਾ ਛੱਡਿਆ । ਜਾਣਾ , ਮਿਹਣੇ ਸੁਣਨਾ ਤੇ ਚੁੱਪ ਕਰਕੇ ਅਗਲੇ ਦਿਨ ਵਾਪਿਸ ਮੁੜ ਆਉਣਾ । ਵੀਰੇ ਚੋ ਮਾਂ ਵਰਗਾ ਨਿੱਘ ਆਉਂਦਾ ਜੋ ਭਾਬੀ ਦੇ ਮਿਹਣੇ ਭੁਲਾ ਦਿੰਦਾ । ਮਾਂ ਵੀ ਤਾਂ ਇਹੀ ਆਖਦੀ ਹੁੰਦੀ ਕਿ ਕੋਈ ਨਾ ਨਿਆਣ ਮੱਤ ਆ , ਆਪੇ ਵਰਤਣ ਲੱਗ ਜੂ ਕੱਲ੍ਹ ਨੂੰ ਥੋੜੇ ਨਾਲ...।

ਗੱਲ ਸੱਚ ਵੀ ਹੋਈ ਕਿ ਪਿਛਲੀ ਉਮਰ ਚ ਜਾ ਕੇ ਉਹ ਸਾਡਾ ਦੋਨਾਂ ਭੈਣਾਂ ਦਾ ਤਿਹੁ ਕਰਨ ਲੱਗ ਗਈ ਸੀ । ਦੁੱਖਦੇ ਸੁੱਖਦੇ ਫੋਨ ਕਰਕੇ ਸੱਦ ਲੈਂਦੀ । ਕਦੇ ਕਦੇ ਮਨ ਚ ਆਉਂਦਾ ਕਿ ਮਾਂ ਦੀਆਂ ਹੀ ਆਂਦਰਾਂ ਨੂੰ ਠਾਰ ਨਹੀਂ ਸੀ ਮਿਲਣਾ। ਭਾਬੀ ਉਹਦੇ ਜਿਉਂਦੇ ਜੀਅ ਕਦੇ ਸਿੱਧੇ ਮੂੰਹ ਨਹੀਂ ਸੀ ਬੋਲੀ ।

ਰਿਸ਼ਤਿਆਂ ਨੂੰ ਸਵਾਰਦੇ ਉਮਰ ਲੰਘ ਜਾਂਦੀ ਏ ਤੇ ਕਦੇ ਕਦੇ ਬੰਦੇ ਵੀ ਤੁਰ ਜਾਂਦੇ ਨੇ ਪਰ ਉਹ ਰਿਸ਼ਤਿਆਂ ਦੇ ਡਿੱਗੇ ਬੁੱਲ ਸੂਤ ਕਰਨ ਨੂੰ ਦਹਾਕੇ ਗੁਜ਼ਰ ਜਾਂਦੇ ਨੇ ।

ਲਿਖਤ- ਬਰਾੜ ਜੈਸੀ

# ਅਦਿੱਖ ਕਰਜ਼ਾ

## ਪੁੱਤ, ਹਿਸਾਬ ਤਾਂ ਬਰਾਬਰ ਦੇ ਲੋਕਾਂ ਵਿੱਚ ਹੁੰਦਾ ਹੈ... ਤੂੰ ਮੈਨੂੰ ਕੀ ਮੋੜੇਂਗਾ?"

ਸਾਨੂੰ ਲੱਗਦਾ ਹੈ ਕਿ ਅਸੀਂ ਵੱਡੇ ਹੋ ਕੇ ਮਾਪਿਆਂ ਦਾ ਸਭ ਕੁਝ ਮੋੜ ਸਕਦੇ ਹਾਂ, ਪਰ ਉਸ 'ਅਦਿੱਖ ਕਰਜ਼ੇ' ਦੀ ਕੋਈ ਰਸੀਦ ਨਹੀਂ ਹੁੰਦੀ, ਜੋ ਉਨ੍ਹਾਂ ਨੇ ਸਾਡੇ ਭਵਿੱਖ ਨੂੰ ਸਜਾਉਣ ਲਈ ਚੁੱਪਚਾਪ ਚੁਕਾਇਆ ਹੈ।

ਪਹਿਲੀ ਨੌਕਰੀ, ਪਹਿਲੀ ਤਨਖਾਹ ਅਤੇ ਪਾਪਾ ਦੀ ਇੱਕ ਗੱਲ ਨੇ ਮੇਰੀ ਪੂਰੀ ਸੋਚ ਬਦਲ ਦਿੱਤੀ। ਇਹ ਕਹਾਣੀ ਸਿਰਫ਼ ਮੇਰੀ ਨਹੀਂ, ਸਾਡੇ ਸਾਰਿਆਂ ਦੀ ਹੈ। ਇੱਕ ਵਾਰ ਬੈਠ ਕੇ ਇਸ ਨੂੰ ਦਿਲੋਂ ਜ਼ਰੂਰ ਪੜ੍ਹੋ...

ਇਹ ਕਿਸੇ ਕਿਤਾਬ ਦੀ ਕਹਾਣੀ ਨਹੀਂ, ਇਹ ਮੇਰੀ ਆਪਣੀ ਜ਼ਿੰਦਗੀ ਦਾ ਉਹ ਸੱਚ ਹੈ ਜਿਸ ਨੂੰ ਮਹਿਸੂਸ ਤਾਂ ਮੈਂ ਸਾਲਾਂ ਤੱਕ ਕੀਤਾ, ਪਰ ਸਮਝ ਉਦੋਂ ਆਇਆ ਜਦੋਂ ਮੋਢਿਆਂ 'ਤੇ ਜ਼ਿੰਮੇਵਾਰੀਆਂ ਦਾ ਬੋਝ ਪਿਆ।

### ਅਦਿੱਖ ਕਰਜ਼ਾ

ਲੋਕ ਕਹਿੰਦੇ ਹਨ ਕਿ ਕਰਜ਼ਾ ਉਹ ਹੁੰਦਾ ਹੈ ਜੋ ਬੈਂਕ ਤੋਂ ਲਿਆ ਜਾਵੇ ਜਾਂ ਕਿਸੇ ਰਿਸ਼ਤੇਦਾਰ ਤੋਂ ਉਧਾਰ ਮੰਗਿਆ ਜਾਵੇ। ਪਰ ਮੇਰੀ ਨਜ਼ਰ ਵਿੱਚ ਸਭ ਤੋਂ ਭਾਰੀ ਕਰਜ਼ਾ ਉਹ ਹੁੰਦਾ ਹੈ, ਜਿਸ ਦੀ ਕੋਈ ਰਸੀਦ ਨਹੀਂ ਹੁੰਦੀ, ਕੋਈ ਬੈਂਕ ਪਾਸਬੁੱਕ ਨਹੀਂ ਹੁੰਦੀ ਅਤੇ ਨਾ ਹੀ ਉਸ ਨੂੰ ਚੁਕਾਉਣ ਦੀ ਕੋਈ ਤੈਅ ਤਾਰੀਖ ਹੁੰਦੀ ਹੈ। ਇਹ 'ਅਦਿੱਖ ਕਰਜ਼ਾ' ਹੁੰਦਾ ਹੈ ਮਾਪਿਆਂ ਦੇ ਉਸ ਪਸੀਨੇ ਅਤੇ ਕੁਰਬਾਨੀ ਦਾ, ਜੋ ਉਹ ਸਾਡੇ ਬਿਹਤਰ ਭਵਿੱਖ ਦੀ ਨੀਂਹ ਵਿੱਚ ਚੁੱਪਚਾਪ ਚੁਣ ਦਿੰਦੇ ਹਨ।

ਮੈਨੂੰ ਅੱਜ ਵੀ ਯਾਦ ਹੈ, ਜਦੋਂ ਮੈਂ ਛੋਟਾ ਸੀ, ਤਾਂ ਮੈਨੂੰ ਲੱਗਦਾ ਸੀ ਕਿ ਮੇਰੇ ਬੇਬੇ-ਬਾਪੂ ਕੋਲ ਕੋਈ ਜਾਦੂਈ ਚਿਰਾਗ ਹੈ। ਮੈਂ ਜਿਸ ਖਿਡੌਣੇ 'ਤੇ ਉਂਗਲੀ ਰੱਖ ਦਿੰਦਾ, ਮੇਰੀ ਜਿਸ ਕਿਤਾਬ ਦੀ ਮੰਗ ਹੁੰਦੀ, ਉਹ ਇੱਕ-ਦੋ ਦਿਨਾਂ ਵਿੱਚ ਮੇਰੇ ਸਾਹਮਣੇ ਹਾਜ਼ਰ ਹੋ ਜਾਂਦੀ। ਮੈਨੂੰ ਲੱਗਦਾ ਸੀ ਕਿ ਸਾਡੇ ਕੋਲ ਬਹੁਤ ਪੈਸੇ ਹਨ।

ਫਿਰ ਮੈਂ ਵੱਡਾ ਹੋਇਆ। ਕਾਲਜ ਦੀ ਭਾਰੀ ਫੀਸ ਦਾ ਵਕਤ ਆਇਆ। ਸ਼ਹਿਰ ਜਾਣ ਦੀ ਤਿਆਰੀ ਹੋਣ ਲੱਗੀ। ਮੈਂ ਦੇਖਿਆ ਕਿ ਬਾਪੂ ਜੀ ਰਾਤ-ਰਾਤ ਭਰ ਆਪਣੀ ਪੁਰਾਣੀ ਡਾਇਰੀ ਵਿੱਚ ਕੁਝ ਹਿਸਾਬ-ਕਿਤਾਬ ਜੋੜਦੇ ਰਹਿੰਦੇ ਸਨ। ਉਨ੍ਹਾਂ ਦੇ ਚਿਹਰੇ 'ਤੇ ਚਿੰਤਾ ਦੀਆਂ ਕੁਝ ਡੂੰਘੀਆਂ ਲਕੀਰਾਂ ਉਭਰ ਆਉਂਦੀਆਂ ਸਨ, ਪਰ ਜਿਵੇਂ ਹੀ ਮੇਰੀ ਨਜ਼ਰ ਉਨ੍ਹਾਂ 'ਤੇ ਪੈਂਦੀ, ਉਹ ਮੁਸਕਰਾ ਦਿੰਦੇ ਅਤੇ ਕਹਿੰਦੇ—"ਤੂੰ ਪੜ੍ਹਾਈ ਦੀ ਚਿੰਤਾ ਕਰ ਪੁੱਤ, ਪੈਸਿਆਂ ਦੀ ਗੱਲ ਤੇਰੇ ਵੱਸ ਦੀ ਨਹੀਂ, ਉਹ ਮੈਂ ਦੇਖ ਲਵਾਂਗਾ।"

ਉਸ ਸ਼ਹਿਰ ਵਿੱਚ ਰਹਿੰਦੇ ਹੋਏ ਮੈਂ ਆਪਣੀ ਹਰ ਖ਼ਾਹਿਸ਼ ਪੂਰੀ ਕੀਤੀ। ਨਵੇਂ ਕੱਪੜੇ, ਦੋਸਤਾਂ ਨਾਲ ਘੁੰਮਣਾ, ਵਧੀਆ ਖਾਣਾ... ਸਭ ਕੁਝ। ਮੈਂ ਹਰ ਮਹੀਨੇ ਬਾਪੂ ਜੀ ਤੋਂ ਪੈਸੇ ਮੰਗਵਾ ਲੈਂਦਾ



ਸੀ ਅਤੇ ਉਹ ਬਿਨਾਂ ਕੋਈ ਸਵਾਲ ਪੁੱਛੇ, ਤੈਅ ਤਾਰੀਖ ਤੋਂ ਪਹਿਲਾਂ ਪੈਸੇ ਭੇਜ ਦਿੰਦੇ ਸਨ।

ਸਮਾਂ ਬਦਲਿਆ। ਮੈਨੂੰ ਇੱਕ ਚੰਗੀ ਕੰਪਨੀ ਵਿੱਚ ਨੌਕਰੀ ਮਿਲ ਗਈ। ਪਹਿਲੀ ਤਨਖਾਹ ਆਈ, ਤਾਂ ਮੇਰਾ ਸੀਨਾ ਮਾਣ ਨਾਲ ਚੌੜਾ ਹੋ ਗਿਆ। ਮੈਨੂੰ ਲੱਗਿਆ ਕਿ ਹੁਣ ਮੈਂ ਆਤਮ-ਨਿਰਭਰ ਹਾਂ, ਹੁਣ ਮੇਰੇ 'ਤੇ ਕਿਸੇ ਦਾ ਕੋਈ ਅਹਿਸਾਨ ਨਹੀਂ। ਮੈਂ ਸੋਚ ਲਿਆ ਸੀ ਕਿ ਬਾਪੂ ਜੀ ਨੇ ਜਿੰਨੇ ਪੈਸੇ ਮੇਰੀ ਪੜ੍ਹਾਈ ਵਿੱਚ ਲਾਏ ਹਨ, ਮੈਂ ਇੱਕ-ਇੱਕ ਪੈਸਾ ਕਰਕੇ ਉਨ੍ਹਾਂ ਨੂੰ ਮੋੜ ਦਿਆਂਗਾ।

ਦੀਵਾਲੀ ਦੀਆਂ ਛੁੱਟੀਆਂ ਵਿੱਚ ਜਦੋਂ ਮੈਂ ਘਰ ਗਿਆ, ਤਾਂ ਆਪਣੀ ਪਹਿਲੀ ਤਨਖਾਹ ਨਾਲ ਬਾਪੂ ਜੀ ਲਈ ਇੱਕ ਮਹਿੰਗੀ ਘੜੀ ਅਤੇ ਮਾਂ ਲਈ ਇੱਕ ਸੋਹਣਾ ਸੂਟ ਲੈ ਕੇ ਗਿਆ। ਸ਼ਾਮ ਨੂੰ ਚਾਹ ਦੀਆਂ ਚੁਸਕੀਆਂ ਦੇ ਵਿਚਕਾਰ ਮੈਂ ਵੱਡੇ ਫ਼ਖਰ ਨਾਲ ਬਾਪੂ ਜੀ ਦੇ ਹੱਥਾਂ ਵਿੱਚ ਘੜੀ ਫੜਾਈ ਅਤੇ ਕਿਹਾ—

"ਬਾਪੂ ਜੀ, ਤੁਸੀਂ ਮੇਰੇ 'ਤੇ ਬਹੁਤ ਖਰਚ ਕੀਤਾ ਹੈ। ਹੁਣ ਮੈਂ ਕਮਾਉਣ ਲੱਗਿਆ ਹਾਂ। ਤੁਹਾਡਾ ਸਾਰਾ ਹਿਸਾਬ ਮੈਂ ਹੌਲੀ-ਹੌਲੀ ਚੁਕਾ ਦੇਵਾਂਗਾ।"

ਬਾਪੂ ਜੀ ਨੇ ਉਸ ਘੜੀ ਨੂੰ ਦੇਖਿਆ, ਫਿਰ ਹੌਲੀ ਜਿਹੀ ਮੁਸਕਰਾਏ। ਉਨ੍ਹਾਂ ਨੇ ਘੜੀ ਮੇਜ਼ 'ਤੇ ਰੱਖੀ, ਮੇਰਾ ਹੱਥ ਆਪਣੇ ਹੱਥਾਂ ਵਿੱਚ ਲਿਆ—ਉਨ੍ਹਾਂ ਦੇ ਹੱਥ ਮਿਹਨਤ-ਮਜ਼ਦੂਰੀ ਕਰਕੇ ਥੋੜ੍ਹੇ ਖੁਰਦਰੇ ਹੋ ਚੁੱਕੇ ਸਨ—ਅਤੇ ਬੋਲੇ:

"ਪੁੱਤ, ਹਿਸਾਬ ਤਾਂ ਬਰਾਬਰ ਦੇ ਲੋਕਾਂ ਵਿੱਚ ਹੁੰਦਾ ਹੈ। ਤੂੰ ਮੈਨੂੰ ਕੀ ਮੋੜੇਂਗਾ? ਕੀ ਤੂੰ ਮੈਨੂੰ ਉਹ ਰਾਤਾਂ ਮੋੜ ਸਕਦਾ ਹੈਂ ਜਦੋਂ ਤੇਰੀ ਮਾਂ ਤੇਰੇ ਬੁਖਾਰ ਵਿੱਚ ਰਾਤ ਭਰ ਜਾਗ ਕੇ ਪੱਟੀਆਂ ਰੱਖਦੀ ਸੀ? ਕੀ ਤੂੰ ਮੇਰੇ ਪੈਰਾਂ ਦੇ ਉਹ ਛਾਲੇ ਮੋੜ ਸਕਦਾ ਹੈਂ ਜੋ ਤੈਨੂੰ ਇਸ ਮੁਕਾਮ ਤੱਕ ਪਹੁੰਚਾਉਣ ਦੀ ਦੌੜ ਵਿੱਚ ਪਏ ਹਨ? ਜਾਂ ਤੂੰ ਮੇਰੀ ਉਸ ਫਟੀ ਹੋਈ ਬਨੈਣ ਦਾ ਹਿਸਾਬ ਦੇਵੇਗਾ ਜਿਸ ਨੂੰ ਪਾ ਕੇ ਮੈਂ ਸਾਲਾਂ ਗੁਜ਼ਾਰ ਦਿੱਤੇ ਤਾਂ ਜੋ ਤੇਰੀ ਨਵੀਂ ਕਮੀਜ਼ ਵਿੱਚ ਕੋਈ ਕਮੀ ਨਾ ਰਹੇ?"

ਬਾਪੂ ਜੀ ਦੀ ਗੱਲ ਸੁਣ ਕੇ ਕਮਰੇ ਵਿੱਚ ਇੱਕ ਡੂੰਘਾ ਸੰਨਾਟਾ ਛਾ ਗਿਆ। ਉਹ ਅੱਗੇ ਬੋਲੇ—

"ਤੂੰ ਤਾਂ ਸਿਰਫ ਉਹੀ ਦੇਖਿਆ ਜੋ ਤੈਨੂੰ ਮਿਲਿਆ, ਪਰ ਜੋ ਅਸੀਂ ਤੇਰੇ ਲਈ ਖੋਇਆ ਹੈ, ਉਸ ਦਾ ਹਿਸਾਬ ਤਾਂ ਅਸੀਂ ਕਦੇ ਡਾਇਰੀ ਵਿੱਚ ਲਿਖਿਆ ਹੀ ਨਹੀਂ। ਇਹ ਮਾਪਿਆਂ ਦਾ ਪਿਆਰ ਹੈ ਪੁੱਤ, ਇਹ ਕੋਈ ਕਰਜ਼ਾ ਨਹੀਂ ਜੋ ਪੈਸਿਆਂ ਨਾਲ ਚੁਕਿਆ ਜਾਵੇ। ਇਹ ਤਾਂ ਇੱਕ 'ਅਦਿੱਖ ਕਰਜ਼ਾ' ਹੈ, ਜਿਸ ਨੂੰ ਸਿਰਫ਼ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਉਹੀ ਸੰਸਕਾਰ ਅਤੇ ਪਿਆਰ ਦੇ ਕੇ ਅੱਗੇ ਵਧਾਇਆ ਜਾਂਦਾ ਹੈ।"ਉਸ ਦਿਨ ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਮੇਰੀ ਪੂਰੀ ਪਹਿਲੀ ਤਨਖਾਹ, ਮੇਰੀ ਘੜੀ, ਮੇਰੀ ਝੂਠੀ ਸ਼ਾਨ... ਸਭ ਕੁਝ ਬਾਪੂ ਜੀ ਦੇ ਉਨ੍ਹਾਂ ਦੋ ਹੰਝੂਆਂ ਅੱਗੇ ਬੌਣਾ ਸਾਬਤ ਹੋ ਗਿਆ। ਮੈਨੂੰ ਸਮਝ ਆ ਗਿਆ ਕਿ ਕੁਝ ਕਰਜ਼ੇ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਉਤਾਰਨ ਦੀ ਕੋਸ਼ਿਸ਼ ਕਰਨਾ ਵੀ ਉਨ੍ਹਾਂ ਦਾ ਅਪਮਾਨ ਹੁੰਦਾ ਹੈ।

ਅੱਜ ਜਦੋਂ ਮੈਂ ਖੁਦ ਇੱਕ ਬਾਪ ਹਾਂ ਅਤੇ ਆਪਣੇ ਬੱਚੇ ਦੀ ਛੋਟੀ ਜਿਹੀ ਖੁਸ਼ੀ ਲਈ ਆਪਣੀਆਂ ਲੋੜਾਂ ਨੂੰ ਹੱਸਦੇ-ਹੱਸਦੇ ਕੁਰਬਾਨ ਕਰ ਦਿੰਦਾ ਹਾਂ, ਉਦੋਂ ਮੈਨੂੰ ਉਸ ਅਦਿੱਖ ਕਰਜ਼ੇ ਦੀ ਅਸਲੀ ਡੂੰਘਾਈ ਸਮਝ ਆਉਂਦੀ ਹੈ। ਇਹ ਕਰਜ਼ਾ ਮੋੜਿਆ ਨਹੀਂ ਜਾਂਦਾ, ਇਹ ਤਾਂ ਬੱਸ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਿਆਰ ਅਤੇ ਕੁਰਬਾਨੀ ਦੇ ਰੂਪ ਵਿੱਚ ਮਹਿਕਦਾ ਰਹਿੰਦਾ ਹੈ।

### ਇੱਕ ਗੱਲ ਹਮੇਸ਼ਾ ਯਾਦ ਰੱਖਿਓ:

ਮਾਪਿਆਂ ਦੀ ਕੁਰਬਾਨੀ ਦੀ ਕੋਈ ਕੀਮਤ ਨਹੀਂ ਹੁੰਦੀ। ਉਨ੍ਹਾਂ ਨੂੰ ਪੈਸਿਆਂ ਨਾਲ ਨਹੀਂ, ਸਿਰਫ਼ ਆਪਣੇ ਸਮੇਂ, ਸਤਿਕਾਰ ਅਤੇ ਅਟੁੱਟ ਪਿਆਰ ਨਾਲ ਹੀ ਸੰਤੁਸ਼ਟ ਕੀਤਾ ਜਾ ਸਕਦਾ ਹੈ।

ਕੀ ਤੁਹਾਡੀ ਜ਼ਿੰਦਗੀ ਵਿੱਚ ਵੀ ਮਾਪਿਆਂ ਦਾ ਕੋਈ ਅਜਿਹਾ ਅਹਿਸਾਸ ਜਾਂ ਪਲ ਰਿਹਾ ਹੈ? ਕਮੈਂਟ ਵਿੱਚ ਆਪਣੀਆਂ ਭਾਵਨਾਵਾਂ ਜ਼ਰੂਰ ਸਾਂਝੀਆਂ ਕਰੋ!

# ਰਿਸ਼ਤਿਆਂ ਵਿਚਲਾ ਨਿੱਘ... !





ਹਰਪ੍ਰੀਤ ਕੌਰ ਸੰਧੂ

ਰਿਸ਼ਤੇ ਸਿਰਫ ਮਹਿਸੂਸ ਕਰਨ ਨਾਲ ਕਾਮਯਾਬ ਨਹੀਂ ਹੁੰਦੇ। ਰਿਸ਼ਤਿਆਂ ਵਿਚਲਾ ਨਿੱਘ ਮਹਿਸੂਸ ਕਰਨ ਦੀ ਅਤੇ ਮਹਿਸੂਸ ਕਰਵਾਉਣ ਦੀ ਬੜੀ ਜਰੂਰਤ ਹੈ। ਜੇਕਰ ਤੁਸੀਂ ਸੋਚਦੇ ਹੋ ਕਿ ਬਿਨਾਂ ਕੁਝ ਕਹੇ ਤੁਹਾਡੀਆਂ ਭਾਵਨਾਵਾਂ ਦੂਸਰੇ ਨੂੰ ਸਮਝ ਆ ਜਾਣਗੀਆਂ ਤਾਂ ਇਹ ਤੁਹਾਡਾ ਭੁਲੇਖਾ ਹੈ। ਆਪਣੇ ਜਜ਼ਬਾਤ ਨੂੰ ਜ਼ਰੂਰੀ ਨਹੀਂ ਕਿ ਗੱਲਾਂ ਰਾਹੀਂ ਹੀ ਕਿਹਾ ਜਾਵੇ ਅਸੀਂ ਆਪਣੇ ਹਾਵ ਭਾਵ ਨਾਲ ਜਾਂ ਛੋਟੇ ਜਿਹੇ ਕਿਸੇ ਸੰਕੇਤ ਨਾਲ ਵੀ ਆਪਣੀ ਗੱਲ ਨੂੰ ਦੂਜੇ ਤੱਕ ਪਹੁੰਚਾ ਸਕਦੇ ਹਾਂ। ਇੱਕ ਬੰਦੇ ਦਾ ਦੂਜੇ ਨੂੰ ਵਿਛੜਦਿਆਂ ਇਹ ਕਹਿਣਾ ਆਪਣਾ ਖਿਆਲ ਰੱਖਣਾ ਇਹ ਜਤਾਉਂਦਾ ਹੈ ਕਿ ਤੁਸੀਂ ਦੂਸਰੇ ਦੇ ਜਿਹਨ ਵਿੱਚ ਹੋ। ਉਸ ਨੂੰ ਤੁਹਾਡਾ ਫਿਕਰ ਹੈ। ਜਿਹੜੇ ਛੋਟੇ ਛੋਟੇ ਸ਼ਬਦ ਅਸੀਂ ਇਸਤੇਮਾਲ ਕਰਦੇ ਹਾਂ ਬਹੁਤ ਕੁਝ ਕਹਿ ਜਾਂਦੇ ਹਨ। ਕਿਸੇ ਦਿਨ ਆਪਣੀ ਮਾਂ ਨੂੰ ਕਹੋ ਤੁਸੀਂ ਬਹੁਤ ਖੂਬਸੂਰਤ ਲੱਗ ਰਹੇ ਹੋ। ਦੇਖੋ ਉਹ ਕਿਵੇਂ ਖਿੜ ਉਠੇਗੀ। ਇਸੇ ਤਰ੍ਹਾਂ ਆਪਣੇ ਪਿਤਾ ਜੀ ਨੂੰ ਘਰ ਵਾਪਸ ਪਰਤਦਿਆਂ ਨੂੰ ਜੇਕਰ ਇਹ ਕਹੋਗੇ ਕਿ ਅੱਜ ਲੱਗਦਾ ਹੈ ਤੁਸੀਂ ਥੱਕ ਗਏ ਮੈਂ ਜਿਆਦਾ ਕੱਪ ਬਣਾਵਾਂ ਤਾਂ ਉਹਨਾਂ ਦਾ ਮਨ ਖੁਸ਼ ਹੋ ਜਾਵੇਗਾ ਤੇ ਥਕਾਵਟ ਦੂਰ ਹੋ ਜਾਵੇਗੀ। ਮੁਹੱਬਤ ਕਰਨ ਦੇ ਨਾਲ ਮੁਹੱਬਤ ਜਤਾਉਣਾ ਵੀ ਜਰੂਰੀ ਹੈ।

ਆਪਣੇ ਦੋਸਤਾਂ ਮਿੱਤਰਾਂ ਵਿੱਚ ਗੱਲਾਂ ਕਰਦੇ ਆਂ ਕਿਤੇ ਨਾ ਕਿਤੇ ਇਹ ਜਰੂਰ ਜਤਾਓ ਕਿ ਤੁਹਾਨੂੰ ਉਹਨਾਂ ਦਾ ਫਿਕਰ ਹੈ। ਉਹਨਾਂ ਦੀ ਜ਼ਿੰਦਗੀ ਵਿੱਚ ਕੀ ਵਾਪਰ ਰਿਹਾ ਹੈ ਇਸ ਨੂੰ ਉਹਨਾਂ ਦੇ ਚਿਹਰੇ ਤੋਂ ਪੜ੍ਹ ਕੇ ਪ੍ਰਸ਼ਨ ਵਿੱਚ ਨਾ ਪੁੱਛੋ ਮੋਢੇ ਤੇ ਹੱਥ ਰੱਖ ਕੇ ਕਹੋ ਮੈਂ ਹਾਂ ਤੇਰੇ ਨਾਲ। ਉਹਨਾਂ ਦਾ ਹੌਸਲਾ 10 ਗੁਣਾ ਵੱਧ ਜਾਏਗਾ। ਮੰਨ ਲਓ ਤੁਹਾਨੂੰ ਕਈ ਦਿਨ ਕਿਸੇ ਆਪਣੇ ਨੂੰ ਮਿਲਣ ਦਾ ਮੌਕਾ ਨਹੀਂ ਮਿਲਦਾ ਗੱਲ ਕਰਨ ਦਾ ਵੀ ਸਮਾਂ ਨਹੀਂ ਹੁੰਦਾ। ਅਜਿਹੇ ਵਿੱਚ ਦੂਸਰੇ ਨੂੰ ਇਹ ਮਹਿਸੂਸ ਹੋ ਜਾਣਾ ਬੜੀ ਆਮ ਜਿਹੀ ਗੱਲ ਹੈ ਕਿ ਉਹ ਤੁਹਾਡੇ ਜ਼ਿਹਨ ਵਿੱਚ ਨਹੀਂ ਹੈ। ਅਸੀਂ ਕਿੰਨੇ ਵੀ ਮਸਰੂਫ ਕਿਉਂ ਨਾ ਹੋਈ ਗੱਲ ਸਮੇਂ ਚ ਸਮਾਂ ਕੱਢਣ ਦੀ ਹੁੰਦੀ ਹੈ। ਅਜਿਹੇ ਸਮੇਂ ਵਿੱਚ ਇੱਕ ਛੋਟਾ ਜਿਹਾ ਸੁਨੇਹਾ ਜਿੱਥੇ ਅਗਲੇ ਨੂੰ ਇਸ ਗੱਲ ਦਾ ਅਹਿਸਾਸ ਦਵਾਉਂਦਾ ਹੈ ਕਿ ਤੁਸੀਂ ਉਸਦੇ ਖਿਆਲ ਵਿਛੋ ਤੇ ਉਸਦੇ ਦਿਲ ਨੂੰ ਵੀ ਖੁਸ਼ਗਵਾਰ ਬਣਾ ਦਿੰਦਾ ਹੈ। ਅਸੀਂ ਸਾਰੇ ਇਸ ਗੱਲ ਨੂੰ ਜਾਣਦੇ ਹਾਂ ਕਿ ਆਪਣੇ ਮਹਿਬੂਬ ਨੂੰ ਭੇਜਿਆ ਇੱਕ ਫੁੱਲ ਦਾ ਸਿੰਬਲ ਆਪਣੇ ਆਪ ਵਿੱਚ ਕੁਝ ਵੀ ਨਹੀਂ ਪਰ ਉਸ ਲਈ ਇਹ ਬਹੁਤ ਵੱਡੀ ਗੱਲ ਹੈ। ਜ਼ਿੰਦਗੀ ਵਿੱਚ ਅਕਸਰ ਹੀ ਉਲਝੇ ਰਹਿੰਦੇ ਹਾਂ ਤੇ ਸਮਾਂ ਨਹੀਂ ਮਿਲਦਾ ਆਪਣੇ ਜੀਵਨ ਸਾਥੀ ਨੂੰ ਇਹ ਦੱਸਣ ਦਾ ਕਿ ਉਹ ਸਾਡੇ ਲਈ ਕਿੰਨਾ ਮਹੱਤਵਪੂਰਨ ਹੈ। ਅਸੀਂ ਇੱਕ ਦੂਜੇ ਨੂੰ ਇਹ ਦੱਸਦੇ ਹੀ ਨਹੀਂ ਕਿ ਅਸੀਂ ਕਿੰਨੀ ਮੁਹੱਬਤ ਕਰਦੇ ਹਾਂ। ਇਸੇ ਲਈ ਹੌਲੀ ਹੌਲੀ ਇਹ ਰਿਸ਼ਤੇ ਸੁਸਤ ਹੋ ਜਾਂਦੇ ਹਨ ਤੇ ਇਹਨਾਂ ਵਿਚਲਾ ਨਿੱਘ ਗਵਾਚ ਜਾਂਦਾ ਹੈ। ਇੱਕ ਦੂਜੇ ਨੂੰ ਇਹ ਕਹਿਣਾ ਕਿ ਖਾਣਾ ਸਮੇਂ ਨਾਲ ਖਾ ਲਿਓ। ਆਪਣਾ ਖਿਆਲ ਰੱਖਿਓ ਇਸ ਰਿਸ਼ਤੇ ਦੀਆਂ ਗੰਢਾਂ ਨੂੰ ਪੀਢੀਆਂ ਕਰਦਾ ਹੈ। ਕਈ ਵਾਰ ਇਕੱਲੇ ਪੰ ਵਿਚ ਉਦਾਸੀ ਦੇ ਆਲਮ ਵਿੱਚ ਆਪਣੇ ਕਿਸੇ ਪਿਆਰੇ ਦਾ ਭੇਜਿਆ ਹੋਇਆ ਇੱਕ ਛੋਟਾ ਜਿਹਾ ਸੁਨੇਹਾ ਮਨ ਦੀ ਧੁੱਪ ਵੱਲ ਨੂੰ ਖਿੜਕੀ ਖੋਲ ਦਿੰਦਾ ਹੈ। ਸੋਸ਼ਲ ਮੀਡੀਆ ਤੇ ਕਿਸੇ ਦੀ ਪੋਸਟ ਤੇ ਜਵਾਬ ਦਿੰਦੇ ਹੋਏ ਇਹ ਜਰੂਰ ਸੋਚੋ ਕਿ ਹਰ ਇੱਕ ਜਵਾਬ ਉਸ ਲਈ ਮਾਇਨੇ ਰੱਖਦਾ ਹੈ। ਜਦੋਂ ਅਸੀਂ ਕਿਸੇ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹਾਂ ਤਾਂ ਹਮੇਸ਼ਾ ਇਹ ਜਰੂਰ ਕਹੋ ਕਿ ਮੈਂ ਤੇਰੇ ਨਾਲ ਹਾਂ। ਹਰ ਦੁੱਖ ਹਰ ਤਕਲੀਫ ਵਿੱਚ ਮੈਂ ਹਾਂ। ਇਸ ਨਾਲ ਉਸ ਦਾ ਦੁੱਖ ਵੰਡਿਆ ਜਾਵੇ ਨਾ ਜਾਵੇ ਘੱਟ ਜਰੂਰ ਜਾਂਦਾ ਹੈ। ਰਿਸ਼ਤਾ ਵੀ ਇੱਕ ਬੂਟੇ ਵਾਂਗ ਹੁੰਦਾ ਹੈ। ਇਸ ਦੀ ਪਾਲਣਾ ਕਰਨੀ ਪੈਂਦੀ ਹੈ। ਇਸ ਨੂੰ ਖਾਦ ਪਾਣੀ ਪਾਉਣਾ ਪੈਂਦਾ ਹੈ।

ਜੇਕਰ ਤੁਸੀਂ ਸੋਚੋ ਕਿ ਰਿਸ਼ਤਾ ਬਣ ਗਿਆ ਤੇ ਫਿਰ ਲਾਪਰਵਾਹ ਹੋ ਜਾਓ ਤਾਂ ਇਹ ਰਿਸ਼ਤਾ ਜਿਆਦਾ ਦਿਨ ਇਸ ਤਪਸ਼ ਨੂੰ ਝਲ ਨਹੀਂ ਸਕੇਗਾ। ਦੂਰੀ ਪਿਆਰ ਵਧਾਉਂਦੀ ਹੈ ਇਹ ਸਿਰਫ ਕਹਿਣ ਦੀ ਗੱਲ ਹੈ। ਦੂਰੀ ਵਿੱਚ ਇੱਕ ਜਾਂ ਦੋ ਦਿਨ ਅਹਿਸਾਸ ਹੁੰਦਾ ਹੈ ਦੂਸਰੇ ਦੀ ਗੈਰ ਮੌਜੂਦਗੀ ਦਾ ਪਰ ਉਸ ਤੋਂ ਬਾਅਦ ਇਹ ਮਨ ਵਿੱਚ ਕਈ ਤਰਹਾਂ ਦੇ ਸ਼ੰਕੇ ਖੜੇ ਕਰਨ ਲੱਗਦੀ ਹੈ। ਕਿਸੇ ਨੂੰ ਦੋ ਚਾਰ ਦਿਨ ਨਾ ਮਿਲਿਆ ਜਾਵੇ ਤਾਂ ਆਦਤ ਜਿਹੀ ਪੈ ਜਾਂਦੀ ਹੈ ਉਸਦੇ ਬਿਨਾਂ ਵੀ ਰਹਿਣ ਦੀ। ਇਸੇ ਲਈ ਅੰਗਰੇਜ਼ ਕਹਿੰਦੇ ਹਨ ਇਨ ਟਚ ਰਹੋ। ਅਹਿਸਾਸ ਹਮੇਸ਼ਾ ਦੋਵੇਂ ਪਾਸੇ ਹੋਣ ਤਾਂ ਹੀ ਸੁਖ ਦਿੰਦੇ ਹਨ। ਰਿਸ਼ਤਿਆਂ ਵਿੱਚ ਤੋਹਫੇ ਇਨੀ ਅਹਿਮੀਅਤ ਨਹੀਂ ਰੱਖਦੇ ਜਿੰਨੀ ਸ਼ਬਦ ਰੱਖਦੇ ਹਨ। ਤੁਸੀਂ ਅਕਸਰ ਵੇਖਿਆ ਹੋਵੇਗਾ ਕਿ ਵਿਦੇਸ਼ੀ ਲਵ ਯੂ, ਮਿਸਯੂ ਸਵੀਟ ਹਾਰਟ, ਡਾਰਲਿੰਗ ਇਹਨਾਂ ਸ਼ਬਦਾਂ ਦਾ ਆਮ ਇਸਤੇਮਾਲ ਕਰਦੇ ਹਨ। ਇਹ ਸਿਰਫ ਰੋਮਾਨੀ ਰਿਸ਼ਤਿਆਂ ਲਈ ਨਹੀਂ ਹਨ। ਇਹ ਸ਼ਬਦ ਹਰ ਉਸ ਆਪਣੇ ਨੂੰ ਕਹੇ ਜਾ ਸਕਦੇ ਹਨ ਜਿਸ ਦੇ ਲਈ ਤੁਹਾਡੇ ਮਨ ਵਿੱਚ ਮੁਹੱਬਤ ਹੈ। ਆਪਣੇ ਬੱਚਿਆਂ ਨੂੰ ਪਿਆਰ ਨਾਲ ਬੁਲਾਓ। ਉਹਨਾਂ ਨੂੰ ਜ਼ਾਹਿਰ ਕਰੋ ਕਿ ਤੁਸੀਂ ਉਹਨਾਂ ਨੂੰ ਪਿਆਰ ਕਰਦੇ ਹੋ। ਪਿਆਰ ਜਿੰਨਾ ਕਰਨਾ ਜਰੂਰੀ ਹੈ ਉਹਨਾਂ ਵਿਖਾਉਣਾ ਵੀ ਜਰੂਰੀ ਹੈ। ਜਦੋਂ ਤੁਸੀਂ ਇਹਨਾਂ ਸ਼ਬਦਾਂ ਦਾ ਆਮ ਇਸਤੇਮਾਲ ਕਰੋਗੇ ਤਾਂ ਤੁਹਾਡੇ ਬੱਚੇ ਬਾਹਰੋਂ ਕਿਸੇ ਤੋਂ ਇਹ ਸ਼ਬਦ ਸੁਣ ਕੇ ਉਸ ਵੱਲ ਖਿੱਚੇ ਨਹੀਂ ਜਾਣਗੇ। ਉਹਨਾਂ ਨੂੰ ਪਤਾ ਹੋਏਗਾ ਕਿ ਇਹ ਆਮ ਜਿਹੇ ਸ਼ਬਦ ਹਨ। ਬਦਲ ਲਓ ਜੀਣ ਦਾ ਤਰੀਕਾ ਕਿਉਂਕਿ ਸਮੇਂ ਦਾ ਇਹੀ ਤਕਾਜ਼ਾ ਹੈ।

# ਬੇਬੇ ਹੋਰੀਂ



ਅੱਡੋ-ਅੱਡ ਪਿੰਡਾਂ ਦੀਆਂ ਜੰਮੀਆਂ-ਪਲੀਆਂ..ਆਪਣੇ ਮਾਈ-ਬਾਪ ਦੀਆਂ ਲਾਡਲੀਆਂ ਜਾਈਆਂ.. ਵਿਆਹ ਕੇ ਜਦੋਂ ਇੱਕੋ ਪਿੰਡ ਦੀਆਂ ਨੂੰਹਾਂ ਬਣ ਜਾਂਦੀਆਂ ਨੇ.. ਫੇਰ ਇਹਨਾਂ ਦਾ ਸਭ ਕੁਝ ਸਾਂਝਾ ਹੋ ਜਾਂਦਾ.. ਇੱਕ ਦੂਜੇ ਦਾ ਦੁੱਖ-ਸੁੱਖ ਸਭ ਰਲ਼ ਕੇ ਹੀ ਕਟਾਉਂਦੀਆਂ ਨੇ, ਫੇਰ ਉਹ ਚਾਹੇ ਪੇਕਿਆਂ ਵੱਲੋਂ ਹੋਵੇ ਜਾਂ ਸਹੁਰਿਆਂ ਵੱਲੋਂ...ਗੁਰੂ ਦੇ ਵਾਕ ਦੇ ਕੰਨ੍ਹੀ ਪੈਣ ਸਾਰ ਹੀ ਉੱਠ ਕੇ ਕੰਮੀਂ-ਧੰਦੀਂ ਲੱਗ ਜਾਂਦੀਆਂ ਨੇ..ਭੂਰੀ ਵਾਂਗ ਘੁੰਮਦੀਆਂ,ਜ਼ਿੰਮੇਵਾਰੀਆਂ ਦੀਆਂ ਭਾਰੀਆਂ ਪੰਡਾਂ ਸਿਰ 'ਤੇ ਢੋਂਹਦੀਆਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਲਾਲ ਸੂਹੇ ਚਿਹਰਿਆਂ 'ਤੇ ਪਿਲਤਣ ਫਿਰ ਗਈ 'ਤੇ ਕਾਲਿਆਂ ਤੋਂ ਬੱਗੇ ਹੋ ਗਏ...ਭਾਵੇਂ ਦੁੱਖਾਂ ਦੀ ਗਾਗਰ ਕਿਨਾਰਿਆਂ ਤੋਂ ਉੱਛਲ ਕੇ ਬਾਹਰ ਨੂੰ ਵਗ ਤੁਰੇ ਪਰ ਜ਼ਿੰਦਗੀ ਦਾ ਆਨੰਦ ਮਾਣਨਾ ਵੀ ਕੋਈ ਇਹਨਾਂ ਤੋਂ ਸਿੱਖੇ...ਕਿਸੇ ਦੇ ਘਰ ਪਏ ਦੁੱਖ ਨੂੰ ਆਪਣਾ ਸਮਝ ਘਰਾਂ ਦੇ ਸੌ ਪਰਦੇ ਢੱਕ ਜਾਂਦੀਆਂ ਨੇ 'ਤੇ ਖੁਸ਼ੀ ਦੇ ਵਿੱਚ ਨੱਚ-ਨੱਚ ਖੀਵੀਆਂ ਹੋ ਜਾਂਦੀਆਂ ਨੇ...ਅਕਸਰ ਕੰਮ ਧੰਦੇ ਨਿਬੇੜ 'ਕੱਠੀਆਂ ਹੋ ਬਹਿ ਜਾਂਦੀਆਂ ਨੇ ਬੀਹੀ ਦੀ ਨੁੱਕਰੇ ਇਹਨਾਂ ਦੇ ਬਾਬੁਲ ਵਰਗੇ ਕਿਸੇ ਧਰਮੀ ਦੀ ਆਪਣੇ ਹੱਥੀਂ ਲਗਾਈ ਨਿੰਮ ਦੀ ਛਾਵੇਂ...ਜਦੋਂ ਦਿਲ ਦੀਆਂ ਤਾਰਾਂ ਛਿੜ ਜਾਂਦੀਆਂ ਨੇ..ਫੇਰ ਖਿਆਲਾਂ 'ਚ ਹੀ ਪੇਕੀਂ ਪਹੁੰਚ ਜਾਂਦੀਆਂ ਨੇ 'ਤੇ ਮਿਲ ਆਉਂਦੀਆਂ ਨੇ ਉਹਨਾਂ ਜੂਹਾਂ ਨੂੰ ਜਿੱਥੇ ਬਚਪਨ ਬੀਤਿਆ ਹੁੰਦਾ...ਭਾਵੇਂ ਬਾਬੁਲੇ ਦੀ ਦੇਹਲੀ ਟੱਪਣ ਲੱਗਿਆ ਦਿਲ ਖੁੱਸਦਾ ਹੁੰਦਾ ਕਿ ਅੰਮੜੀ ਬਿਨਾਂ ਸੁੰਨਾ ਵਿਹੜਾ ਕਿਹੋ ਜਿਹਾ ਜਾਪੇਗਾ..ਪਰ ਫੇਰ ਭਾਈਆਂ ਨੂੰ ਹੱਸਦਾ-ਵੱਸਦਾ ਦੇਖ ਸੌ ਅਸੀਸਾਂ ਦੇ ਤੁਰ ਪੈਂਦੀਆਂ ਨੇ ਉਹਨਾਂ ਗਲ਼ੀਆਂ ਵੱਲ ਜਿੰਨ੍ਹਾਂ ਦੀ ਧੂੜ ਨੇ ਕਦੀ ਇਹਨਾਂ ਦੇ ਪੈਰਾਂ ਨੂੰ ਚੁੰਮਿਆ ਹੁੰਦਾ...ਉਸੇ ਧੂੜ ਨੂੰ ਮੱਥੇ ਨਾਲ਼ ਲਗਾ ਕੇ ਉਸ ਪਿੱਪਲੀਂ ਨੂੰ ਟੋਲਣ ਲੱਗ ਜਾਂਦੀਆਂ ਜਿੱਥੇ ਕਦੇ ਸਖੀਆਂ ਸੰਗ ਬੈਠ ਚਰਖੇ 'ਤੇ ਤੰਦ ਪਾਏ,ਪੀਘਾਂ ਝੂਟੀਆਂ 'ਤੇ ਸੋਹਣੇ ਮਾਹੀ ਦੇ ਰੰਗਲੇ ਸੁਪਨੇ ਸਜਾਏ...ਇਉਂ ਪਾ ਆਉਂਦੀਆਂ ਨੇ ਗਲਵੱਕੜੀ ਉਹਨਾਂ ਸਖੀਆਂ ਨੂੰ ਜੋ ਹੁਣ ਯਾਦਾਂ ਦਾ ਸਰਮਾਇਆ ਬਣ ਕੇ ਰਹਿ ਗਈਆਂ ਹੋਣ...।

ਕਦੇ-ਕਦੇ ਯਾਦਾਂ ਦੇ ਧੁੰਦਲੇ ਸ਼ੀਸ਼ੇ 'ਚੋ ਘਰਾਂ 'ਚੋਂ ਲੱਗਦੀਆਂ ਚਾਚੀਆਂ,ਤਾਈਆਂ ਵੀ ਆਪਣਾ ਝਲਕਾਰਾ ਪਾਉਂਦੀਆਂ ਨੇ ਜਿੰਨ੍ਹਾਂ ਤੋਂ ਇਹਨਾਂ ਜ਼ਿੰਦਗੀ ਦੇ ਪਾਠ ਸਿੱਖੇ ਹੁੰਦੇ ਨੇ....ਪਿੰਡ ਦਾ ਹੀ ਕੋਈ ਸ਼ਰਾਬੀ,ਛੜਾ,ਬਜ਼ੁਰਗ ਯਾਦ ਆਉਂਦੈ 'ਤੇ ਉਹਨਾਂ ਦਾ ਧੀਏ ਕਹਿ ਸਿਰ ਪਲੋਸਣਾ ਇਹਨਾਂ ਦੀ ਰੂਹ ਤੱਕ ਨਸ਼ਿਆ ਜਾਂਦਾ 'ਤੇ ਮਨ ਵੈਰਾਗ ਨਾਲ਼ ਭਰ ਜਾਂਦੈ...।

ਇਉਂ ਤੁਰੀਆਂ ਹੋਈਆਂ ਪਹੁੰਚ ਜਾਂਦੀਆਂ ਨੇ ਮੜ੍ਹੀਆਂ ਦੇ ਰਾਹੀਂ ਜਿੱਥੇ ਗਏ ਮੋਇਆਂ ਨੂੰ ਯਾਦ ਕਰ ਅਕਸਰ ਅੱਖਾਂ ਭਰ ਆਉਂਦੀਆਂ ਨੇ....ਫੇਰ ਲਿਬੜੀ ਚੁੰਨੀ ਦੇ ਲੜ ਨਾਲ਼ ਸਿੱਲ੍ਹੇ ਕੋਇਆਂ ਨੂੰ ਪੂੰਝ ,ਹੱਸ ਕੇ ਆਖਦੀਆਂ ਨੇ,"ਛੱਡੋ ਨੀ !ਕਿਹੜੇ ਵਹਿਣਾਂ 'ਚ ਵਹਿ ਤੁਰੀਆਂ,ਚਲੋ ਅਗਲੇ ਜੀਆਂ ਦੀ ਸੁੱਖ ਮੰਗੀਏ।" ਇਉਂ ਤੁਰ ਪੈਂਦੀਆਂ ਨੇ ਦਿਲਾਂ ਦੇ ਦਰਦਾਂ ਨੂੰ ਫੇਰ ਕਿਸੇ ਕੋਨੇ 'ਚ ਲੁਕਾ 'ਤੇ ਰੁੱਝ ਜਾਂਦੀਆਂ ਨੇ ਆਪਣੇ ਟੱਬਰ-ਟੀਹਰ 'ਚ...ਜਿੰਨ੍ਹਾਂ ਨੂੰ ਇਹਨਾਂ ਨੇ ਜ਼ਿੰਦਗੀ ਨੂੰ ਹੌਸਲੇ ਨਾਲ਼ ਜੀਊਣ ਦੇ ਪਾਠ ਪੜ੍ਹਾਉਣੇ ਨੇ....।

ਜੱਸੀ ਚਾਨੀ

# ਭਾਰਤ ਨੇ ਆਈ.ਸੀ.ਸੀ. ਟੀ-20 ਰੈਂਕਿੰਗ 'ਚ ਮੁੜ ਪਹਿਲਾ ਸਥਾਨ ਕੀਤਾ ਹਾਸਲ




ਨਵੀਂ ਦਿੱਲੀ: ਭਾਰਤ ਨੇ ਸ਼ਨੀਵਾਰ (25 ਜੁਲਾਈ) ਨੂੰ ਚੱਲ ਰਹੀ ਤਿੰਨ ਮੈਚਾਂ ਦੀ ਟੀ-20 ਲੜੀ ਦੇ ਦੂਜੇ ਮੈਚ ਵਿੱਚ ਜ਼ਿੰਬਾਬਵੇ ਨੂੰ 90 ਦੌੜਾਂ ਨਾਲ ਹਰਾ ਕੇ ਛਿਛ ਪੁਰਸ਼ ਟੀ-20 ਆਈ ਟੀਮ ਰੈਂਕਿੰਗ ਵਿੱਚ ਮੁੜ ਪਹਿਲਾ ਸਥਾਨ ਹਾਸਲ ਕਰ ਲਿਆ ਹੈ। 2026 ਟੀ-20 ਵਿਸ਼ਵ ਕੱਪ ਜੇਤੂ ਟੀਮ, ਇਸ ਮਹੀਨੇ ਦੇ ਸ਼ੁਰੂ ਵਿੱਚ ਇੰਗਲੈਂਡ ਤੋਂ 0-4 ਨਾਲ ਟੀ-20 ਲੜੀ ਹਾਰਨ ਤੋਂ ਬਾਅਦ ਥੋੜ੍ਹੇ ਸਮੇਂ ਲਈ ਦੂਜੇ ਨੰਬਰ 'ਤੇ ਖਿਸਕਣ ਤੋਂ ਬਾਅਦ ਵਾਪਸ ਸਿਖਰ 'ਤੇ ਪਹੁੰਚ ਗਈ ਹੈ। ਆਇਰਲੈਂਡ ਅਤੇ ਇੰਗਲੈਂਡ ਖ਼ਿਲਾਫ਼ ਲਗਾਤਾਰ 6 ਮੁਕਾਬਲਿਆਂ ਵਿੱਚ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਭਾਰਤ ਨੂੰ ਆਪਣੀ ਪੁਜ਼ੀਸ਼ਨ ਗੁਆਉਣੀ ਪਈ ਸੀ।

ਭਾਰਤ ਅਤੇ ਇੰਗਲੈਂਡ ਦੋਵੇਂ 268 ਰੇਟਿੰਗ ਅੰਕਾਂ ਨਾਲ ਬਰਾਬਰੀ 'ਤੇ ਹਨ, ਪਰ ICC ਰੈਂਕਿੰਗ ਵਿੱਚ ਦਸ਼ਮਲਵ ਦੀ ਗਣਨਾ ਤੋਂ ਬਾਅਦ ਭਾਰਤ ਇੰਗਲੈਂਡ ਤੋਂ ਉੱਪਰ ਹੈ। ਇਸ ਤੋਂ ਇਲਾਵਾ ਆਸਟ੍ਰੇਲੀਆ (3), ਨਿਊਜ਼ੀਲੈਂਡ (4) ਅਤੇ ਦੱਖਣੀ ਅਫਰੀਕਾ (5) ਟਾਪ-5 ਵਿੱਚ ਮੌਜੂਦ ਹਨ।

# ਪੈਰਾ ਐਥਲੀਟ Sharmila Dhankar ਨੇ ਰਚਿਆ ਇਤਿਹਾਸ; ਜਿੱਤਿਆ ਸੋਨ ਤਗ਼ਮਾ



ਗਲਾਸਗੋ ਵਿਖੇ ਚੱਲ ਰਹੀਆਂ Commonwealth Games 2026 ਵਿੱਚ ਭਾਰਤ ਲਈ ਇੱਕ ਇਤਿਹਾਸਕ ਅਤੇ ਸ਼ਾਨਦਾਰ ਦਿਨ ਰਿਹਾ। ਪੈਰਾ ਐਥਲੀਟ Sharmila Dhankar ਨੇ ਔਰਤਾਂ ਦੇ ਸ਼ਾਟਪੁੱਟ (F57) ਈਵੈਂਟ ਵਿੱਚ ਸੋਨ ਤਗ਼ਮਾ ਜਿੱਤ ਕੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਉਹ ਰਾਸ਼ਟਰਮੰਡਲ ਖੇਡਾਂ (CWG 2026) ਦੇ ਇਤਿਹਾਸ ਵਿੱਚ ਪੈਰਾ ਐਥਲੇਟਿਕਸ ਵਿੱਚ ਭਾਰਤ ਲਈ ਸੋਨ ਤਗ਼ਮਾ ਜਿੱਤਣ ਵਾਲੀ ਪਹਿਲੀ ਖਿਡਾਰਨ ਬਣ ਗਈ ਹੈ। ਇਸ ਤੋਂ ਇਲਾਵਾ ਉੱਚੀ ਛਾਲ (High Jump) ਵਿੱਚ ਸਰਵੇਸ਼ ਕੁਸ਼ਾਰੇ ਅਤੇ ਵੇਟਲਿਫਟਿੰਗ ਵਿੱਚ ਵੱਲੂਰੀ ਅਜੇ ਬਾਬੂ ਤੇ ਗਿਆਨੇਸ਼ਵਰੀ ਯਾਦਵ ਨੇ ਚਾਂਦੀ ਦੇ ਤਗ਼ਮੇ ਆਪਣੇ ਨਾਮ ਕੀਤੇ। ਸ਼ਰਮਿਲਾ ਨੇ ਔਰਤਾਂ ਦੀ ਸ਼ਾਟਪੁੱਟ F57 ਸ਼੍ਰੇਣੀ ਵਿੱਚ 9.81 ਮੀਟਰ ਦੀ ਸਰਵੋਤਮ ਥ੍ਰੋਅ ਨਾਲ ਇਹ ਇਤਿਹਾਸਕ ਜਿੱਤ ਦਰਜ ਕੀਤੀ। ਇਸ ਸੁਨਹਿਰੀ ਪ੍ਰਾਪਤੀ ਨਾਲ ਭਾਰਤ ਦਾ ਪੈਰਾ ਐਥਲੇਟਿਕਸ ਵਿੱਚ 20 ਸਾਲਾਂ ਦਾ ਖ਼ੁਸ਼ਕੀ ਦਾ ਦੌਰ ਖ਼ਤਮ ਹੋ ਗਿਆ ਹੈ। ਇਸ ਤੋਂ ਪਹਿਲਾਂ ਸਾਲ 2006 ਵਿੱਚ ਰਣਜੀਤ ਕੁਮਾਰ ਜੈਸੀਲਨ ਨੇ ਪੁਰਸ਼ਾਂ ਦੇ ਡਿਸਕਸ ਥ੍ਰੋਅ ਵਿੱਚ ਆਖਰੀ ਤਗ਼ਮਾ ਜਿੱਤਿਆ ਸੀ। ਦੱਸਣਯੋਗ ਹੈ ਕਿ F57 ਸ਼੍ਰੇਣੀ ਉਨ੍ਹਾਂ ਐਥਲੀਟਾਂ ਲਈ ਹੁੰਦੀ ਹੈ ਜੋ ਹੇਠਲੇ ਅੰਗਾਂ ਦੀ ਅਪਾਹਜਤਾ ਜਾਂ ਮਾਸਪੇਸ਼ੀਆਂ ਦੀ ਘੱਟ ਸ਼ਕਤੀ ਤੋਂ ਪ੍ਰਭਾਵਿਤ ਹੁੰਦੇ ਹਨ।

## High Jump: ਸਰਵੇਸ਼ ਸਿਲਵਰ ਤਮਗ਼ਾ ਜਿੱਤਣ ਵਾਲਾ ਪਹਿਲਾ ਭਾਰਤੀ




ਕੌਮੀ ਰਿਕਾਰਡਧਾਰੀ ਸਰਵੇਸ਼ ਕੁਸ਼ਾਰੇ ਨੇ ਅੱਜ ਇਤਿਹਾਸ ਰਚ ਦਿੱਤਾ ਹੈ ਕਿਉਂਕਿ ਉਹ ਜਮਾਇਕਾ ਦੇ ਰੋਮੇਨ ਬੈਕਫੋਰਡ ਨਾਲ ਇੱਕ ਰੋਮਾਂਚਕ ਮੁਕਾਬਲੇ ਵਿੱਚ ਬਹੁਤ ਘੱਟ ਫ਼ਰਕ ਨਾਲ ਸੋਨ ਤਗ਼ਮੇ ਤੋਂ ਖੁੰਝਣ ਬਾਅਦ, ਰਾਸ਼ਟਰਮੰਡਲ ਖੇਡਾਂ ਦੇ ਪੁਰਸ਼ਾਂ ਦੇ ਉੱਚੀ ਛਾਲ ਮੁਕਾਬਲੇ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ। 2.25 ਮੀਟਰ ਦੀ ਛਾਲ ਪੂਰੀ ਕਰਨ ਤੋਂ ਬਾਅਦ, 31 ਸਾਲਾ ਕੁਸ਼ਾਰੇ ਅਤੇ ਬੈਕਫੋਰਡ ਦੋਵੇਂ ਹੀ 2.28 ਮੀਟਰ ਦੇ ਨਿਸ਼ਾਨ ਨੂੰ ਪਾਰ ਕਰਨ ਵਿੱਚ ਅਸਫਲ ਰਹੇ ਪਰ ਜਮਾਇਕਾ ਦੇ ਖਿਡਾਰੀ ਨੂੰ ਸੋਨ ਤਗ਼ਮਾ ਮਿਲਿਆ ਕਿਉਂਕਿ ਕਾਊਂਟ-ਬੈਕ ਦੇ ਆਧਾਰ 'ਤੇ ਭਾਰਤੀ ਖਿਡਾਰੀ ਨਾਲੋਂ ਉਸ ਦੀਆਂ ਅਸਫਲ ਕੋਸ਼ਿਸ਼ਾਂ ਇੱਕ ਘੱਟ ਸੀ। ਕਾਂਸੀ ਦਾ ਤਗ਼ਮਾ ਇੰਗਲੈਂਡ ਦੇ ਜੈਕ ਕਿਮਾਨੀ (2.20 ਮੀਟਰ) ਨੂੰ ਮਿਲਿਆ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲਾ ਦੂਜਾ ਭਾਰਤੀ, ਆਦਰਸ਼ ਰਾਮ 2.15 ਮੀਟਰ ਨਾਲ ਪੰਜਵੇਂ ਸਥਾਨ 'ਤੇ ਰਿਹਾ।

# ਪੰਜਾਬ ਦੇ ਕਿਸਾਨ ਦੀ ਧੀ ਹਰਜਿੰਦਰ ਕੌਰ ਨੇ ਵੇਟਲਿਫਟਿੰਗ ਵਿੱਚ ਜਿੱਤਿਆ ਚਾਂਦੀ ਦਾ ਤਗ਼ਮਾ



ਨਾਭਾ ਦੇ ਪਿੰਡ ਮੈਹਸ ਦੀ ਜਮਪਲ ਹਰਜਿੰਦਰ ਕੌਰ ਨੇ ਗਲਾਸਗੋ ਵਿਖੇ ਖੇਡੀਆਂ ਜਾ ਰਹੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਦਾ ਨਾਂ ਰੌਸ਼ਨ ਕਰਦੇ ਹੋਏ ਵੇਟ ਲਿਫਟਿੰਗ ਵਿੱਚ ਚਾਂਦੀ ਦਾ ਤਗ਼ਮਾ ਪ੍ਰਾਪਤ ਕੀਤਾ। ਭਾਰਤ ਦੇ ਸਮੇਂ ਅਨੁਸਾਰ ਰਾਤ 1 ਵਜੇ ਨਤੀਜੇ ਘੋਸ਼ਿਤ ਹੁੰਦਿਆਂ ਹੀ ਨਾਭਾ ਵਿਖੇ ਪਰਿਵਾਰ ਨੂੰ ਵਧਾਈਆਂ ਆਉਣੀਆਂ ਸ਼ੁਰੂ ਹੋ ਗਈਆਂ। 69 ਕਿੱਲੋ ਸ਼੍ਰੇਣੀ ਦੀ ਖਿਡਾਰਣ ਹਰਜਿੰਦਰ ਕੌਰ ਨੇ ਦੋ ਗੇੜਾਂ (ਸਨੈਚ ਅਤੇ ਕਲੀਨ, ਜਰਕ) 'ਚ ਕੁੱਲ 227 ਕਿੱਲੋ ਭਾਰ ਚੁੱਕਿਆ। ਇਸ ਮੌਕੇ ਕੈਨੇਡਾ ਦੀ ਚਰਲੇਟ ਸੀਮੋਨ ਨੇ ਕੁੱਲ 240 ਕਿੱਲੋ ਭਾਰ ਚੁੱਕ ਕੇ ਸੋਨੇ ਦਾ ਤਗ਼ਮਾ ਜਿੱਤਿਆ ਅਤੇ ਆਸਟਰੇਲੀਆ ਦੀ ਨਯਾ ਫੇਬ ਹੇਮਨ ਨੇ 218 ਕਿੱਲੋ ਭਾਰ ਚੁੱਕ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਹਰਜਿੰਦਰ ਕੌਰ ਦੇ ਪਿਤਾ ਸਾਹਿਬ ਸਿੰਘ ਨੇ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਹਰਜਿੰਦਰ ਕੌਰ ਦੀ ਕੜੀ ਮਿਹਨਤ ਨੂੰ ਸਰਾਹਿਆ।

ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਵਿੱਚ ਮਹਿਲਾਵਾਂ ਦੇ 69 ਕਿਲੋਗ੍ਰਾਮ ਵੇਟਲਿਫਟਿੰਗ ਮੁਕਾਬਲੇ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ 'ਤੇ ਦੇਸ਼ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਵੇਟਲਿਫਟਰ ਹਰਜਿੰਦਰ ਕੌਰ ਨੂੰਵਧਾਈਆਂ ਦਿੱਤੀਆਂ ਹਨ। ਰਾਸ਼ਟਰਪਤੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਹਰਜਿੰਦਰ ਕੌਰ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਪੂਰੇ ਦੇਸ਼ ਦਾ ਮਾਣ ਵਧਾਇਆ ਹੈ ਅਤੇ ਉਹ ਕਾਮਨਾ ਕਰਦੇ ਹਨ ਕਿ ਉਹ ਭਵਿੱਖ ਵਿੱਚ ਵੀ ਸਫਲਤਾ ਦੀਆਂ ਨਵੀਆਂ ਬੁਲੰਦੀਆਂ ਹਾਸਲ ਕਰੇ। ਮੁਕਾਬਲੇ ਦੇ ਪਲੇਟਫਾਰਮ 'ਤੇ ਕਦਮ ਰੱਖਣ ਤੋਂ ਕੁਝ ਘੰਟੇ ਪਹਿਲਾਂ ਹੀ ਹਰਜਿੰਦਰ ਨੇ ਆਪਣੇ ਭਰਾ ਪ੍ਰਿਤਪਾਲ ਸਿੰਘ ਨੂੰ ਫ਼ੋਨ ਕਰਕੇ ਆਪਣੀ ਤਿਆਰੀ ਬਾਰੇ ਪੂਰਾ ਭਰੋਸਾ ਪ੍ਰਗਟਾਇਆ ਸੀ। ਪ੍ਰਿਤਪਾਲ ਨੇ ਯਾਦ ਕਰਦਿਆਂ ਕਿਹਾ, "ਉਸ ਨੇ ਮੈਨੂੰ ਦੱਸਿਆ ਸੀ ਕਿ ਉਹ ਤੰਦਰੁਸਤ ਹੈ ਅਤੇ ਸੋਨੇ ਜਾਂ ਚਾਂਦੀ ਦਾ ਤਗ਼ਮਾ ਜਿੱਤਣ ਬਾਰੇ ਪੂਰੀ ਤਰ੍ਹਾਂ ਯਕੀਨੀ ਹੈ। ਉਸ ਦਾ ਵਿਸ਼ਵਾਸ ਸਹੀ ਸਾਬਤ ਹੋਇਆ ਜਦੋਂ ਉਹ ਪੋਡੀਅਮ 'ਤੇ ਸਥਾਨ ਪ੍ਰਾਪਤ ਕਰਕੇ ਪਰਤੀ।"

ਹਾਲ ਹੀ ਵਿੱਚ ਉਸ ਨੂੰ ਵੱਕਾਰੀ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਪ੍ਰਿਤਪਾਲ ਨੇ ਕਿਹਾ, "ਇੱਕ ਸਮਾਂ ਸੀ ਜਦੋਂ ਲੋਕ ਸਾਡੇ ਪਰਿਵਾਰ ਨੂੰ ਸਾਡੀ ਧੀ ਨੂੰ ਖੇਡਾਂ ਵਿੱਚ ਭੇਜਣ ਲਈ ਆਲੋਚਨਾ ਕਰਦੇ ਸਨ, ਪਰ ਅਸੀਂ ਅਜਿਹੀਆਂ ਗੱਲਾਂ ਵੱਲ ਕਦੇ ਧਿਆਨ ਨਹੀਂ ਦਿੱਤਾ।" ਪਰਿਵਾਰ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਹਰਜਿੰਦਰ ਦੀ ਸਿਖਲਾਈ, ਖੁਰਾਕ ਅਤੇ ਮੁਕਾਬਲਿਆਂ ਲਈ ਯਾਤਰਾ ਦਾ ਖਰਚਾ ਜੁਟਾਉਣਾ ਇੱਕ ਨਿਰੰਤਰ ਚੁਣੌਤੀ ਸੀ। ਉਸ ਦੇ ਜਨੂੰਨ ਅਤੇ ਪ੍ਰਤਿਭਾ ਨੂੰ ਪਛਾਣਦਿਆਂ ਉਸ ਦੇ ਪਿਤਾ ਸਾਹਿਬ ਸਿੰਘ ਨੇ ਕਰਜ਼ੇ ਲਏ ਤਾਂ ਜੋ ਉਹ ਆਪਣੇ ਸੁਪਨੇ ਨੂੰ ਪੂਰਾ ਕਰਨਾ ਜਾਰੀ ਰੱਖ ਸਕੇ। ਉਸ ਦਾ ਬਚਪਨ ਸੰਘਰਸ਼ ਨਾਲ ਭਰਿਆ ਹੋਇਆ ਸੀ।

ਹਰਜਿੰਦਰ ਹਰ ਰੋਜ਼ ਸਕੂਲ ਜਾਣ ਲਈ ਪਿੰਡ ਮੈਹਸ ਤੋਂ ਨਾਭਾ ਤੱਕ ਲਗਪਗ ਪੰਜ ਕਿਲੋਮੀਟਰ ਸਾਈਕਲ ਚਲਾਉਂਦੀ ਸੀ। ਉਸ ਦੇ ਪਿਤਾ ਸਾਹਿਬ ਸਿੰਘ ਨੇ ਯਾਦ ਕਰਦਿਆਂ ਕਿਹਾ, "ਮੈਨੂੰ ਚੇਤੇ ਹੈ ਕਿ ਉਸ ਦਾ ਸਾਈਕਲ ਅਕਸਰ ਪੈਂਚਰ ਹੋ ਜਾਂਦਾ ਸੀ, ਪਰ ਉਹ ਸ਼ਿਕਾਇਤ ਕਰਨ ਦੀ ਬਜਾਏ ਇਸਨੂੰ ਚੁੱਪ-ਚਾਪ ਘਰ ਲੈ ਆਉਂਦੀ ਸੀ, ਕਿਉਂਕਿ ਉਹ ਸਾਡੀਆਂ ਆਰਥਿਕ ਮੁਸ਼ਕਲਾਂ ਨੂੰ ਸਮਝਦੀ ਸੀ।"

ਸਕੂਲ ਜਾਣ ਤੋਂ ਇਲਾਵਾ, ਹਰਜਿੰਦਰ ਆਪਣੇ ਪਿਤਾ ਦੀ ਖੇਤਾਂ ਦੇ ਕੰਮਾਂ ਵਿੱਚ ਵੀ ਮਦਦ ਕਰਨ ਤੋਂ ਇਲਾਵਾ ਘਰ ਵਿੱਚ ਪਸ਼ੂਆਂ ਨੂੰ ਸਾਂਭਣ ਵਿੱਚ ਵੀ ਸਹਿਯੋਗ ਕਰਦੀ ਸੀ। ਪ੍ਰਿਤਪਾਲ ਦੇ ਅਨੁਸਾਰ, ਹਰਜਿੰਦਰ ਦਾ ਖੇਡ ਸਫ਼ਰ ਉਦੋਂ ਸ਼ੁਰੂ ਹੋਇਆ ਜਦੋਂ ਉਹ ਗਿਆਰਵੀਂ ਜਮਾਤ ਵਿੱਚ ਪੜ੍ਹ ਰਹੀ ਸੀ। ਉਸ ਨੇ ਪਹਿਲਾਂ ਕਬੱਡੀ ਖੇਡੀ ਅਤੇ ਫਿਰ ਉਸ ਦੇ ਪਹਿਲੇ ਕੋਚ ਪਰਮਜੀਤ ਸ਼ਰਮਾ ਨੇ ਉਸ ਦੀ ਤਾਕਤ ਨੂੰ ਦੇਖਿਆ ਅਤੇ ਉਸਨੂੰ ਰੱਸਾਕਸ਼ੀ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਬਾਅਦ ਵਿੱਚ ਉਸਨੇ ਵੇਟਲਿਫਟਿੰਗ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

ਹਾਲਾਂਕਿ ਇਹ ਤਬਦੀਲੀ ਆਸਾਨ ਨਹੀਂ ਸੀ। ਇੱਕ ਸਮੇਂ, ਹਰਜਿੰਦਰ ਨੇ ਇਸ ਖੇਡ ਨੂੰ ਛੱਡਣ ਬਾਰੇ ਸੋਚਿਆ, ਇਹ ਡਰਦਿਆਂ ਕਿ ਵੇਟਲਿਫਟਿੰਗ ਨਾਲ ਉਸਦਾ ਸਰੀਰ ਬਦਲ ਜਾਵੇਗਾ ਅਤੇ ਉਸਦੀ ਬਣਤਰ ਵੱਖਰੀ ਦਿਖਾਈ ਦੇਵੇਗੀ। ਸਾਹਿਬ ਸਿੰਘ ਨੇ ਕਿਹਾ, "ਮੈਂ ਅਤੇ ਮੇਰੀ ਪਤਨੀ ਨੇ ਉਸਨੂੰ ਉਸ ਤਰ੍ਹਾਂ ਨਾ ਸੋਚਣ ਲਈ ਕਿਹਾ। ਅਸੀਂ ਉਸਨੂੰ ਉਸ ਖੇਡ ਰਾਹੀਂ ਆਪਣਾ ਭਵਿੱਖ ਬਣਾਉਣ 'ਤੇ ਧਿਆਨ ਦੇਣ ਲਈ ਉਤਸ਼ਾਹਿਤ ਕੀਤਾ ਜਿਸ ਨਾਲ ਉਹ ਪਿਆਰ ਕਰਦੀ ਸੀ।" ਪਰਿਵਾਰ ਦੀਆਂ ਆਰਥਿਕ ਮੁਸ਼ਕਲਾਂ ਦੇ ਬਾਵਜੂਦ ਪੜ੍ਹਾਈ ਦੀ ਤਰਜੀਹ ਰਹੀ। ਪ੍ਰਿਤਪਾਲ ਨੇ ਕਿਹਾ, "ਸਾਡੇ ਪਿਤਾ ਜੀ ਨੇ ਸਾਨੂੰ ਹਮੇਸ਼ਾ ਸਾਡੀ ਆਰਥਿਕ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਚੰਗੀ ਤਰ੍ਹਾਂ ਪੜ੍ਹਨ ਲਈ ਕਿਹਾ। ਭਾਵੇਂ ਪੈਸਾ ਬਹੁਤ ਘੱਟ ਸੀ, ਸਾਡੇ ਮਾਤਾ-ਪਿਤਾ ਨੇ ਸਾਨੂੰ ਭਰੋਸਾ ਦਿਵਾਇਆ ਕਿ ਉਹ ਸਾਡੀ ਪੜ੍ਹਾਈ ਅਤੇ ਸੁਪਨਿਆਂ ਨੂੰ ਸਮਰਥਨ ਦੇਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।" ਹਰਜਿੰਦਰ ਨੂੰ ਤਾਕਤ ਵਾਲੀਆਂ ਖੇਡਾਂ ਪ੍ਰਤੀ ਜਨੂੰਨ ਵਿਰਸੇ ਵਿੱਚ ਮਿਲਿਆ ਹੈ। ਆਪਣੇ ਜਵਾਨ ਦਿਨਾਂ ਵਿੱਚ ਸਾਹਿਬ ਸਿੰਘ ਖੁਦ ਪਿੰਡ ਪੱਧਰ ਦੇ ਵੇਟਲਿਫਟਿੰਗ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਸਨ। ਅੱਜ, ਹਰਜਿੰਦਰ ਇਨਕਮ ਟੈਕਸ ਵਿਭਾਗ ਵਿੱਚ ਨੌਕਰੀ ਕਰ ਰਹੀ ਹੈ, ਜਦੋਂ ਕਿ ਉਸਦਾ ਭਰਾ ਵੀ ਕਮਾਈ ਕਰ ਰਿਹਾ ਹੈ। ਕਈ ਸਾਲਾਂ ਦੇ ਸੰਘਰਸ਼ ਤੋਂ ਬਾਅਦ ਪਰਿਵਾਰ ਆਖਰਕਾਰ ਆਰਥਿਕ ਤੰਗੀ ਤੋਂ ਬਾਹਰ ਆ ਗਿਆ ਹੈ। ਭਾਵੁਕ ਹੁੰਦਿਆਂ ਸਾਹਿਬ ਸਿੰਘ ਨੇ ਕਿਹਾ "ਹੁਣ ਮੈਨੂੰ ਕੋਈ ਫ਼ਿਕਰ ਨਹੀਂ।"

# ਗੁਰਦਾਸਪੁਰ ਦੇ ਸੂਬੇਦਾਰ ਸੰਦੀਪ ਸਿੰਘ ਨੇ ਰਚਿਆ ਇਤਿਹਾਸ, ਮਾਊਂਟ ਕੁਨ ਦੀ ਚੋਟੀ ਨੂੰ ਕੀਤਾ ਫਤਿਹ




ਗੁਰਦਾਸਪੁਰ ਦੇ ਹਰਚੋਵਾਲ ਕਸਬੇ ਦੇ ਰਹਿਮ ਵਾਲੇ ਸੂਬੇਦਾਰ ਸੰਦੀਪ ਸਿੰਘ ਨੇ 7077 ਮੀਟਰ ਉੱਚੀ ਮਾਊਂਟ ਕੁਨ ਚੋਟੀ 'ਤੇ ਤਿਰੰਗਾ ਲਹਿਰਾ ਕੇ ਇਤਿਹਾਸ ਰਚ ਦਿੱਤਾ ਹੈ। ਉਹ ਭਾਰਤੀ ਫੌਜ ਦੀ ਐਡਵੈਂਚਰ ਟੀਮ ਦਾ ਮੈਂਬਰ ਹਨ।

ਸੰਦੀਪ ਸਿੰਘ ਨੇ ਆਪਣੀ ਟੀਮ ਦੇ ਨਾਲ ਮਿਲ ਕੇ ਇਸ ਚੁਣੌਤੀਪੂਰਨ ਬਰਫ਼ ਨਾਲ ਢਕੀ ਚੋਟੀ ਨੂੰ ਫਤਿਹ ਕੀਤਾ। ਇਹ ਪ੍ਰਾਪਤੀ ਉਨ੍ਹਾਂ ਦੀ ਹਿੰਮਤ, ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਨੂੰ ਦਰਸਾਉਂਦੀ ਹੈ। ਇਸ ਸਫਲਤਾ ਨੇ ਨਾ ਸਿਰਫ਼ ਭਾਰਤੀ ਫੌਜ ਦਾ ਮਾਣ ਵਧਾਇਆ ਹੈ ਬਲਕਿ ਹਰਚੋਵਾਲ ਪਿੰਡ ਦਾ ਨਾਂ ਵੀ ਦੇਸ਼ ਭਰ ਵਿੱਚ ਮਾਣ ਨਾਲ ਗੂੰਜ ਉਠਿਆ ਹੈ। ਸਮੁੰਦਰ ਤਲ ਤੋਂ 7077 ਮੀਟਰ ਦੀ ਉਚਾਈ 'ਤੇ ਸਥਿਤ ਮਾਊਂਟ ਕੁਨ 'ਤੇ ਚੜ੍ਹਾਈ ਕਰਨਾ ਬਹੁਤ ਮੁਸ਼ਕਲ ਮੰਨਿਆ ਜਾਂਦਾ ਹੈ। ਬਰਫੀਲੇ ਤੂਫਾਨਾਂ, ਘੱਟ ਆਕਸੀਜਨ ਦੇ ਪੱਧਰ, ਕੜਾਕੇ ਦੀ ਠੰਡ ਅਤੇ ਮੁਸ਼ਕਲ ਰਸਤਿਆਂ ਵਿਚਾਲੇ ਇਸ ਮੁਹਿੰਮ ਨੂੰ ਸਿਰਫ਼ ਹਿੰਮਤ, ਸਖ਼ਤ ਸਿਖਲਾਈ ਅਤੇ ਮਜ਼ਬੂਤ ਇੱਛਾ ਸ਼ਕਤੀ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ।

ਸੂਬੇਦਾਰ ਸੰਦੀਪ ਸਿੰਘ ਪਹਿਲਾਂ ਵੀ ਕਈ ਉੱਚੀਆਂ ਪਹਾੜੀ ਚੋਟੀਆਂ 'ਤੇ ਤਿਰੰਗਾ ਲਹਿਰਾ ਕੇ ਦੇਸ਼ ਦਾ ਮਾਣ ਵਧਾ ਚੁੱਕੇ ਹਨ। ਆਪਣੀ ਫੌਜੀ ਡਿਊਟੀ ਦੇ ਨਾਲ-ਨਾਲ, ਆਪਣੇ ਪਿੰਡ ਦੀ ਸਾਖ ਨੂੰ ਰਾਸ਼ਟਰੀ ਪੱਧਰ 'ਤੇ ਉੱਚਾ ਕਰਨਾ ਸ਼ਲਾਘਾਯੋਗ ਹੈ। ਸਮੁੱਚੀ ਗ੍ਰਾਮ ਪੰਚਾਇਤ, ਪਿੰਡ ਵਾਸੀ ਅਤੇ ਸਥਾਨਕ ਨਿਵਾਸੀਆਂ ਨੇ ਸੂਬੇਦਾਰ ਸੰਦੀਪ ਸਿੰਘ ਅਤੇ ਉਨ੍ਹਾਂ ਦੀ ਟੀਮ ਨੂੰ ਇਸ ਇਤਿਹਾਸਕ ਪ੍ਰਾਪਤੀ 'ਤੇ ਦਿਲੋਂ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬਹਾਦਰ, ਮਿਹਨਤੀ ਅਤੇ ਦੇਸ਼ ਭਗਤ ਨੌਜਵਾਨ ਪਿੰਡ ਦਾ ਸੱਚਾ ਮਾਣ ਹਨ, ਜਿਨ੍ਹਾਂ ਦੀ ਸਫਲਤਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣਦੀ ਹੈ।










